ਸੰਵਾਦ ਦੇ ਪਲ

(ਡਾ. ਤੇਜਵੰਤ ਸਿੰਘ ਗਿੱਲ ਨਾਲ ਮੁਲਾਕਾਤਾਂ)

ਲੇਖਕ ਦੀਆਂ ਹੋਰ ਪੁਸਤਕਾਂ

- ਮੋਰਚੇ ਤੋਂ ਬਾਹਰ (ਕਾਵਿ-ਸੰਗ੍ਰਹਿ)
- ਮੋਰਚੇ ਤੋਂ ਬਾਹਰ (ਕਾਵਿ-ਸੰਗ੍ਰਹਿ)
- ਬੂੰਦ ਬੂੰਦ ਬਰਸਾਤ (ਕਾਵਿ-ਸੰਗ੍ਰਹਿ)
- ਇਕਤਾਰੇ ਤਾਂ ਚੁੱਪ ਹੋ ਗਏ (ਕਾਵਿ-ਸੰਗ੍ਰਹਿ)
- ਪੁਲਾਂ ਦੇ ਟੁੱਟ ਜਾਣ ਮਗਰੋਂ (ਕਾਵਿ-ਸੰਗ੍ਰਹਿ)
- ਨਦੀ ਕਿਹਾ (ਕਾਵਿ-ਸੰਗ੍ਰਹਿ)
- ਦ ਮੂਨ (ਸ਼ੈਲੀ ਕੌਰ ਦੀਆਂ ਅੰਗਰੇਜ਼ੀ ਕਵਿਤਾਵਾਂ ਦਾ ਸੰਪਾਦਨ)
- ਲਿਟਲ ਮਾਈਂਡ ਬਿਗ ਬਰਡਨ (ਨਾਟਕ)

ਸੰਵਾਦ ਦੇ ਪਲ

(ਡਾ. ਤੇਜਵੰਤ ਸਿੰਘ ਗਿੱਲ ਨਾਲ ਮੁਲਾਕਾਤਾਂ)

ਰਮਨ



ਨਵੀਂ ਦੁਨੀਆ ਪਬਲੀਕੇਸ਼ਨਜ਼

Sanwad De Pal
conversation by
Raman
9/74, Shiv Mandir Road,
Mullanpur, Ludhiana
Ph. 098785-31166

ISBN 978-81-927506-5-1

ਮੁੱਲ- 100 ਰੁਪਏ, 10 ਡਾਲਰ

ਸਾਲ: 2014

ਪ੍ਰਕਾਸ਼ਕ:
ਨਵੀਂ ਦੁਨੀਆ ਪਬਲੀਕੇਸ਼ਨਜ਼
ਸੰਪਰਕ: ਜਗਤਾਰ ਸਾਲਮ
ਪਿੰਡ ਤੇ ਡਾਕ: ਦੇਧਨਾ, ਤਹਿ: ਪਾਤੜਾਂ, ਪਟਿਆਲਾ।
ਮੋਬਾਇਲ: 097804-70386

Published by
Nawi Dunia Publications
Jagtar Saalam
V.P.O. Dedhna, Teh. Patran,
Distt. Patiala-147102
Ph. 097804-70386
jagtar.saalam@rediffmail.com

ਸਮਰਪਣ

ਪੰਜਾਬੀ ਸਾਹਿਤ ਦੇ ਬਾਬਾ ਬੋਹੜ
ਪ੍ਰਿੰਸੀਪਲ ਸੰਤ ਸਿੰਘ ਸੇਖੋਂ
ਨੂੰ!

ਤਰਤੀਬ

ਪੰਜਾਬ ਦੀ ਬੌਧਿਕਤਾ ਦਾ ਸ਼ਾਹਸਵਾਰ: ਡਾ. ਤੇਜਵੰਤ ਸਿੰਘ ਗਿੱਲ

ਡਾ. ਤੇਜਵੰਤ ਸਿੰਘ ਗਿੱਲ ਦਾ ਨਾਂ ਤੀਜੀ ਪੀੜ੍ਹੀ ਦੇ ਸਿਰਕੱਢ ਪੰਜਾਬੀ ਸਾਹਿਤ ਚਿੰਤਕਾਂ ਵਿੱਚ ਲਿਆ ਜਾਂਦਾ ਹੈ। ਇਸ ਪੀੜ੍ਹੀ ਦਾ ਸਾਹਿਤ ਚਿੰਤਨ ਕਾਰਜ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਦੇ ਮੁਕਾਬਲਤਨ ਵਧੇਰੇ ਕਠਿਨ ਸੀ। ਇਕ ਤਾਂ ਹੁਣ ਤੱਕ ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿੱਚ ਜੋ ਕੁੱਝ ਹੋ ਚੁੱਕਾ ਸੀ, ਉਸਦਾ ਮੁਲੰਕਣ ਕਰਨਾ ਬਾਕੀ ਸੀ, ਦੂਜੇ ਵਿਸ਼ਵ ਸਾਹਿਤ ਚਿੰਤਨ ਦੇ ਖੇਤਰ ਵਿੱਚ ਵੱਡੀ ਉੱਥਲ-ਪੁਥਲ ਮੱਚੀ ਹੋਈ ਸੀ। ਦੂਸਰੇ ਵਿਸ਼ਵ ਯੁੱਧ ਤੋਂ ਮਗਰੋਂ ਵਿਚਾਰਧਾਰਾਵਾਂ ਦਾ ਜੋ ਵਿਸਫੋਟ ਸਾਹਮਣੇ ਆਇਆ, ਉਹ ਵੀ ਨਵੇਂ ਪੰਜਾਬੀ ਸਾਹਿਤ ਚਿੰਤਕਾਂ ਲਈ ਇਕ ਵੱਡੀ ਚੁਣੌਤੀ ਸੀ। ਇਹਨਾਂ ਸਭਨਾਂ ਚੁਣੌਤੀਆਂ ਨੂੰ ਡਾ. ਤੇਜਵੰਤ ਸਿੰਘ ਗਿੱਲ ਨੇ ਵਧੇਰੇ ਗ਼ਹਿਰਾਈ ਤੋਂ ਸਮਝਿਆ ਤੇ ਆਪਣੀ ਅਸਧਾਰਣ ਬੌਧਿਕ ਸਮਰੱਥਾ ਨਾਲ ਪੰਜਾਬੀ ਸਾਹਿਤ ਦੇ ਕਈ ਵੱਡੇ ਮਸਲਿਆਂ ਨੂੰ ਨਜਿੱਠਣ ਦਾ ਸਾਰਥਕ ਯਤਨ ਕੀਤਾ। ਆਪਣੀ ਅਲੌਕਿਕ ਪ੍ਰਤਿਭਾ ਅਤੇ ਵਿਸ਼ਾਲ ਅਧਿਐਨ ਸਦਕਾ ਉਸਨੇ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਵਿਸ਼ਵ ਮਿਆਰਾਂ ਨੂੰ ਛੂੰਹਦੀਆਂ ਸਮੀਖਿਆ ਪੁਸਤਕਾਂ ਦੀ ਸਿਰਜਣਾ ਕੀਤੀ। ਗਿਣਾਤਮਿਕ ਅਤੇ ਗੁਣਾਤਮਿਕ ਵਿਚਲਾ ਸੰਤੁਲਨ ਦੇਖਣਾ ਹੋਵੇ ਤਾਂ ਇਹ ਡਾ. ਤੇਜਵੰਤ ਸਿੰਘ ਗਿੱਲ ਦੇ ਸਮੀਖਿਆ ਕਾਰਜ ਵਿਚ ਸਹਿਜੇ ਹੀ ਨਜ਼ਰ ਆ ਜਾਵੇਗਾ।

22 ਜਨਵਰੀ, 1938 ਈ: ਨੂੰ ਲੁਧਿਆਣਾ ਲਾਗਲੇ ਪ੍ਰਸਿੱਧ ਪਿੰਡ ਗਿੱਲ ਵਿਖੇ ਕਿਰਸਾਨ ਪਰਿਵਾਰ ਵਿਚ ਜਨਮੇ, ਪ੍ਰਿੰ. ਸੰਤ ਸਿੰਘ ਸੇਖੋਂ ਦੇ ਭਾਣਜੇ ਨੂੰ ਪ੍ਰਮੁੱਖ ਮਾਰਕਸਵਾਦੀ ਸਮੀਖਿਅਕ ਵਜੋਂ ਆਪਣੀ ਪਛਾਣ ਬਣਾਉਣ ਕਰਕੇ ਪ੍ਰਿੰ. ਸੰਤ ਸਿੰਘ ਸੇਖੋਂ ਦਾ ਬੌਧਿਕ ਵਾਰਸ ਮੰਨਿਆ ਜਾਂਦਾ ਹੈ। ਉਹਨਾਂ ਅੰਗਰੇਜ਼ੀ ਵਿਚ ਐਮ. ਏ. ਪੀ. ਐੱਚ. ਡੀ. ਕੀਤੀ ਤੇ ਅਧਿਆਪਨ ਦੇ ਖੇਤਰ ਵਿਚ ਅਨੇਕਾਂ ਮੱਲਾਂ ਮਾਰਨ ਮਗਰੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਤੋਂ ਪ੍ਰੋਫ਼ੈਸਰ ਵਜੋਂ ਸੇਵਾ-ਮੁਕਤ ਹੋਏ। ਉਹ 'ਇੰਡੀਅਨ ਇਨਸਟੀਚਿਊਟ ਆਫ਼ ਐਡਵਾਂਸ ਸਟੱਡੀਜ਼ ਸ਼ਿਮਲਾ' ਦੇ ਸੀਨੀਅਰ ਫੈਲੋ ਹਨ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਫੈਲੋ ਹਨ। ਸੰਪਾਦਨ ਦੇ ਕਾਰਜ ਵਿਚ ਵੀ ਡਾ. ਗਿੱਲ ਨੇ ਅਨੋਖੀ ਤੇ ਚੋਖੀ ਕਾਰਜ ਕੁਸ਼ਲਤਾ ਦਿਖਾਈ ਹੈ। ਸੰਪਾਦਕ ਵਜੋਂ ਉਹਨਾਂ ਨੇ 'ਪੰਜਾਬ ਜਨਰਲ ਆਫ਼ ਇੰਗਲਿਸ਼ ਸਟੱਡੀ (ਗੁ. ਨਾ. ਦੇ. ਯੂਨੀ.), 'ਭਾਰਤੀ ਜਨਰਲ ਆਫ਼ ਕੰਪੈਰੇਟਿਵ ਸਟੱਡੀਜ਼' (ਗੁ. ਨਾ. ਦੇ. ਯੂਨੀ.), ਆਲੋਚਨਾ ਅਤੇ ਦੇਸ਼ ਸੇਵਕ ਪੱਤਰਾਂ ਲਈ ਕੰਮ ਕੀਤਾ। ਕਈ ਮਹੱਤਵਪੂਰਨ ਪੁਸਤਕਾਂ ਦਾ ਸੰਪਾਦਨ ਵੀ ਉਹਨਾਂ ਨੇ ਕੀਤਾ। ਪੰਜਾਬੀ ਵਿਚ

ਉਹਨਾਂ ਨੇ ਵੱਡਮੁੱਲੀਆਂ ਸੱਤ ਪੁਸਤਕਾਂ, 'ਪੰਜਾਬੀ ਸਭਿਆਚਾਰਃ ਪ੍ਰਮਾਣ ਅਤੇ ਪ੍ਰਤੀਮਾਨ', 'ਪੁਨਰ ਸੰਵਾਦ', 'ਪਾਸ਼ਃ ਜੀਵਨ ਤੇ ਰਚਨਾ', 'ਪੰਜਾਬੀ ਭਾਸ਼ਾ ਤੇ ਸਾਹਿਤ', 'ਸੁਰਜੀਤ ਪਾਤਰਃ ਜੀਵਨ ਤੇ ਰਚਨਾ', 'ਮੱਧਕਾਲੀ ਸਾਹਿਤਃ ਸਮਕਾਲੀ ਚਿੰਤਨ' ਅਤੇ 'ਅੰਮ੍ਰਿਤਾ ਸ਼ੇਰਗਿੱਲਃ ਜੀਵਨ ਤੇ ਕਲਾ' ਦੀ ਰਚਨਾ ਕੀਤੀ। ਅੰਗਰੇਜ਼ੀ ਵਿਚ ਕੁਝ ਮੌਲਿਕ ਸਮੀਖਿਆ ਪੁਸਤਕਾਂ ਲਿਖਣ ਤੋਂ ਇਲਾਵਾ ਉਹਨਾਂ ਨੇ ਅੰਗਰੇਜ਼ੀ ਵਿਚ ਉਲੱਥੇ ਦਾ ਵੱਡਾ ਕਾਰਜ ਵੀ ਕੀਤਾ। ਇਸ ਅਨੁਵਾਦ ਕਾਰਜ ਵਿਚ ਉਹਨਾਂ ਨੇ ਜਿੱਥੇ ਮੱਧਕਾਲ ਅਤੇ ਆਧੁਨਿਕ ਕਾਲ ਦੇ ਸ਼ਾਹਕਾਰ ਅੰਗਰੇਜ਼ੀ ਵਿਚ ਅਨੁਵਾਦ ਕੀਤੇ, ਉਥੇ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ-ਕੋਸ਼ ਵੀ ਅੰਗਰੇਜ਼ੀ ਵਿਚ ਅਨੁਵਾਦ ਕੀਤਾ, ਜੋ ਕਿ ਨਿਸ਼ਚੇ ਹੀ ਇੱਕ ਵੱਡੀ ਯੋਗਤਾ ਵਾਲੇ ਵਿਅਕਤੀ ਦੇ ਕਰਨ ਵਾਲਾ ਕਾਰਜ ਸੀ।

ਡਾ. ਤੇਜਵੰਤ ਸਿੰਘ ਗਿੱਲ ਨੇ ਭਾਵੇਂ ਵਧੇਰੇ ਪ੍ਰਭਾਵ ਅਤਾਲਵੀ ਮਾਰਕਸਵਾਦੀ ਬੁੱਧੀਜੀਵੀ ਅਨਤਾਨੀਓ ਗ੍ਰਾਮਸ਼ੀ ਦਾ ਕਬੂਲਿਆ, ਪਰੰਤੂ ਉਹਨਾਂ ਦੀਆਂ ਲਿਖਤਾਂ ਵਿਚ ਵਿਸ਼ਵ ਦੇ ਲਗਭਗ ਸਾਰੇ ਵੱਡੇ ਚਿੰਤਕਾਂ ਦੀ ਚਰਚਾ ਕੀਤੀ ਹੋਈ ਮਿਲਦੀ ਹੈ। ਡਾ. ਗਿੱਲ ਦੇ ਸਮੁੱਚੇ ਸਮੀਖਿਆ, ਸੰਪਾਦਨ ਅਤੇ ਅਨੁਵਾਦ ਕਾਰਜ ਤੋਂ ਜੋ ਗੱਲ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਪ੍ਰਮਾਣਿਕ ਚਿੰਤਨ ਅਤੇ ਸੰਕੀਰਣਤਾ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਡਾ. ਗਿੱਲ ਅਨੁਸਾਰ ਚਿੰਤਕ ਦਾ ਕਾਰਜ ਵਿਚਾਰਾਂ ਨੂੰ ਸੰਗਠਿਤ ਕਰਨਾ ਅਤੇ ਯੋਗ ਵਿਧੀ ਰਾਹੀਂ ਇਸਦਾ ਵਿਸ਼ੇਲੇਸ਼ਣ ਅਤੇ ਮੁਲੰਕਣ ਕਰਨਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਕੋਈ ਵੀ ਵਿਚਾਰਧਾਰਾ ਜਾਂ ਸਿਧਾਂਤ ਮੁਕੰਮਲ ਰੂਪ ਵਿਚ ਨਜ਼ਰਅੰਦਾਜ਼ ਕਰਨ ਯੋਗ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਡਾ. ਤੇਜਵੰਤ ਸਿੰਘ ਗਿੱਲ ਨੇ ਫਰਾਇਡਵਾਦ, ਹੋਂਦਵਾਦ, ਸੰਰਚਨਾਵਾਦ, ਪੜਯਥਾਰਥਵਾਦ, ਵਿਗਠਨਵਾਦ, ਉਤਰਆਧੁਨਿਕਵਾਦ ਅਤੇ ਨਾਰੀਵਾਦ ਆਦਿ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਦੀ ਆਪਣੀਆਂ ਲਿਖਤਾਂ ਵਿਚ ਨਿੱਠ ਕੇ ਚਰਚਾ ਕੀਤੀ ਹੈ। ਵਾਸਤਵ ਵਿਚ ਇਸੇ ਚਿੰਤਨ ਤੋਂ ਹੀ ਡਾ. ਤੇਜਵੰਤ ਸਿੰਘ ਗਿੱਲ ਦੀ ਨਵਮਾਰਕਸਵਾਦੀ ਦ੍ਰਿਸ਼ਟੀ ਵਿਕਸਿਤ ਹੋਈ ਹੈ। ਡਾ. ਤੇਜਵੰਤ ਸਿੰਘ ਗਿੱਲ ਨੇ ਇਕ ਪਾਸੇ ਸਿਧਾਂਤਾਂ ਦੀ ਪ੍ਰਮਾਣਿਕ ਵਿਆਖਿਆ ਦਾ ਅਤੀ ਜ਼ਰੂਰੀ ਕਰਤੱਵ ਪੰਜਾਬੀ ਸਾਹਿਤ ਸਮੀਖਿਆ ਦੇ ਖੇਤਰ ਵਿਚ ਨਿਭਾਇਆ, ਦੂਜੇ ਪਾਸੇ ਸਾਹਿਤਕ ਕਿਰਤਾਂ ਦੀ ਨਿਵੇਕਲੀ ਹੋਂਦ ਦੀਆਂ ਅਨੇਕਾਂ ਪਰਤਾਂ, ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਉਚਿਤ ਸੰਦਰਭਾਂ ਸਹਿਤ ਉਜਾਗਰ ਕਰਨ ਵਿਚ ਵੀ ਵਿਸ਼ੇਸ਼ ਭੂਮਿਕਾ ਨਿਭਾਈ।

ਡਾ. ਤੇਜਵੰਤ ਸਿੰਘ ਗਿੱਲ ਦੀ ਅੰਮ੍ਰਿਤਾ ਸ਼ੇਰਗਿੱਲ ਬਾਰੇ ਲਿਖੀ ਵੱਡ ਅਕਾਰੀ ਪੁਸਤਕ, 'ਅੰਮ੍ਰਿਤਾ ਸ਼ੇਰਗਿੱਲਃ ਜੀਵਨ ਤੇ ਕਲਾ' ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਤੀ ਹੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸਦੇ ਕਈ ਬੇਹੱਦ ਅਹਿਮ ਪੱਖ ਹਨ। ਇਸ ਪੁਸਤਕ ਵਿਚ ਜਿੱਥੇ ਭਾਰਤੀ ਕਲਾ ਦੇ ਪੁਨਰਉਥਾਨ ਦੀ ਮਹਾਨ ਨਾਇਕਾ ਅੰਮ੍ਰਿਤਾ ਸ਼ੇਰਗਿੱਲ ਦੀ ਜੀਵਨ ਗਾਥਾ ਬਿਆਨ ਕੀਤੀ ਗਈ ਹੈ,

ਉਥੇ ਗ਼ੁਲਾਮ ਭਾਰਤ ਦੇ ਸਮਾਜਿਕ-ਸੱਭਿਆਚਾਰਕ ਯਥਾਰਥ ਦੀ ਵੀ ਵਿਸਤ੍ਰਿਤ ਚਰਚਾ ਹੋਈ ਹੈ, ਕੋਮਲ ਕਲਾਵਾਂ ਬਾਰੇ ਅਜਿਹੇ ਮਿਆਰ ਦੀ ਕੋਈ ਵਿਰਲੀ ਕਿਤਾਬ ਹੀ ਪੰਜਾਬੀ ਵਿਚ ਸੁਲੱਭ ਹੈ। ਅੰਮ੍ਰਿਤਾ ਸ਼ੇਰਗਿੱਲ ਬਾਰੇ ਡਾ. ਗਿੱਲ ਦਾ ਕਹਿਣਾ ਹੈ ਕਿ ਉਸਨੇ ਅੰਮ੍ਰਿਤਾ ਸ਼ੇਰਗਿੱਲ ਦੇ ਬਾਪ ਉਮਰਾਓ ਸਿੰਘ ਗਿੱਲ ਨਾਲੋਂ ਵੀ ਵੱਧ ਅੰਮ੍ਰਿਤਾ ਸ਼ੇਰਗਿੱਲ ਨੂੰ ਸਮਝਿਆ ਹੈ। ਆਪਣੇ ਵੱਡਮੁੱਲੇ ਬੌਧਿਕ ਕਾਰਜਾਂ ਦੀ ਨਿਰੰਤਰਤਾ ਵਿਚ ਡਾ. ਤੇਜਵੰਤ ਸਿੰਘ ਗਿੱਲ ਇਨ੍ਹੀ ਦਿਨੀਂ ਬੜੇ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਹਨ। ਇਸ ਸੰਗ੍ਰਹਿ ਵਿਚ ਪੇਸ਼ ਉਨ੍ਹਾਂ ਦੀਆਂ ਮੁਲਾਕਾਤਾਂ ਤੋਂ ਉਨ੍ਹਾਂ ਦੀ ਆਲੋਚਨਾ ਦ੍ਰਿਸ਼ਟੀ ਦੇ ਨਾਲ-ਨਾਲ ਉਸ ਅਥਾਹ ਗਿਆਨ ਦੇ ਵੀ ਸਹਿਜ ਦੀਦਾਰ ਹੁੰਦੇ ਹਨ, ਜਿਸਨੂੰ ਹਾਸਲ ਕਰਨ ਲਈ ਜੀਵਨ ਭਰ ਦੀ ਸਾਹਿਤ ਨੂੰ ਸਿਧਾਂਤ ਅਧਿਐਨ ਘਾਲਣਾ ਵੀ ਥੋੜ੍ਹੀ ਹੁੰਦੀ ਹੈ। ਮੁਲਾਕਾਤਾਂ ਵਿਚ ਡਾ. ਤੇਜਵੰਤ ਸਿੰਘ ਗਿੱਲ ਨੇ ਇਸ ਵਿਧੀ ਨਾਲ ਸਾਹਿਤ/ਚਿੰਤਨ ਦੇ ਸੋਮਿਆਂ, ਧਾਰਾਵਾਂ, ਇਤਿਹਾਸਿਕ ਪ੍ਰਵਾਹ ਅਤੇ ਸਭਿਆਚਾਰਕ ਪਾਸਾਰ ਨੂੰ ਪੜਚੋਲਿਆ ਤੇ ਨਜਿੱਠਿਆ ਹੈ ਉਸਤੋਂ ਪੰਜਾਬ ਤੇ ਵਿਸ਼ਵ ਸਾਹਿਤ ਦੇ ਸੰਜੀਦਾ ਪਾਠਕਾਂ ਨੂੰ ਨਿਸ਼ਚੈ ਹੀ ਬੜੀ ਰਚਨਾਤਮਿਕ ਅਗਵਾਈ ਪ੍ਰਾਪਤ ਹੋਵੇਗੀ।

ਰਮਨ
98785-31166

ਪੰਜਾਬੀ ਸਾਹਿਤ ਦੀ ਨਵ-ਮਾਰਕਸਵਾਦੀ ਪੜ੍ਹਤ

"ਨਵ-ਮਾਰਕਸਵਾਦੀ ਹੋਣਾ ਮੇਰੇ ਲਈ ਗੌਰਵ ਵਾਲੀ ਗੱਲ ਹੈ।"

? ਤੁਹਾਡੇ ਖ਼ਿਆਲ ਅਨੁਸਾਰ ਸਾਹਿਤ ਸਿਰਜਣ ਪ੍ਰਕਿਰਿਆ ਵਿਚ ਚਿੰਤਨ ਦੀ ਭੂਮਿਕਾ ਕੀ ਹੁੰਦੀ ਹੈ?

– ਸਾਹਿਤ ਸਿਰਜਣ ਵਿਚ ਚਿੰਤਨ ਦੀ ਲੁਪਤ ਪਰ ਬੜੀ ਲਾਜ਼ਮੀ ਭੂਮਿਕਾ ਹੈ। ਸਮੂਰਤ ਔਰਤਾਂ/ਮਰਦਾਂ ਦੇ ਅਨੁਭਵ, ਸਬੰਧ, ਵਿਰੋਧ, ਦਵੰਦ, ਭਾਵ, ਮਨੋਭਾਵ ਸਾਹਿਤ ਸਿਰਜਣ ਲਈ ਵਸਤੂ ਪ੍ਰਦਾਨ ਕਰਦੇ ਹਨ। ਸਾਹਿਤਕ ਲਿਖਤ ਵਿਚ ਇਹ ਜਿਉਂ ਤੇ ਤਿਉਂ ਹੀ ਪੇਸ਼ ਨਹੀਂ ਹੁੰਦੇ। ਪਹਿਲਾਂ ਤਾਂ ਇਹ ਚਿਹਨਾਂ ਵਿਚ ਢਲਦੇ ਹਨ ਜਿਸ ਕਾਰਨ ਇਹਨਾਂ ਦੇ ਅਤੀਤਮੁਖੀ ਮਹੱਤਵ ਨਾਲ ਅਜੋਕੇ ਅਰਥ ਹੀ ਨਹੀਂ ਸਗੋਂ ਭਵਿੱਖਾਰਥੀ ਮੁੱਲ ਵੀ ਆ ਜੁੜਦੇ ਹਨ। ਫੇਰ ਇਹਨਾਂ ਨੂੰ ਕਿਸੇ ਵਿਧਾ ਵਿਚ ਢਾਲਿਆ ਜਾਂਦਾ ਹੈ ਜਿਸ ਲਈ ਵਿਧੀ ਨੂੰ ਵਰਤੋਂ ਵਿਚ ਲਿਆਉਣਾ ਪੈਂਦਾ ਹੈ। ਵਿਧੀ ਨੂੰ ਸ਼ੈਲੀਗਤ ਜੁਗਤਾਂ ਦਾ ਸਮੂਹ ਕਿਹਾ ਜਾ ਸਕਦਾ ਹੈ ਜਿਨ੍ਹਾਂ ਰਾਹੀਂ ਰੁਪਾਂਤ੍ਰਿਤ ਹੋ ਕੇ ਚਿਹਨ ਵਾਸਤਵਿਕ ਜਗਤ ਨੂੰ ਪੇਸ਼ ਕਰਦੇ ਸਮੇਂ ਇਸਨੂੰ ਸਵੀਕਾਰਦੇ, ਨਕਾਰਦੇ ਅਤੇ ਉਖਾੜਦੇ ਪ੍ਰਤੀਤ ਹੁੰਦੇ ਹਨ। ਮੰਤਵ ਇਸ ਵਾਸਤਵਿਕ ਜਗਤ ਦੀ ਥਾਂ ਵਧੇਰੇ ਭਾਵਪੂਰਤ ਕਾਲਪਨਿਕ ਜਗਤ ਦੀ ਰਚਨਾ ਹੁੰਦਾ ਹੈ। ਇਸ ਸਮੁੱਚੇ ਅਮਲ ਲਈ ਚਿੰਤਨ ਦੀ ਲੁਪਤ ਪਰ ਬੜੀ ਲਾਜ਼ਮੀ ਭੂਮਿਕਾ ਬਣ ਜਾਂਦੀ ਹੈ।

? ਕੀ ਸਾਹਿਤ ਅਤੇ ਚਿੰਤਨ ਜੀਵਨ ਵਿਚ ਅਲੱਗ-ਅਲੱਗ ਭੂਮਿਕਾਵਾਂ ਨਿਭਾਉਂਦੇ ਹਨ ਜਾਂ ਫਿਰ ਇਨ੍ਹਾਂ ਦੋਵਾਂ ਦੀ ਭੂਮਿਕਾ ਇਕੋ ਤਰ੍ਹਾਂ ਦੀ ਹੀ ਹੁੰਦੀ ਹੈ?

– ਜੀਵਨ ਵਿਚ ਸਾਹਿਤ ਤੇ ਚਿੰਤਨ ਦੀਆਂ ਅਲੱਗ-ਅਲੱਗ ਲੇਕਿਨ ਰਚਵੀਆਂ ਭੂਮਿਕਾਵਾਂ ਹਨ। ਚਿੰਤਨ ਜੀਵਨ ਦੀ ਕੁੱਲ ਜਟਿਲਤਾ ਨੂੰ ਵਿਚਾਰਾਂ ਦੇ ਰੂਪ ਵਿਚ ਗ੍ਰਹਿਣ ਕਰਨ ਦਾ ਯਤਨ ਕਰਦਾ ਹੈ। ਇਸ ਰਾਹੀਂ ਅਨੁਸ਼ਠਾਨਾਂ, ਰਸਮਾਂ ਰਿਵਾਜਾਂ, ਸੰਸਥਾਵਾਂ, ਸੱਤਾ ਦਾ ਵਾਹਣ ਬਣਦੀਆਂ ਸੰਰਚਨਾਵਾਂ ਅਤੇ ਇਹਨਾਂ ਰਾਹੀਂ ਬਣਦੀ ਬਿਣਸਦੀ ਪ੍ਰਭੁਸੱਤਾ ਦਾ ਵਿਸ਼ਲੇਸ਼ਣ ਸੰਭਵ ਹੋ ਜਾਂਦਾ ਹੈ। ਇਸ ਵਿਸ਼ਲੇਸ਼ਣ ਲਈ ਵਿਧੀ ਵਿਧਾਨ ਦੀ ਲੋੜ ਪੈਂਦੀ ਹੈ ਜਿਸਦੇ ਪ੍ਰਮਾਣ ਪ੍ਰਤੀਮਾਨ ਉਹਨਾਂ ਦੇ ਵਿਚ-ਵਿਚਾਲਿਉਂ ਹੀ ਜਨਮ ਲੈ ਕੇ ਵਿਕਾਸ ਭਾਲਦੇ ਹਨ। ਸਾਹਿਤ ਵਿਚ ਜੀਵਨ ਦਾ ਯਥਾਰਥ ਚਿਹਨਾਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਇਹਨਾਂ ਦੇ ਰੂਪਾਂਤਰਣ ਤੇ ਸਿਰਜਣ ਲਈ ਵਿਸ਼ਲੇਸ਼ਣ, ਚਿਤਵਣ ਅਤੇ ਸੰਵਾਦ ਨਾਲੋਂ ਕਿਤੇ ਜ਼ਿਆਦਾ ਸਿਮਰਿਤੀ, ਕਲਪਨਾ ਅਤੇ ਦ੍ਰਿਸ਼ਟੀ ਦੀ ਲੋੜ ਪੈਂਦੀ ਹੈ। ਭਾਵੇਂ ਇਹ ਇਕ ਦੂਜੇ ਵਿਚ ਭਾਵ ਸਿਮਰਿਤੀ ਵਿਸ਼ਲੇਸ਼ਣ, ਕਲਪਨਾ ਚਿਤਵਣ ਤੇ ਦ੍ਰਿਸ਼ਟੀ ਸੰਵਾਦ ਵਿਚ ਹਲਤ ਪਲਤ ਨਹੀਂ ਹੁੰਦੇ ਪ੍ਰੰਤੂ ਇਕ ਦੂਜੇ ਨਾਲ ਇਹਨਾਂ ਦਾ ਆਦਾਨ-ਪ੍ਰਦਾਨ ਬਰਾਬਰ

ਬਣਿਆ ਰਹਿੰਦਾ ਹੈ।

? ਵੱਡੀਆਂ ਵਿਸ਼ਵ ਵਿਆਪੀ ਤਬਦੀਲੀਆਂ ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਦੀ ਸਥਿਤੀ ਕੀ ਹੈ?

– ਪਿਛਲੇ ਦਹਾਕੇ ਦੌਰਾਨ ਅਜਿਹੀਆਂ ਵਿਸ਼ਵ-ਵਿਆਪੀ ਤਬਦੀਲੀਆਂ ਦੀ ਗਤੀ ਤੇਜ਼ ਹੋਈ ਹੈ ਜਿਨ੍ਹਾਂ ਦਾ ਜੀਵਨ 'ਤੇ ਹਾਂ-ਪੱਖੀ ਦੇ ਨਾਲ-ਨਾਲ ਬੜਾ ਨਾਂਹ-ਪੱਖੀ ਪ੍ਰਭਾਵ ਵੀ ਪੈ ਰਿਹਾ ਹੈ। ਮਿਸਾਲ ਦੇ ਤੌਰ 'ਤੇ ਸਮਾਜਵਾਦੀ ਨਿਜ਼ਾਮਾਂ ਦੇ ਢਹਿ ਢੇਰੀ ਹੋ ਜਾਣ ਨਾਲ ਜਿੱਥੇ ਇਕ ਇਕੱਲਾ ਵਿਸ਼ਵ ਪ੍ਰਬੰਧ ਹੋਂਦ ਵਿਚ ਆ ਰਿਹਾ ਹੈ। ਜਿੱਥੇ ਇਸ ਤਬਦੀਲੀ ਵਿਚ ਏਕੀਕਰਨ ਦਾ ਸੰਦੇਸ਼ ਨਿਹਿਤ ਹੈ ਉਥੇ ਖੇਤਰੀ ਪੱਧਰ 'ਤੇ ਪ੍ਰਤੀਕਿਰਿਆਵਾਦੀ ਰੁਝਾਨਾਂ ਦੇ ਉਥਾਨ ਨਾਲ ਇਹ ਵਿਸ਼ਵ ਵਿਆਪੀ ਪ੍ਰਬੰਧ ਅਜਿਹੇ ਅਨਾਚਾਰ ਦਾ ਵਾਹਣ ਬਣ ਰਿਹਾ ਹੈ ਜਿਸ ਤੋਂ ਭੈ-ਭੀਤ ਹੋ ਕੇ ਬੈਨਿਡਿੱਕ ਐਂਡਰਸਨ ਵਰਗੇ ਚਿੰਤਕ ਨੇ ਇਸ ਨੂੰ ਦੂਰ-ਪ੍ਰਬੰਧ ਦਾ ਨਾਂ ਦਿੱਤਾ ਹੈ। ਇਸਦੇ ਨਾਲ ਹੀ ਸੰਬੰਧਿਤ ਹੈ ਸੰਚਾਰ ਪਾਸਾਰ ਜੋ ਪਾਰਦਰਸ਼ੀ ਹੋਣ ਦਾ ਦਾਅਵਾ ਕਰਦਾ ਹੈ। ਇਸ ਦਾਅਵੇ ਵਿਚ ਕਿੰਨੇ ਕੁ ਵਿਗਾੜ, ਵਿਕਾਰ ਅਤੇ ਪਰਦਾਪੋਸ਼ੀ ਦੀ ਸੰਭਾਵਨਾ ਹੈ ਇਹ ਅਜੇ ਪੂਰਨ ਰੂਪ ਵਿਚ ਪ੍ਰਤੱਖ ਨਹੀਂ ਹੋਇਆ। ਨਿਰਸੰਦੇਹ ਚਿਹਨੀਕਰਨ, ਵਿਧਾ, ਵਿਧੀ ਅਤੇ ਵਿਧਾਨ ਦੇ ਪੱਖੋਂ ਇਹ ਵਿਸ਼ਵ-ਵਿਆਪੀ ਤਬਦੀਲੀਆਂ ਦਾ ਸਮੂਹ ਪੰਜਾਬੀ ਸਾਹਿਤ ਲਈ ਬੁਨਿਆਦੀ ਚੁਣੌਤੀ ਹੈ। ਖੇਦ ਦੀ ਗੱਲ ਇਹ ਹੈ ਕਿ ਪੰਜਾਬੀ ਲੇਖਕ ਇਸ ਚੁਣੌਤੀ ਨੂੰ ਸਵੀਕਾਰਨ ਤੇ ਨਕਾਰਨ ਦਾ ਦਾਅਵਾ ਹੀ ਕਰਦੇ ਹਨ।

? ਕੀ ਸਾਹਿਤ ਮਾਧਿਅਮ ਬਿਜਲਈ ਮਾਧਿਅਮ ਦੀਆਂ ਚੁਣੌਤੀਆਂ ਕਬੂਲ ਕਰਨ ਦੇ ਸਮਰੱਥ ਹੈ?

– ਸਵੀਕਾਰਨ ਅਤੇ ਨਕਾਰਨ ਤੋਂ ਅਗਾਂਹ ਇਸ ਚੁਣੌਤੀ ਨੂੰ ਵਿਧਾ, ਵਿਧੀ ਅਤੇ ਵਿਧਾਨ ਦੀਆਂ ਜੁਗਤਾਂ ਵਿਚ ਢਾਲ ਲੈਣ ਦੇ ਸਾਹਿਤ ਸਿਰਜਣ ਨਿਰਸੰਦੇਹ ਸਮਰੱਥ ਹੈ। ਕਾਰਨ ਇਸਦਾ ਇਹ ਹੈ ਕਿ ਉਹ ਸਾਰੀਆਂ ਸੰਭਾਵਨਾਵਾਂ ਜੋ ਬਿਜਲਈ ਮਾਧਿਅਮ ਵੱਖੋ-ਵੱਖਰੇ ਤੌਰ ਤੇ ਵਰਤੋਂ ਵਿਚ ਲਿਆਉਣ ਦੇ ਸਮਰੱਥ ਹਨ ਉਹ ਭਾਸ਼ਾ ਵਿਚ ਰਚਵੇਂ ਤੌਰ 'ਤੇ ਵਿਆਪਕ ਮਿਲਦੀਆਂ ਹਨ। ਜੇ ਰਾਗ ਤੇ ਚਿੱਤਰ ਚਕਾਚੂੰਧ ਕਰਨ ਵਾਲੇ ਢੰਗ ਨਾਲ ਆਵਾਜ਼ ਅਤੇ ਹਾਵ-ਭਾਵ ਨੂੰ ਵਰਤੋਂ ਵਿਚ ਲਿਆਉਂਦੇ ਹਨ ਤਾਂ ਸ਼ਬਦ ਉਨ੍ਹਾਂ ਨੂੰ ਸਹਿਜ ਰੂਪ ਆਪਣੇ ਵਿਚ ਰਚਾਈ ਬੈਠਾ ਹੈ। ਇਸੇ ਤਰ੍ਹਾਂ ਜੇ ਬਿਜਲਈ ਮਾਧਿਅਮ ਇਕ ਵੇਲੇ ਵਿਵਿਧ ਪਰਿਪੇਖ, ਕਥਾ ਵੰਚਨਾ ਤੇ ਜੀਵਨ ਦੇ ਹਲਤ-ਪਲਤ ਹੋਣ ਨੂੰ ਦਹਿਲ ਰੂਪੀ ਢੰਗ ਨਾਲ ਦਰਸਾਅ ਦਿੰਦਾ ਹੈ ਤਾਂ ਭਾਸ਼ਾ ਵੀ ਉਹਨਾਂ ਦੀ ਰਚਵੀਂ ਪੇਸ਼ਕਾਰੀ ਦੇ ਸਮਰੱਥ ਹੋ ਸਕਦੀ ਹੈ।

? ਤੁਹਾਡੀ ਆਲੋਚਨਾ ਦੇ ਮੁਕਾਬਲਤਨ ਵਧੇਰੇ ਜਟਿਲ ਸਮਝੇ ਜਾਣ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ?

– ਮੇਰਾ ਆਪਣੀ ਆਲੋਚਨਾ ਨੂੰ ਜਟਿਲ ਸਮਝੇ ਜਾਣ ਬਾਰੇ ਜਟਿਲ ਹੀ ਪ੍ਰਤੀਕਰਮ ਹੈ। ਮੇਰੇ ਖ਼ਿਆਲ ਵਿਚ ਜੇ ਅਸੀਂ ਜੀਵਨ ਨੂੰ ਅਨੇਕ ਸ਼ਕਤੀਆਂ, ਸੰਸਥਾਵਾਂ, ਦ੍ਰਿਸ਼ਟੀਕੋਣਾਂ, ਵਿਚਾਰਧਾਰਾਵਾਂ ਆਦਿ ਦਾ ਪਾਸਾਰ ਮੰਨਦੇ ਹਾਂ ਤਾਂ ਇਸਨੂੰ ਸਮਝਣ ਲਈ ਜਟਿਲ ਚਿੰਤਨ ਅਨਿਵਾਰੀ ਹੈ। ਜੇ ਨਾਲ ਹੀ ਸਾਹਿਤ ਸਿਰਜਣ ਤੇ ਚਿੰਤਨ ਨੂੰ ਅਲੱਗ-ਅਲੱਗ ਪਰ ਰਚਵੇਂ ਤਸੱਵਰ ਕਰਨਾ ਹੋਵੇ ਤਾਂ ਇਹ ਜਟਿਲਤਾ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ। ਗੱਲ ਇਸ ਪੜਾਅ 'ਤੇ ਆ ਕੇ ਕੁਰਾਹੇ ਪੈਂਦੀ ਹੈ ਜਦੋਂ ਜਟਿਲਤਾ ਇਸਦੀ ਚੁਣੌਤੀ ਨੂੰ ਕਬੂਲਣ ਦੀ ਥਾਂ ਇਸਦੀ ਪਸੰਦੀ ਨੂੰ ਹੀ ਆਪਣਾ ਇਸ਼ਟ ਮੰਨ ਲੈਂਦੀ ਹੈ।

? ਤੁਸੀਂ ਨਵ-ਮਾਰਕਸਵਾਦੀ ਆਲੋਚਕ ਵਜੋਂ ਜਾਣੇ ਜਾਂਦੇ ਹੋ। ਤੁਹਾਨੂੰ ਆਪਣੀ ਇਹ ਪਛਾਣ ਕਿਵੇਂ ਲਗਦੀ ਹੈ?

– ਨਵ-ਮਾਰਕਸਵਾਦੀ ਆਲੋਚਕ ਦੇ ਤੌਰ 'ਤੇ ਜਾਣਿਆ ਜਾਣਾ ਮੇਰੇ ਲਈ ਗੌਰਵ ਵਾਲੀ ਗੱਲ ਹੈ। ਇਸਦੇ ਤਿੰਨ ਕਾਰਨ ਹਨ। ਪਹਿਲਾ ਇਹ ਕਿ ਨਵ-ਮਾਰਕਸਵਾਦ ਸਨਾਤਨੀ ਮਾਰਕਸਵਾਦ ਨੂੰ ਇਸ਼ਟ ਵਜੋਂ ਨਹੀਂ ਸਗੋਂ ਚੁਣੌਤੀ ਵਜੋਂ ਸਵੀਕਾਰਦਾ/ਨਕਾਰਦਾ ਹੈ। ਇਸ ਤਰ੍ਹਾਂ ਮੁੱਢੋਂ-ਸੁੱਢੋਂ ਜੜ੍ਹਵਾਦ ਦਾ ਅਨੁਯਾਈ ਬਣ ਜਾਣ ਵਿਰੁੱਧ ਇਹ ਬਾ-ਖ਼ਬਰ ਹੈ। ਦੂਜੇ, ਇਹ ਆਪਣੇ ਕੁੱਲ ਸਭਿਆਚਾਰਕ ਵਿਰਸੇ ਸਮੇਤ ਸਨਾਤਨੀ ਮਾਰਕਸਵਾਦ ਅਤੇ ਹੋਰ ਚਿੰਤਨ-ਪ੍ਰਣਾਲੀਆਂ ਨਾਲ ਸੰਵਾਦ ਵਿਚ ਪੈਂਦਾ ਹੈ। ਇਸ ਤਰ੍ਹਾਂ ਜੜ੍ਹਹੀਣ ਹੋ ਜਾਣ ਵਿਰੁੱਧ ਇਸ ਨੂੰ ਖ਼ਬਰ ਹੁੰਦੀ ਰਹਿੰਦੀ ਹੈ। ਤੀਜੇ, ਇਸ ਨੂੰ ਆਪਣੇ ਵਿਕਲਪਾਂ ਦੀ ਸਥਿਰਤਾ ਅਗੰਮੀ ਪ੍ਰਤੀਤ ਨਹੀਂ ਹੁੰਦੀ। ਇਸ ਵਿਚ ਅਸਥਿਰਤਾ ਨੂੰ ਸਵੀਕਾਰਨਾ ਨਵ-ਮਾਰਕਸਵਾਦ ਲਈ ਕੋਈ ਮਨਾਹੀ ਵਾਲੀ ਗੱਲ ਨਹੀਂ।

? ਨਵ-ਮਾਰਕਸਵਾਦ ਸਨਾਤਨੀ ਮਾਰਕਸਵਾਦ ਅੱਗੇ ਕਿਹੜੀਆਂ ਚੁਣੌਤੀਆਂ ਪੇਸ਼ ਕਰਦਾ ਹੈ?

– ਨਵ ਮਾਰਕਸਵਾਦ ਦੀਆਂ ਸਨਾਤਨੀ ਮਾਰਕਸਵਾਦ ਅੱਗੇ ਵਿਭਿੰਨ ਪ੍ਰਕਾਰ ਦੀਆਂ ਚੁਣੌਤੀਆਂ ਹਨ। ਪਹਿਲੀ ਤਾਂ ਇਹ ਹੈ ਕਿ ਇਹ ਉਸਨੂੰ ਇਕ-ਬਚਨੀ ਹੋਣ ਦੀ ਥਾਂ ਬਹੁ-ਬਚਨੀ ਹੋਣ ਦੀ ਚੁਣੌਤੀ ਪੇਸ਼ ਕਰਦਾ ਹੈ। ਇਹ ਗੱਲ ਬੜੀ ਵਾਜਿਬ ਪ੍ਰਤੀਤ ਹੁੰਦੀ ਹੈ ਕਿਉਂ ਜੋ ਇਸ ਦਾਅਵੇ ਉਪਰੰਤ ਕਿ ਮਾਰਕਸਵਾਦ ਅੰਗਰੇਜ਼ੀ ਆਰਥਿਕਤਾ, ਫਰਾਂਸੀਸੀ ਰਾਜਸੀ ਚੇਤਨਾ ਤੇ ਜਰਮਨ ਚਿੰਤਨ ਪ੍ਰਣਾਲੀ ਦੇ ਪ੍ਰਸਪਰ ਸੰਵਾਦ ਵਿਚੋਂ ਪੈਦਾ ਹੋਇਆ, ਇਸਦਾ ਸਮਾਜਵਾਦੀ ਨਿਜ਼ਾਮਾਂ ਵਿਚ ਸੱਤਾ ਪ੍ਰਾਪਤ ਕਰਨ ਵਾਲੇ ਨੇਤਾਵਾਂ, ਉਨ੍ਹਾਂ ਦੇ ਬੌਧਿਕ ਸਹਿਯੋਗੀਆਂ ਆਦਿ ਦਾ ਬਾਕੀ ਚਿੰਤਨ-ਪ੍ਰਣਾਲੀਆਂ ਨਾਲੋਂ ਸਬੰਧ ਖ਼ਤਮ ਹੋ ਗਿਆ ਸੀ। ਇਸੇ ਕਾਰਨ ਜੋ ਮਾਰਕਸਵਾਦ ਵਿਚ ਕਿਰਤੀ ਵਰਗ ਨੂੰ ਕ੍ਰਾਂਤੀ ਦਾ ਵਾਹਣ ਮੰਨਿਆ ਗਿਆ ਤਾਂ ਲੈਨਿਨਵਾਦ ਵਿਚ ਇਹ ਸਿਹਰਾ ਪਾਰਟੀ ਨੂੰ ਮਿਲ ਗਿਆ। ਉਸ ਵਕਤ ਜਰਮਨੀ ਦੀ ਰੋਜ਼ਾ ਲਕਸਮਬਰਗ ਨੇ, ਜੋ ਅਪਵਾਦ ਵਜੋਂ ਕਿਹਾ, ਉਸਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ। ਸਤਾਲਿਨ

ਵਿਚ ਤਾਂ ਸਭ ਕੁਝ ਇਕ ਵਿਅਕਤੀ ਵਿਸ਼ੇਸ਼ ਹੀ ਬਣ ਕੇ ਰਹਿ ਗਿਆ। ਦੂਜੀ ਚੁਣੌਤੀ ਹੈ ਵਿਸ਼ਵ ਵਿਆਪੀ ਬਣਨ ਦੀ ਕਿਉਂ ਜੋ ਸਨਾਤਨੀ ਮਾਰਕਸਵਾਦ ਦੀਆਂ ਬੁਨਿਆਦੀ ਧਾਰਨਾਵਾਂ ਪੱਛਮੀ ਜਗਤ ਨੂੰ ਧਰਾਤਲ ਵਜੋਂ ਲੈਂਦੀਆਂ ਰਹੀਆਂ ਹਨ। ਪੂਰਬੀ ਜਗਤ ਕੀ ਹੈ, ਪੁਰਾਤਨ ਪ੍ਰਕਾਰ ਦਾ ਤਾਨਾਸ਼ਾਹੀ ਪ੍ਰਬੰਧ ਜਾਂ ਪ੍ਰਕਿਰਤੀ ਦੀ ਗੋਦ ਵਿਚ ਵਿਚਰਦਾ ਜੀਵਨ ਇਸ ਬਾਰੇ ਤਾਂ ਮਾਰਕਸ ਨੂੰ ਆਪ ਵੀ ਪੂਰੀ ਚੇਤਨਾ ਨਹੀਂ ਸੀ। ਤੀਜੀ ਚੁਣੌਤੀ ਹੈ ਇਸਦੀ ਨਰਵਾਦੀ ਦ੍ਰਿਸ਼ਟੀ ਅੱਗੇ ਨਾਰੀਵਾਦੀ ਦ੍ਰਿਸ਼ਟੀ ਦਾ ਵਿਸਥਾਰ ਜਿਸ ਬਿਨਾਂ ਵਿਸ਼ਵ-ਵਿਆਪੀ ਕ੍ਰਾਂਤੀ ਨੇ ਅੱਧੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚੋਂ ਬਾਹਰ ਰੱਖ ਛੱਡਣਾ ਸੀ।

? ਪੰਜਾਬੀ ਸਾਹਿਤ ਦਾ ਇਕ ਦੌਰ ਸਿੱਧੇ ਅਤੇ ਨਿਸਚਿਤ ਰੂਪ ਵਿਚ ਸਨਾਤਨੀ ਮਾਰਕਸਵਾਦ ਤੋਂ ਪ੍ਰਭਾਵਿਤ ਰਿਹਾ ਹੈ। ਕੀ ਨਵ-ਮਾਰਕਸਵਾਦ ਤੋਂ ਵੀ ਪੰਜਾਬੀ ਸਾਹਿਤ ਪ੍ਰਭਾਵਿਤ ਹੋਇਆ ਹੈ?

– ਪੰਜਾਬੀ ਦਾ ਪ੍ਰਗਤੀਵਾਦੀ ਸਾਹਿਤ ਜਿਸਦਾ ਸੰਤ ਸਿੰਘ ਸੇਖੋਂ ਤੇ ਮੋਹਨ ਸਿੰਘ ਧੁਰਾ ਸਨ ਮਾਰਕਸਵਾਦ ਤੋਂ ਪ੍ਰਭਾਵਿਤ ਸੀ। ਇਹ ਲੇਖਕ ਫਰਾਇਡਵਾਦ ਵਰਗੀ ਚਿੰਤਨ-ਪ੍ਰਣਾਲੀ ਦੇ ਪ੍ਰਭਾਵ ਤੋਂ ਵੀ ਮੁਨਕਰ ਨਹੀਂ ਸਨ। ਇਸ ਲਈ ਮਾਰਕਸਵਾਦ ਦਾ ਪ੍ਰਭਾਵ ਘੱਟ ਹੀ ਉਹਨਾਂ ਵਿਚ ਜੜ੍ਹਵਾਦ ਦਾ ਰੂਪ ਗ੍ਰਹਿਣ ਕਰ ਸਕਿਆ। ਆਪਣੇ ਮਿਥਿਹਾਸਕ ਤੇ ਇਤਿਹਾਸਕ ਨਾਟਕਾਂ ਵਿਚ ਸੇਖੋਂ ਸਾਹਿਬ ਤੇ 'ਬੂਹੇ' ਵਿਚਲੀਆਂ ਕਵਿਤਾਵਾਂ ਵਿਚ ਮੋਹਨ ਸਿੰਘ ਅਚੇਤ ਰੂਪ ਵਿਚ ਨਵ-ਮਾਰਕਸਵਾਦੀ ਪ੍ਰਭਾਵ ਅਧੀਨ ਆਉਂਦੇ ਪ੍ਰਤੀਤ ਹੁੰਦੇ ਹਨ। ਸ. ਸ. ਮੀਸ਼ਾ ਅਤੇ ਸੁਰਜੀਤ ਪਾਤਰ ਰਾਜਸੀ ਵਿਚਾਰਧਾਰਾ ਵਿਚ ਗ਼ੈਰ-ਮਾਰਕਸਵਾਦੀ ਹੁੰਦੇ ਹੋਏ ਵੀ, ਰਚਨਾ ਪ੍ਰਕਿਰਿਆ ਦੇ ਖੇਤਰ ਵਿਚ ਇਸ ਪ੍ਰਭਾਵ ਤੋਂ ਵੰਚਿਤ ਨਹੀਂ ਜਾਪਦੇ। ਪਾਸ਼ ਨੇ ਸੁਚੇਤ ਰੂਪ ਵਿਚ ਇਹ ਪ੍ਰਭਾਵ ਗ੍ਰਹਿਣ ਕੀਤਾ ਜਿਸਦੇ ਪ੍ਰਮਾਣ ਉਸਦੀਆਂ ਚਿੱਠੀਆਂ ਤੋਂ ਸਹਿਜੇ ਹੀ ਮਿਲ ਜਾਂਦੇ ਹਨ। ਇਸ ਨਾਲ ਉਸ ਦੀ ਰਚਨਾ ਪ੍ਰਕਿਰਿਆ 'ਤੇ ਵੀ ਤੁਲਾਨਤਮਿਕ ਭਰਪੂਰਤਾ ਆ ਵਾਰਿਦ ਹੋਈ। ਤਾਹੀਉਂ ਤਾਂ ਉਸਦੀਆਂ 'ਕੰਡੇ ਦਾ ਜ਼ਖ਼ਮ', 'ਸਭ ਤੋਂ ਖ਼ਤਰਨਾਕ', 'ਤੂੰ', 'ਤੈਥੋਂ ਬਿਨਾਂ' ਆਦਿ ਕਵਿਤਾਵਾਂ ਪਾਬਲੋ ਨੈਰੂਦਾ ਤੇ ਬਰੈਖ਼ਤ ਦੇ ਸਰੋਕਾਰਾਂ ਦੀ ਪੰਜਾਬੀ ਵਿਚ ਪੁਨਰ ਸਿਰਜਣਾ ਕਰਦੀਆਂ ਜਾਪਦੀਆਂ ਹਨ। ਪ੍ਰਬਲਤਾ ਸਹਿਤ ਵਿਕਸਿਤ ਹੋ ਰਹੇ ਨਾਰੀ-ਕਾਵਿ 'ਤੇ ਵੀ ਮੈਨੂੰ ਇਸ ਪ੍ਰਭਾਵ ਦੀ ਕੁਝ ਨਾ ਕੁਝ ਪ੍ਰਛਾਈਂ ਨਜ਼ਰ ਆਉਂਦੀ ਹੈ। ਨਵੀਨ ਗ਼ਜ਼ਲਗੋਈ ਦੇ ਖੇਤਰ ਵਿਚ ਜਗਤਾਰ, ਪਾਤਰ, ਕੁਹਾਰਵਾਲਾ ਤੇ ਰਮਨ ਮੈਨੂੰ ਇਹ ਪ੍ਰਭਾਵ ਰਚਾਉਂਦੇ ਪ੍ਰਤੀਤ ਹੁੰਦੇ ਹਨ।

? ਮਾਰਕਸਵਾਦ ਦੀਆਂ ਰਾਜਸੀ ਖੇਤਰ ਦੀਆਂ ਵਿਫਲਤਾਵਾਂ ਕੀ ਸਾਹਿਤ ਅਤੇ ਕਲਾ ਉੱਪਰ ਵੀ ਅਸਰ-ਅੰਦਾਜ਼ ਹੋਣਗੀਆਂ?

– ਇਹਨਾਂ ਵਿਫਲਤਾਵਾਂ ਨੇ ਤਾਂ ਪਹਿਲਾਂ ਹੀ ਆਪਣਾ ਪ੍ਰਭਾਵ ਛੱਡਣਾ ਆਰੰਭ ਕਰ ਦਿੱਤਾ ਹੈ। ਮਿਸਾਲ ਦੇ ਤੌਰ 'ਤੇ ਦੇਹੀ-ਕਾਵਿ ਅਤੇ ਉੱਤਰ-ਆਧੁਨਿਕ ਕਾਵਿ ਦੀ ਰਚਨਾ ਜ਼ੋਰ ਪਕੜ ਰਹੀ ਹੈ ਜਿਨ੍ਹਾਂ ਵਿਚ ਵਿਸ਼ਵ-ਵਿਆਪੀ ਪੱਧਰ 'ਤੇ ਆ ਰਹੀ ਤਬਦੀਲੀ ਦੇ ਨਾਂਹ-ਪੱਖੀ ਰੁਝਾਨ ਪ੍ਰਤੀ ਫ਼ਿਕਰ ਨਾਲੋਂ ਇਸਦੇ ਹਾਂ-ਪੱਖੀ ਰੁਝਾਨ ਦਾ ਜ਼ਿਕਰ ਵਧੇਰੇ ਹੈ। ਸਵਰਨਜੀਤ ਸਵੀ ਦੀ 'ਦੇਹੀ ਨਾਦ' ਅਤੇ ਜਸਵੰਤ ਦੀਦ ਦੀ 'ਅਚਨਚੇਤ' ਆਦਿ ਨੂੰ ਮੈਂ ਇਸ ਪ੍ਰਕਾਰ ਦੀਆਂ ਕ੍ਰਿਤਾਂ ਮੰਨਦਾ ਹਾਂ। ਤਸੱਲੀ ਵਾਲੀ ਗੱਲ ਇਹ ਹੈ ਕਿ 'ਆਵਾਜ਼ ਆਏਗੀ ਅਜੇ' ਵਿਚ ਘੱਟੋ ਘੱਟ ਦੀਦ ਤਾਂ ਇਸ ਚਮਤਕਾਰੀ ਰੁਝਾਨ ਤੋਂ ਪਾਸੇ ਹੋਣ ਦਾ ਪ੍ਰਮਾਣ ਦੇ ਰਿਹਾ ਹੈ। ਪ੍ਰੇਮ ਪ੍ਰਕਾਸ਼ ਦੀ ਕਹਾਣੀ-ਕਲਾ ਨੂੰ ਵੀ ਮੈਂ ਇਸੇ ਸੰਦਰਭ ਵਿਚ ਰੱਖਦਾ ਹਾਂ। ਇਸੇ ਕਾਰਨ 'ਬੰਦੇ ਅੰਦਰ ਬੰਦਾ' ਵਿਚ ਅੰਕਿਤ ਤੁਅੱਸਬੀ ਚਿੰਤਨ ਦੇ ਬਾਵਜੂਦ ਉਹ ਤੇਜੱਸਵੀ ਕਹਾਣੀਆਂ ਲਿਖਣ ਦੇ ਸਮਰੱਥ ਹੋ ਸਕਿਆ ਹੈ।

? ਨਵ-ਮਾਰਕਸਵਾਦ ਦੇ ਖੇਤਰ ਵਿਚ ਸਭ ਤੋਂ ਸਿਰਕੱਢ ਚਿੰਤਕ ਤੁਸੀਂ ਕਿਨ੍ਹਾਂ ਨੂੰ ਮੰਨਦੇ ਹੋ?

– ਵੈਸੇ ਤਾਂ ਨਵ-ਮਾਰਕਸਵਾਦ ਇਕ ਚਿੰਤਨ-ਪ੍ਰਣਾਲੀ ਹੈ ਜਿਸਦੇ ਵਹਾਓ ਨੂੰ ਕੁਝ ਚਿੰਤਕਾਂ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ, ਫੇਰ ਵੀ ਜੇ ਉਹਨਾਂ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਆਰੰਭ ਅਨਤਾਨੀਓ ਲੈਬਰੀਓਲਾ ਤੋਂ ਕਰਨਾ ਯੋਗ ਹੈ। ਐਂਗਲਜ਼ ਦੇ ਜਿਉਂਦੇ ਜੀਅ ਹੀ ਉਸਨੇ ਇਸ ਚਿੰਤਨ ਪ੍ਰਣਾਲੀ ਦੇ ਪ੍ਰਤੀਮਾਨ ਨਿਸਚਿਤ ਕਰ ਦਿੱਤੇ ਸਨ। ਦੂਜਾ ਹੈ ਅਨਤਾਨੀਓ ਗ੍ਰਾਮਸ਼ੀ ਜਿਸਦੀ ਜੇਲ੍ਹ ਡਾਇਰੀ ਵਿਚ ਇਸਦਾ ਸਭ ਤੋਂ ਜਟਿਲ ਵਿਵੇਚਨ ਪ੍ਰਾਪਤ ਹੈ। ਜਿਥੇ ਲੈਬਰੀਓਲਾ ਨੇ ਇਤਿਹਾਸਕ ਪ੍ਰਕਿਰਿਆ ਨੂੰ ਪਦਾਰਥਕ ਦ੍ਰਿਸ਼ਟੀ ਤੋਂ ਸਮਝਿਆ ਉਥੇ ਗ੍ਰਾਮਸ਼ੀ ਨੇ ਸਭਿਆਚਾਰ ਦੀਆਂ ਕੁੱਲ ਵਿਚੋਲਗੀਆਂ ਲੋਕਧਾਰਾ, ਧਰਮ, ਲੋਕ ਬੋਧ, ਸੁਬੋਧ, ਵਿਚਾਰਧਾਰਾ ਤੇ ਭਾਸ਼ਾ ਨੂੰ ਚਿੰਤਨ ਅਧੀਨ ਲਿਆਂਦਾ। ਵਾਲਟਰ ਬੈਂਜਾਮਿਨ ਨੇ ਧਰਮ, ਸਾਹਿਤ, ਤਕਨਾਲੋਜੀ ਤੇ ਫ਼ਿਲਮ ਨੂੰ ਅਲੌਕਿਕ ਚਿੰਤਨ-ਚਿੰਤਾ ਦਾ ਵਿਸ਼ਾ ਬਣਾਇਆ ਅਤੇ ਬਾਖਤਿਨ ਨੇ ਭਾਸ਼ਾ ਦੇ ਖੇਤਰ ਵਿਚ ਇਸ ਚਿੰਤਨ-ਪ੍ਰਣਾਲੀ ਦਾ ਵਿਸਥਾਰ ਕੀਤਾ। ਇਸੇ ਖੇਤਰ ਵਿਚ ਬੈਨਵੇਨਿਸਤ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਨੌਬਤ ਇਹ ਆ ਗਈ ਹੈ ਕਿ ਸਮਾਜਵਾਦੀ ਨਿਜ਼ਾਮਾਂ ਦੇ ਵਿਫਲ ਹੋ ਜਾਣ ਉਪਰੰਤ/ਬਾਵਜੂਦ ਨਵ-ਮਾਰਕਸਵਾਦ ਦਾ ਇਤਿਹਾਸਕਾਰੀ, ਸਭਿਆਚਾਰ ਤੇ ਸਾਹਿਤ ਸਿਧਾਂਤ, ਭਾਸ਼ਾ ਵਿਗਿਆਨ, ਮਾਨਸ ਵਿਗਿਆਨ ਤੇ ਸਮਾਜ ਸ਼ਾਸਤਰ 'ਤੇ ਪ੍ਰਭਾਵ ਵਧੇਰੇ ਜਟਿਲ ਹੋਇਆ ਹੈ। ਇਸ ਵਲੋਂ ਵਿਸ਼ਵ-ਵਿਆਪੀ ਪ੍ਰਬੰਧ ਦੇ ਦੁਰ-ਪ੍ਰਬੰਧ ਬਣ ਜਾਣ ਨੂੰ ਚਿੰਤਨ ਹੀ ਨਹੀਂ ਸਗੋਂ ਚਿੰਤਾ ਨਾਲ ਲਿਆ ਜਾ ਰਿਹਾ ਹੈ। ਇਹ ਆਪਣੇ ਆਪ ਵਿਚ ਆਸਵੰਦ ਗੱਲ ਹੈ।

000

ਮੱਧਕਾਲੀ ਸਾਹਿਤ ਦਾ ਸਮਕਾਲੀ ਪਾਠ

"ਮੱਧਕਾਲੀ ਕਾਵਿ ਵਿਚ ਜੇ ਸੰਸਾਰਕ ਭੂਪਵਾਦ ਨੂੰ ਨਕਾਰਿਆ ਗਿਆ ਹੈ ਤਾਂ ਰੂਹਾਨੀ ਭੂਪਵਾਦ ਨੂੰ ਰੱਜ ਕੇ ਵਡਿਆਇਆ ਵੀ ਗਿਆ ਹੈ।"

? ਤੁਹਾਡਾ ਮੱਧਕਾਲੀ ਪਾਠ ਪੂਰਵਲੇ ਮੱਧਕਾਲੀ ਪਾਠਾਂ ਤੋਂ ਕਿਵੇਂ ਨਵਾਂ ਅਤੇ ਵੱਖਰਾ ਹੈ?

– ਪੂਰਵਲੇ ਮੱਧਕਾਲੀ ਪਾਠਾਂ ਨੂੰ ਮੈਂ ਆਪਣੇ ਲਈ ਬਹੁਤ ਜ਼ਰੂਰੀ ਮੰਨਦਾ ਹਾਂ। ਇਹਨਾਂ ਵਿਚ ਖ਼ਾਸ ਥਾਂ ਸੰਤ ਸਿੰਘ ਸੇਖੋਂ, ਡਾ. ਅਤਰ ਸਿੰਘ, ਡਾ. ਹਰਿਭਜਨ ਸਿੰਘ, ਨਜ਼ਮ ਹੁਸੈਨ ਸਯਦ ਵਲੋਂ ਕੀਤੇ ਪਾਠਾਂ ਦੀ ਹੈ। ਇਤਿਹਾਸ ਦੇ ਪਰਿਪੇਖ ਤੋਂ ਡਾ. ਜੇ. ਐਸ. ਗਰੇਵਾਲ ਅਤੇ ਡਾ. ਸੁਰਜੀਤ ਹਾਂਸ ਵਲੋਂ ਪ੍ਰਸਤੁੱਤ ਪਾਠਾਂ ਨੂੰ ਵੀ ਨਾਲ ਜੋੜਦਾ ਹਾਂ। ਇਹਨਾਂ ਅਤੇ ਮੇਰੇ ਪਾਠਾਂ ਵਿਚ ਖ਼ਾਸ ਅੰਤਰ ਵੀ ਹੈ। ਮੱਧਕਾਲੀ ਪੰਜਾਬੀ ਸਾਹਿਤ ਦੀ ਵਭਿੰਨ ਧਾਰਾਵਾਂ ਨੂੰ ਇਹ ਪ੍ਰਸਪਰ ਅਲਹਿਦਗੀ ਵਿਚ ਰੱਖ ਕੇ ਪਰਖਦੇ/ਪੜਚੋਲਦੇ ਹਨ। ਸੇਖੋਂ ਸਾਹਿਬ ਨੇ ਤੁਲਨਾ ਨੂੰ ਆਧਾਰ ਬਣਾਇਆ। ਪਰ ਉਹਨਾਂ ਵੀ ਅਲਹਿਦਗੀ ਨੂੰ ਬਣਾਈ ਰੱਖਿਆ ਹੈ। ਮੈਂ ਸੰਵਾਦੀ ਵਿਧੀ ਨੂੰ ਬਿਹਤਰ ਸਮਝਦਾ ਹਾਂ। ਤੁਲਨਾਤਮਿਕ ਵਿਧੀ ਵਿਭਿੰਨ ਧਾਰਾਵਾਂ ਨੂੰ ਪੂਰਨ ਮੰਨ ਕੇ ਉਹਨਾਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਧਿਆਨਗੋਚਰ ਲਿਆਉਂਦੀ ਹੈ। ਸੰਵਾਦੀ ਵਿਧੀ ਉਹਨਾਂ ਨੂੰ ਅਪੂਰਣ ਜਾਣ ਵਿਚੋਲਗੀਆਂ ਨੂੰ ਪੜਚੋਲਦੀ ਹੈ। ਇਸ ਨੁਕਤੇ ਤੋਂ ਵਾਚਿਆਂ ਗੁਰਬਾਣੀ ਅਤੇ ਵਾਰ-ਕਾਵਿ ਦਾ ਇੱਕ ਅਤੇ ਕਿੱਸਾ-ਕਾਵਿ ਅਤੇ ਸੂਫ਼ੀ ਸ਼ਾਇਰੀ ਦਾ ਦੂਜਾ ਜੁੱਟ ਹੋ ਜਾਂਦਾ ਹੈ। ਜੁੱਟਾਂ ਦੇ ਪੱਧਰ 'ਤੇ ਉਹ ਕਿੰਨੇ ਵੀ ਵੱਖਰੇ ਹੋਣ ਪਰ ਉਹਨਾਂ ਦੇ ਅੰਗਾਂ ਵਿਚਕਾਰ ਲੋਹੜੇ ਦੀ ਸਮਾਨਤਾ ਹੈ। ਵਿਵਿਧ ਹੋਣ ਦੇ ਬਾਵਜੂਦ ਇਹਨਾਂ ਨੂੰ ਰਚਣ ਵਾਲੀ ਪ੍ਰਕਿਰਿਆ ਦੁਫਾੜ ਹੋਣ ਦੀ ਭਾਗੀ ਬਣਕੇ ਰਹਿ ਜਾਂਦੀ ਹੈ। ਪੰਜਾਬੀ ਭਾਸ਼ਾ ਵੀ ਇਸ ਦੇ ਪ੍ਰਭਾਵ ਤੋਂ ਮੁਕਤ ਨਹੀਂ। ਸਭਿਆਚਾਰ, ਇਤਿਹਾਸ, ਸਿਮਰਿਤੀ ਅਤੇ ਬੋਧ ਸਭ ਥਾਈਂ ਇਹ ਦੁਫਾੜ ਆਪਣੀ ਪਰਛਾਈਂ ਛੱਡੇ ਹੋਏ ਹੈ।

? ਤੁਹਾਡਾ ਮੱਧਕਾਲੀ ਪਾਠ ਮੱਧਕਾਲੀ ਚਿੰਤਨ ਦੀਆਂ ਕਿਹੜੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ?

– ਚਿੰਤਨ ਦੀਆਂ ਜਿਹੜੀਆਂ ਸੰਭਾਵਨਾਵਾਂ ਮੇਰੇ ਮੱਧਕਾਲੀ ਪਾਠ ਤੋਂ ਪੈਦਾ ਹੁੰਦੀਆਂ ਹਨ ਉਹਨਾਂ ਦਾ ਬੀਜ-ਰੂਪ ਚਿੰਤਨ ਬਨਾਮ ਸੱਤਾ ਹੈ। ਮੈਨੂੰ ਜਾਪਦਾ ਹੈ ਕਿ ਗੁਰਬਾਣੀ ਅਤੇ ਵਾਰ-ਕਾਵਿ ਨੇ ਦੇਸੋਂ ਬਿਦੇਸੋਂ ਜੀਵਨ 'ਤੇ ਭਾਰੂ ਹੋਈ ਸੱਤਾ ਨੂੰ ਬਹੁਤ ਹੀ ਨਿੱਗਰ ਰੂਪ ਵਿਚ ਨਕਾਰ ਦਿੱਤਾ। ਨਾਨਕ-ਬਾਣੀ ਵਿਚ ਪ੍ਰਗੀਤ ਅਤੇ ਸੰਵਾਦ ਰਾਹੀਂ ਜਿਸ ਮੌਲਿਕਤਾ ਨਾਲ ਇਹ ਪ੍ਰਯਾਸ ਨੇਪਰੇ ਚੜ੍ਹਿਆ, ਉਹ ਬੇਮਿਸਾਲ ਹੈ। ਇਹ ਅਲੰਕਾਰਕ ਭਾਂਤ ਦੀ ਮੌਲਿਕਤਾ ਹੀ ਨਹੀਂ ਜੋ ਇਕਦਮ ਭਿੰਨ੍ਹ ਹੋਵੇ ਸਗੋਂ ਨਿਰੁਕਤ ਭਾਂਤ ਦੀ

ਵੀ ਹੈ ਜੋ ਸੱਤਾ ਅਤੇ ਇਸਦੀ ਉਪਜ, ਸਾਸ਼ਨ, ਸੋਸ਼ਣ ਅਤੇ ਸਜ਼ਾ ਦੇ ਅਮਲਾਂ ਨੂੰ ਉਹਨਾਂ ਦੇ ਮੂਲਾਂ ਭਾਵ ਉਹਨਾਂ ਦੀਆਂ ਜੜ੍ਹਾਂ ਤੋਂ ਉਖਾੜਦੀ ਜਾਪਦੀ ਹੈ। ਇਸਦੇ ਤੁਲ ਦੀ ਪਰਾਪਤੀ ਉਸ ਯੁੱਗ ਦੇ ਕਿਸੇ ਪੱਛਮੀ ਸਾਹਿਤ ਵਿਚ ਵੀ ਦੇਖਣ ਨੂੰ ਨਹੀਂ ਮਿਲਦੀ।

ਧਰਮ ਦਾ ਸ੍ਰੋਤ ਮੰਨ ਕੇ, ਇਸ ਨੂੰ ਧੁਰ ਕੀ ਬਾਣੀ ਆਖ ਕੇ, ਅਸੀਂ ਜਾਣੋ ਆਪਣਾ ਰਿਣ ਚੁਕਾ ਦਿੱਤਾ ਹੈ। ਪ੍ਰੰਤੂ ਇਸ ਨਾਲ ਇਹ ਸੁਧਾ ਅਨਿਆਂ ਹੈ। ਸਹੀ ਕਦਮ ਤਾਂ ਬਾਣੀ ਦੀ ਥਾਂ ਕਾਵਿ ਜਾਣ ਇਸਦਾ ਯੋਗ ਮੁੱਲ ਪਾਉਣ ਦਾ ਹੈ ਜੋ ਵੀਹਵੀਂ ਸਦੀ ਵਿਚ ਹੀ ਆ ਕੇ ਆਰੰਭ ਹੋ ਸਕਿਆ। ਇਸ ਪ੍ਰਸੰਗ ਵਿਚ ਸੰਤ ਸਿੰਘ ਸੇਖੋਂ ਦੇ ਦੋ ਵਿਸਤ੍ਰਿਤ ਲੇਖ ਹਨਃ 'ਗੁਰੂ ਨਾਨਕ ਦੇਵ ਦੀ ਪੰਜਾਬੀ ਸਾਹਿਤ ਨੂੰ ਦੇਣ' ਅਤੇ 'ਗੁਰੂ ਨਾਨਕ ਦੇਵ ਦੀ ਭਾਸ਼ਾ'। ਇਹ ਉਸਦੀ ਕਿਸੇ ਪੁਸਤਕ ਵਿਚ ਸ਼ਾਮਿਲ ਨਹੀਂ। ਛਪਣ ਹਿੱਤ ਪੁਸਤਕ 'ਗੁਰਮਤ ਅਤੇ ਗੁਰਬਾਣੀ' ਵਿਚ ਮੈਂ ਪਹਿਲੀ ਵਾਰ ਸ਼ਾਮਿਲ ਕਰ ਰਿਹਾ ਹਾਂ। ਬਹੁਤ ਕੁਝ ਹੈ ਜੋ ਹੋਣਾ ਲਾਜ਼ਮੀ ਹੈ ਅਤੇ ਅਣਹੋਇਆ ਪਿਆ ਹੈ।

ਹੋਣ ਵਾਲੇ ਇਸ ਕੰਮ ਦੀ ਦਿਸ਼ਾ ਕੀ ਹੋਵੇ ਇਸ ਦਾ ਅਹਿਸਾਸ ਚਾਰ ਕੁ ਸਾਲ ਪਹਿਲਾਂ ਦਿਹਾਂਤ ਪਾ ਚੁਕੇ ਵਿਸ਼ਵ-ਪ੍ਰਸਿੱਧ ਸਮਾਜ-ਵਿਗਿਆਨੀ ਪੀਅਰਿ ਬੋਰਦੀਊ ਦੀ ਪੁਸਤਕ (Pasealian Meditations) ਤੋਂ ਹੋ ਸਕਦਾ ਹੈ। ਪੈਸਕਲ ਸੋਲ੍ਹਵੀਂ ਸਦੀ ਦਾ ਬਹੁਤ ਹੀ ਮੌਲਿਕ ਚਿੰਤਕ ਹੋ ਗੁਜ਼ਰਿਆ ਹੈ, ਆਪਣੀ ਪੁਸਤਕ ਵਿਚ ਬੋਰਦੀਊ ਨੇ ਉਸਦੀ ਚਿੰਤਨ-ਵਿਧੀ ਦੇ ਇਤਿਹਾਸਕ ਮਹੱਤਵ ਅਤੇ ਸਮਕਾਲੀ ਮੁੱਲ ਨੂੰ ਪ੍ਰਸਤੁਤ ਕੀਤਾ ਹੈ। ਮੱਧਕਾਲੀ ਪਾਠ, ਨਾਨਕ-ਬਾਣੀ ਦਾ ਖ਼ਾਸ ਕਰਕੇ, ਇਸਦੀ ਚਿੰਤਨ-ਵਿਧੀ ਸਮੇਤ ਇਸ ਤਰ੍ਹਾਂ ਦਾ ਅਧਿਐਨ ਲੋੜੀਂਦਾ ਹੈ। ਇਹ ਦੱਸਣ ਵਿਚ ਮੈਨੂੰ ਕੋਈ ਸੰਕੋਚ ਨਹੀਂ ਕਿ ਆਪਣਾ ਸੱਭ ਤੋਂ ਤੱਤਕਾਲੀ ਲੇਖ 'ਵਿਰਚਨਾ ਬਨਾਮ ਵਿਰੇਚਨਃ ਨਾਨਕ-ਬਾਣੀ ਦੇ ਪ੍ਰਸੰਗ ਵਿਚ' ਮੈਂ ਇਸੇ ਅਭਿਲਾਸ਼ਾ ਅਧੀਨ ਲਿਖਿਆ ਹੈ। ਨਾਲ ਹੀ ਇਹ ਤੌਖ਼ਲਾ ਵੀ ਪ੍ਰਗਟ ਕਰ ਦੇਣਾ ਅਯੋਗ ਨਹੀਂ ਹੋਵੇਗਾ ਕਿ ਇਹ ਯਤਨ ਰੋੜ ਧਰਤੀ 'ਤੇ ਸਿਆੜ ਕੱਢਣ ਜਾਂ ਸਾਗਰ ਦੀ ਤਹਿ 'ਤੇ ਲਕੀਰ ਪਾਉਣ ਦੇ ਤੁਲ ਵੀ ਸਿੱਧ ਹੋ ਸਕਦਾ ਹੈ।

? ਮੱਧਕਾਲੀ ਪਾਠ ਦੀ ਅਜੋਕੇ ਸਾਹਿਤਕ ਪਰਿਪੇਖ ਵਿਚ ਕੀ ਮਹੱਤਤਾ ਹੈ?

– ਸਾਸ਼ਨ, ਸੋਸ਼ਣ ਅਤੇ ਸਜ਼ਾ ਰਾਹੀਂ ਹਾਵੀ ਹੋਈ ਸੱਤਾ ਦੇ ਵਿਰੋਧ ਵਿਚ ਚਿੰਤਨ ਨੂੰ ਉਭਾਰ ਕੇ, ਮਾਨਵੀ ਕਦਰਾਂ-ਕੀਮਤਾਂ ਨੂੰ ਇਸ ਉਭਾਰ ਨਾਲ ਜੋੜ ਕੇ ਮੱਧਕਾਲੀ ਕਾਵਿ ਨੇ ਜਿਵੇਂ ਗੌਰਵ ਅਤੇ ਨਿਆਂ ਦਾ ਪੱਖ ਪੂਰਿਆ ਉਸ ਤੋਂ ਅਜੋਕੀ ਸਾਹਿਤ-ਰਚਨਾ ਨੂੰ ਸਿੱਖਣ ਲਈ ਬਹੁਤ ਕੁੱਝ ਹੈ। ਰਸਾਤਲ ਵਰਗੀ ਵਿਵਸਥਾ ਸੀ ਇਹ ਜਿਸ ਤੋਂ ਬਾਹਰ ਆਉਣ ਦਾ ਉਹਨਾਂ ਮਾਰਗ-ਦਰਸ਼ਨ ਪੇਸ਼ ਕੀਤਾ। ਅਜੋਕੇ ਦੌਰ ਵਿਚ ਇਹ ਰਸਾਤਲ ਹੋਰ ਵੀ ਤਿਲ੍ਹਕਵੀਂ

ਅਤੇ ਚਿਊਕਣੀ ਹੋ ਨਿਬੜੀ ਹੈ। ਸੱਤਾ ਕਿਸੇ ਪੁਰਸ਼, ਸੰਸਥਾ, ਸੋਚ ਅਤੇ ਸਰੰਚਨਾ ਤੱਕ ਸੀਮਤ ਨਹੀਂ ਰਹੀ। ਕੁੱਲ ਵਰਤਾਰੇ ਵਿਚ ਫੈਲ ਕੇ ਇਹ ਬਹੁਤ ਪੇਚੀਦਾ ਰੂਪ ਧਾਰ ਗਈ ਹੈ। ਸਾਸ਼ਨ ਨੂੰ ਹੀ ਨਹੀਂ ਸਗੋਂ ਸੋਸ਼ਣ ਅਤੇ ਸਜ਼ਾ ਨੂੰ ਵੀ ਕਲਿਆਣਕਾਰੀ ਦਰਸਾਉਣਾ ਇਸ ਦੇ ਵਸ ਤੋਂ ਬਾਹਰ ਨਹੀਂ ਰਿਹਾ। ਅਮਾਨਵੀ ਸੰਸਥਾਵਾਂ ਅਤੇ ਸੰਰਚਨਾਵਾਂ "ਸਹਿਕ ਸਕੰਦੜੇ" ਜੀਵਨ-ਅਨੁਭਵ 'ਤੇ ਭਾਰੂ ਹੋ ਗਈਆਂ ਹਨ। ਕਲਪਨਾ, ਸਿਮਰਿਤੀ ਅਤੇ ਦ੍ਰਿਸ਼ਟੀ ਖੰਡਿਤ ਹੋ ਕੇ ਰਹਿ ਗਈਆਂ ਹਨ।

ਇਸ ਸੱਭ ਕੁੱਝ ਦੀ ਬਹਾਲੀ ਕਿਵੇਂ ਹੋਵੇ, ਇਸਦੀ ਸੂਝ ਮੱਧਕਾਲੀ ਕਾਵਿ ਤੋਂ ਸਹਿਜੇ ਹੀ ਮਿਲ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਯੋਗ ਰੂਪ ਵਿਚ ਇਸ ਸੂਝ ਨੂੰ ਗ੍ਰਹਿਣ ਕਰਨਾ ਕੋਈ ਸੌਖੀ ਗੱਲ ਨਹੀਂ। ਜੇ ਪੀੜ੍ਹਤ, ਦੁਖੀ ਅਤੇ ਦਰਦਮੰਦ ਲੋਕਾਈ ਨਾਲ ਪੂਰਾ ਲਗਾਵ ਹੈ ਜੋ ਲੋਕ-ਭਾਵੀ ਕਦਰਾਂ-ਕੀਮਤਾਂ ਦੇ ਹੱਕ ਵਿਚ ਭੁਗਤਦਾ ਹੈ ਤਾਂ ਅਕਾਲ ਪੁਰਖ ਦੇ ਹੁਕਮਿ ਨੂੰ ਅਲਾਹੀ ਕਿਹਾ ਗਿਆ ਹੈ ਜੋ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਹੈ। ਖਸਮ, ਸੌਦਾਗਰ, ਮਾਲਕ ਕੀ ਨਹੀਂ ਉਹ, ਜਿਸ ਤੋਂ ਉਸਦੀ ਨਿਰਪੇਖ ਪ੍ਰਮੁੱਖਤਾ ਦਾ ਅਹਿਸਾਸ ਨਾ ਹੋਵੇ। ਭਾਵੇਂ ਇਹਨਾਂ ਸੰਸਾਰਕ ਪ੍ਰਤੀਰੂਪਾਂ ਦੀ ਤੁਲਨਾ ਵਿਚ ਉਸਦੀ ਉੱਤਮਤਾ ਅਥਾਹ ਹੈ ਪਰ ਹੈ ਤਾਂ ਉਹ ਸਰਬ ਸ਼ਕਤੀਮਾਨ, ਸਰਬ ਗਿਆਤਾ ਅਤੇ ਸਰਬ ਵਿਆਪਕ ਜਿਸ ਅੱਗੇ ਮਾਨਵ ਦੀ ਕੁੱਝ ਨਹੀਂ ਵੱਟੀਂਦੀ। ਕਹਿਣ ਤੋਂ ਭਾਵ ਇਹ ਹੈ ਕਿ ਮੱਧਕਾਲੀ ਕਾਵਿ ਵਿਚ ਜੇ ਸੰਸਾਰਕ ਭੂਪਵਾਦ ਨੂੰ ਨਕਾਰਿਆ ਗਿਆ ਹੈ ਤਾਂ ਰੂਹਾਨੀ ਭੂਪਵਾਦ ਨੂੰ ਰੱਜ ਕੇ ਵਡਿਆਇਆ ਵੀ ਗਿਆ ਹੈ। ਇਸ ਘੁੰਡੀ ਨੂੰ ਲੋਕਭਾਵੀ ਅਹਿਸਾਸ ਦੇ ਹੱਕ ਵਿਚ ਕਿਵੇਂ ਭੁਗਤਾਇਆ ਜਾਵੇ? ਕੀ ਇਸ ਤਰ੍ਹਾਂ ਕਰਨਾ ਪ੍ਰਮਾਣਿਕ ਹੋਵੇਗਾ? ਕਿਸ ਪ੍ਰਕਾਰ ਦੇ ਪਾਠ ਅਧੀਨ ਇਸ ਕਾਵਿ ਨੂੰ ਲਿਆਂਦਾ ਜਾਵੇ ਤਾਂ ਜੋ ਯੋਗ ਫਲ ਮਿਲ ਸਕੇ? ਇਹ ਕੁੱਝ ਸਵਾਲ ਹਨ ਜਿਨ੍ਹਾਂ ਨੂੰ ਇਸ ਮੁਹਾਜ਼ 'ਤੇ ਹੱਲ ਕਰਨਾ ਜ਼ਰੂਰੀ ਹੈ। ਇਸ ਤਰ੍ਹਾਂ ਕਰਨਾ ਸੰਭਵ ਹੀ ਨਹੀਂ, ਸੰਭਾਵੀ ਵੀ ਬਣ ਜਾਂਦਾ ਹੈ ਜੇ ਇਹ ਗੱਲ ਯਾਦ ਰੱਖੀ ਜਾਵੇ ਕਿ ਅਕਾਲ ਪੁਰਖ ਨਾਲ ਮੇਲ ਪਰਾਪਤ ਕਰਨ ਲਈ ਪ੍ਰੇਮ ਅਤੇ ਭਗਤੀ ਦੇ ਨਾਲ ਗਿਆਨ ਤੇ ਵਿਸ਼ੇਸ਼ ਜ਼ੋਰ ਹੈ। ਸੰਸਾਰਕ ਅਨਿਆਂ ਨੂੰ ਸਹਿਣਾ ਵੀ ਇਸ ਮੇਲ ਦੇ ਰਾਹ ਵਿਚ ਰੁਕਾਵਟ ਸਮਝਿਆ ਗਿਆ ਹੈ। ਇਸ ਵਿਰੁੱਧ ਆਵਾਜ਼ ਬੁਲੰਦ ਕਰਨ ਨੂੰ ਰੂਹਾਨੀ ਕਰਤੱਵ ਤੋਂ ਘੱਟ ਨਹੀਂ ਮੰਨਿਆ ਗਿਆ। ਸੰਤ ਸਿੰਘ ਸੇਖੋਂ ਦਾ ਇਹ ਦਾਅਵਾ ਕਿ ਗੁਰੂ ਨਾਨਕ ਦੇਵ ਲਈ ਅਕਾਲ ਪੁਰਖ ਹਮਦਰਦੀ ਨਾਲ ਭਰਪੂਰ ਆਪਣਾ ਹਿਰਦਾ ਹੀ ਹੈ ਪੂਰਨ ਸੱਚ ਭਾਵੇਂ ਨਾ ਹੋਵੇ, ਕੱਚ ਬਿਲਕੁਲ ਨਹੀਂ। ਮੱਧਕਾਲੀ ਕਾਵਿ ਦੇ ਨਿਰਵੇਚਨੀ ਅਧਿਐਨ ਲਈ ਇਹ ਦਾਅਵਾ ਚਾਨਣ ਮੁਨਾਰੇ ਤੋਂ ਘੱਟ ਨਹੀਂ।

? ਸੰਤ ਸਿੰਘ ਸੇਖੋਂ ਨੂੰ ਸੂਫ਼ੀਵਾਦ ਵਿਚ ਭਾਂਜਵਾਦ ਨਜ਼ਰ ਆਇਆ ਸੀ,

ਤੁਸੀਂ ਇਸਨੂੰ ਕਿਵੇਂ ਲੈਂਦੇ ਹੋ?

– ਜੇ 'ਸ਼ਿਰੋਮਿਣੀ ਪੰਜਾਬੀ ਕਵੀ' ਨਾਮੀਂ ਪੁਸਤਕ ਵਿਚਲੇ ਸੰਤ ਸਿੰਘ ਸੇਖੋਂ ਦੇ ਫ਼ਰੀਦ ਬਾਰੇ ਵਿਸਤ੍ਰਿਤ ਲੇਖਾਂ ਨੂੰ ਪਰਖਿਆ ਜਾਵੇ ਤਾਂ ਕਿਤੋਂ ਇਹ ਪ੍ਰਭਾਵ ਨਹੀਂ ਪੈਂਦਾ ਕਿ ਉਹਨਾਂ ਵਿਚ ਭਾਂਜਵਾਦ ਦਾ ਕੋਈ ਸੰਦੇਸ਼ ਹੈ। ਸੇਖੋਂ ਸਾਹਿਬ ਨੂੰ ਇਉਂ ਪ੍ਰਤੀਤ ਹੋਇਆ ਹੋਵੇ ਇਸਦਾ ਵੀ ਕੋਈ ਪ੍ਰਮਾਣ ਨਹੀਂ ਮਿਲਦਾ। ਉਹ ਤਾਂ ਸਬਰ, ਸਬੂਰੀ, ਨੇਕੀ, ਹਲੀਮੀ, ਸੰਤੋਖ ਅਤੇ ਸ਼ਾਂਤੀ ਦੀ ਜ਼ਿੰਦਗੀ ਬਿਤਾਉਣ ਲਈ ਲੋਕਾਂ ਨੂੰ ਕਾਇਲ ਕਰਨ ਲਈ ਤੱਤਪਰ ਸੀ। ਇਹ ਸੰਬੋਧਨ ਦੁਖਿਆਰੀ ਲੋਕਾਈ ਲਈ ਤਾਂ ਹੈ ਹੀ ਸੀ ਜੋ ਸੱਤਾ, ਸਾਸ਼ਨ, ਸੋਸ਼ਣ ਅਤੇ ਸਜ਼ਾ ਰਾਹੀਂ ਢਾਹੇ ਜਾ ਰਹੇ ਜ਼ੁਲਮਾਂ ਸਿਤਮਾਂ ਹੇਠ ਆਤੁਰ ਹੋਈ ਪਈ ਸੀ। ਪਰ ਉਹ ਧਾਵਾ ਕਾਰ ਅਤੇ ਜਰਵਾਣੇ ਵੀ ਇਸ ਤੋਂ ਅਲਹਿਦਾ ਨਹੀਂ ਸਨ, ਜੋ ਸੱਤਾ, ਸਾਸ਼ਨ, ਸੋਸ਼ਣ ਅਤੇ ਸਜ਼ਾ ਨੂੰ ਕਾਰਗਰ ਹਥਿਆਰ ਸਮਝਦੇ ਹਨ। ਭਾਵੇਂ ਇਹ ਕਹਿਣਾ ਦੂਰ ਦੀ ਗੱਲ ਹੋਵੇ ਪਰ ਸ਼ੇਖ਼ ਫ਼ਰੀਦ ਦਾ ਇਹ ਸੰਦੇਸ਼ ਮਹਾਤਮਾ ਗਾਂਧੀ ਦੇ ਅਹਿੰਸਾ ਨਾਲ ਪ੍ਰਣਾਏ ਉਪਦੇਸ਼ ਵਰਗਾ ਹੀ ਸੀ। ਜਿਵੇਂ 'ਬਾਬਾ ਬੋਹੜ' ਵਿਚ ਦੇਸ ਦਾ ਨਮੋਸ਼ੀ ਤੋਂ ਉੱਠਣਾ ਸੇਖੋਂ ਸਾਹਿਬ ਨੂੰ ਗਾਂਧੀ ਦੇ ਕਾਰਜਸ਼ੀਲ ਹੋਣ ਵਿਚ ਪ੍ਰਤੱਖ ਲੱਗਾ ਉਸੇ ਤਰ੍ਹਾਂ ਦੋਨਾਂ ਪੰਜਾਬਾਂ ਦੇ ਸਹਿਭਾਵੀ ਹੋ ਨਿਬੜਣ ਦੀ ਆਸ ਉਸ ਨੂੰ ਸ਼ੇਖ ਫ਼ਰੀਦ ਦੇ ਸਾਂਝਾ ਪਿਤਰ ਮੰਨੇ ਜਾਣ ਵਿਚ ਸੰਭਵ ਲੱਗਦਾ ਸੀ।

ਸੇਖੋਂ ਸਾਹਿਬ ਦੇ ਦੋ ਲੇਖ ਹੋਰ ਹਨ, ਇਕ ਪੰਜਾਹ ਪੰਨਿਆਂ ਤੋਂ ਵੱਧ ਤੇ ਫੈਲਿਆ 'ਪੰਜਾਬੀ ਸਭਿਆਚਾਰ ਦਾ ਪਿਛੋਕੜ' ਅਤੇ ਦੂਜਾ 'ਸੂਫ਼ੀਵਾਦ ਬਾਰੇ' ਜੋ ਅਜੇ ਤੱਕ ਪੁਸਤਕ ਰੂਪ ਵਿਚ ਨਹੀਂ ਆਏ। 'ਕਿੱਸਾ-ਕਾਵਿ ਅਤੇ ਸੂਫ਼ੀ ਸ਼ਾਇਰੀ' ਨਾਮ ਦੀ ਅਗਾਮੀ ਪੁਸਤਕ ਵਿਚ ਮੈਂ ਉਹਨਾਂ ਨੂੰ ਸ਼ਾਮਿਲ ਕਰ ਰਿਹਾ ਹਾਂ। ਇਹਨਾਂ ਲੇਖਾਂ ਵਿਚ ਉਸਦਾ ਦਾਅਵਾ ਹੈ ਕਿ ਸੂਫ਼ੀ ਸ਼ਾਇਰਾਂ ਨੇ ਜੀਵਨ ਦੇ ਦੁੱਖਾਂ-ਸੁੱਖਾਂ, ਚਿੰਤਾਵਾਂ, ਵੰਗਾਰਾਂ ਨੂੰ ਉਸ ਗੰਭੀਰਤਾ ਨਾਲ ਨਹੀਂ ਲਿਆ ਜਿਸ ਨਾਲ ਗੁਰਬਾਣੀ ਨੇ ਉਹਨਾਂ ਨੂੰ ਨਜਿੱਠਿਆ ਹੈ। ਅੱਗੇ ਸ਼ੇਖ ਫ਼ਰੀਦ ਦੇ ਸਲੋਕਾਂ ਅਤੇ ਸ਼ਾਹ ਹੁਸੈਨ, ਬੁੱਲੇ ਸ਼ਾਹ ਦੀਆਂ ਕਾਫ਼ੀਆਂ ਵਿਚ ਵਿਸ਼ੇਸ਼ ਅੰਤਰ ਹੈ। ਸ਼ੇਖ ਫ਼ਰੀਦ ਨੇ ਆਪਣੇ ਜ਼ਿੰਮੇ ਵਡੇਰਾ ਕਾਰਜ ਲੈ ਰੱਖਿਆ ਸੀ। ਉਹ ਸੀ ਇਸਲਾਮ ਅਤੇ ਕੁਰਾਨ ਦੀ ਸਿਖਿਆ ਤੋਂ ਲਾਂਭੇ ਰਹਿ ਕੇ ਆਪਣਾ ਸੰਦੇਸ਼ ਪ੍ਰਸਤੁਤ ਕਰਨਾ ਜੋ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦੀ ਨਾਬਰੀ ਤੋਂ ਕਿਤੇ ਵਧੇਰੇ ਗਹਿਰ-ਗੰਭੀਰ ਪ੍ਰਯਾਸ ਸੀ। ਉਸਦੀ ਨਜ਼ਰ ਵਿਚ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਇਸਲਾਮੀ ਪਰਿਵਰਤਨ ਦੇ ਮੁੱਦਈ ਨਹੀਂ ਸਨ ਜਿਵੇਂ ਡਾ. ਹਰਿਭਜਨ ਸਿੰਘ ਨੂੰ ਜਾਪਿਆ। ਨਾਂਹ ਉਹ ਨਾਬਰੀ ਦੇ ਪੁੰਜ ਹੀ ਸਨ ਜਿਵੇਂ ਨਜ਼ਮ ਹੁਸੈਨ ਨਿਰਸੰਕੋਚ ਮੰਨ ਲੈਂਦਾ ਹੈ। ਸ਼ੇਖ ਫ਼ਰੀਦ ਦੀ ਤੁਲਨਾ ਵਿਚ ਉਹ ਗ਼ੈਰ-ਸੰਜੀਦਾ ਸ਼ਾਇਰ ਸਨ। ਇਹ ਵੱਖਰੀ ਗੱਲ ਹੈ ਕਿ ਉਹਨਾਂ ਦੀਆਂ ਕਾਫ਼ੀਆਂ ਦੀ ਲੋਕਪ੍ਰਿਅਤਾ ਨੇ ਗੁਰਬਾਣੀ ਨੂੰ ਲੋਕਾਂ ਦੇ

ਹਿਰਦਿਆਂ ਤੋਂ ਦੂਰ ਨਹੀਂ ਜਾਣ ਦਿੱਤਾ। ਵਿਖਮ ਸ਼ੈਲੀ ਕਰਕੇ ਗੁਰਬਾਣੀ ਦਾ ਇਸ ਤਰ੍ਹਾਂ ਓਪਰੇ ਹੋ ਜਾਣਾ ਮੁਮਕਿਨ ਸੀ ਪਰ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀਆਂ ਸੁਖਾਲੀ ਸ਼ੈਲੀ ਵਿਚ ਕਲਮਬੰਦ ਕਾਫ਼ੀਆਂ ਨੇ ਇਸ ਤਰ੍ਹਾਂ ਹੋਣ ਨਹੀਂ ਦਿੱਤਾ। ਇਸ ਕੁੱਲ ਚਰਚਾ ਵਿਚੋਂ ਜ਼ਿੰਦਗੀ ਦੇ ਦੂਰ-ਵਰਤੀ ਸਰੋਕਾਰਾਂ ਤੋਂ ਅਲਹਿਦਗੀ ਬਣਾਏ ਰੱਖਣ ਦੀ ਸੁਰ ਭਾਵੇਂ ਉੱਠਦੀ ਹੋਵੇ ਪਰ ਇਸਨੂੰ ਭਾਂਜਵਾਦ ਨਹੀਂ ਕਿਹਾ ਜਾ ਸਕਦਾ।

? ਕੀ ਮੱਧਕਾਲੀ ਸਾਹਿਤ ਦਾ ਅਧਿਆਤਮਿਕ ਪੱਖ ਇਸਦੇ ਸਮਾਜਕ ਅਤੇ ਭੌਤਿਕ ਸਾਰ ਉੱਪਰ ਬਹੁਤ ਜ਼ਿਆਦਾ ਹਾਵੀ ਨਹੀਂ ਹੋਇਆ ਰਹਿੰਦਾ? ਇਸ ਸਥਿਤੀ ਵਿਚ ਮੱਧਕਾਲੀ ਸਾਹਿਤ ਦੀ ਸਮਾਜਕ ਪ੍ਰਸੰਗਕਤਾ ਨੂੰ ਕਿਸ ਤਰ੍ਹਾਂ ਨਿਸ਼ਚਿਤ ਕੀਤਾ ਜਾਵੇ?

– ਜਿੱਥੋਂ ਤੱਕ ਗੁਰਬਾਣੀ ਅਤੇ ਸੂਫ਼ੀ ਸ਼ਾਇਰੀ ਦੀ ਗੱਲ ਹੈ ਅਧਿਆਤਮਕ ਪੱਖ ਦੇ ਸਮਾਜਕ ਅਤੇ ਭੌਤਿਕ ਸਾਰ ਉੱਪਰ ਭਾਰੂ ਹੋਣ ਦਾ ਪ੍ਰਭਾਵ ਪਰਤੱਖ ਹੈ। ਵਾਰ-ਕਾਵਿ ਅਤੇ ਕਿੱਸਾ-ਕਾਵਿ ਵਿਚ ਬਹੁਤ ਕਰਕੇ ਇਸਦਾ ਅਭਾਵ ਹੈ ਭਾਵੇਂ ਮੰਗਲਾਚਰਨ ਅਤੇ ਤਮਸੀਲ ਦਾ ਕਰਤੱਵ ਅਧਿਆਤਮ ਪੱਖ ਨੂੰ ਉਜਾਗਰ ਕਰਨ ਲਈ ਹੀ ਮੰਨਿਆ ਜਾਂਦਾ ਹੈ। ਪਰ ਗੁਰਬਾਣੀ ਅਤੇ ਸੂਫ਼ੀ-ਸ਼ਾਇਰੀ ਦੇ ਪ੍ਰਸੰਗ ਵਿਚ ਕਈ ਗੱਲਾਂ ਹਨ ਜਿਹੜੀਆਂ ਵਿਚਾਰ ਅਧੀਨ ਲਿਆਉਣੀਆਂ ਜ਼ਰੂਰੀ ਹਨ। ਪਹਿਲੀ ਤਾਂ ਇਹ ਕਿ ਇਹਨਾਂ ਵਿਚ ਅਧਿਆਤਮਿਕ ਪੱਖ ਦਾ ਭਾਰੂ ਹੋਣਾ ਗਿਣਤੀ ਨਾਲ ਸਬੰਧ ਰੱਖਦਾ ਹੈ, ਗੁਣ ਨਾਲ ਨਹੀਂ ਜਿਵੇਂ ਕਿ ਪਰੰਪਰਾਗਤ ਬਿਰਤੀ ਵਾਲੇ ਗਿਆਨੀਆਂ ਅਤੇ ਵਿਦਵਾਨਾਂ ਦਾ ਆਮ ਮੰਨਣਾ ਹੈ। ਜੋ ਗੁਣਾਤਮਿਕ ਪ੍ਰਚੰਡਤਾ ਉਹਨਾਂ ਪੰਨਿਆਂ ਤੋਂ ਗ੍ਰਹਿਣ ਹੁੰਦੀ ਹੈ, ਜਿਨ੍ਹਾਂ ਵਿਚ ਕੁਰਾਹੇ ਪਈ ਸੰਸਾਰਕਤਾ ਦੀ ਆਲੋਚਨਾ ਦਰਜ ਹੈ ਉਸਦੇ ਸਾਹਮਣੇ ਇਹ ਗਿਣਾਤਮਕ ਵਿਸਥਾਰ ਕਿਤੇ ਨਹੀਂ ਠਹਿਰਦਾ। ਫੇਰ ਉਸ ਵਿਚ ਦੁਹਰਾਉ ਵੀ ਬਹੁਤ ਹੁੰਦਾ ਹੈ ਜਿਸ ਕਰਕੇ ਇਹ ਉਸ ਇਕਾਗਰਤਾ ਤੋਂ ਵਿਹੂਣਾ ਰਹਿ ਜਾਂਦਾ ਹੈ ਜੋ 'ਆਸਾ ਦੀ ਵਾਰ' ਅਤੇ 'ਸਿਧ ਗੋਸਟਿ' ਆਦਿ ਰਚਨਾਵਾਂ ਤੋਂ ਅਨੁਭਵ ਕੀਤੀ ਜਾ ਸਕਦੀ ਹੈ। ਗਿਣਤੀਆਤਮਕ ਵਿਸਥਾਰ ਦੌਰਾਨ ਜਦ ਇਸ ਤਰ੍ਹਾਂ ਦੀ ਸ਼ੰਕਾ ਦਾ ਇਜ਼ਹਾਰ ਹੁੰਦਾ ਹੈ ਜਿਵੇਂ:

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ।।

ਜਾਂ

ਥਾਪਿਆ ਨ ਜਾਇ
ਕੀਤਾ ਨ ਹੋਇ

ਤਾਂ ਜਗਿਆਸਾ ਦਾ ਅਹਿਸਾਸ ਅਨਿਵਾਰੀ ਹੋ ਜਾਂਦਾ ਹੈ ਜੋ ਅਧਿਆਤਮਕ ਵਿਸਥਾਰ ਵਿਚਲੇ ਪਰੰਪਰਾਗਤ ਗਿਆਨ ਨੂੰ ਢਾਅ ਲਾਉਣੋਂ ਰੁਕ ਨਹੀਂ

ਸਕਦਾ। ਸਿੱਧ ਹੈ ਕਿ ਮੱਧਕਾਲੀ ਪਾਠ ਦੀ ਸਮਾਜਕ ਅਤੇ ਭੌਤਿਕ ਪ੍ਰਸੰਗਕਤਾ ਨਿਰਧਾਰਿਤ ਕਰਨ ਲਈ ਇਸਦੀ ਬਦਲਵੀਂ ਪੜ੍ਹਤ ਲੋੜੀਂਦੀ ਹੈ। ਜਿਵੇਂ ਕੀਰਤਨ ਦੌਰਾਨ ਲਗਾਤਾਰਤਾ ਬਣੀ ਰਹਿੰਦੀ ਹੈ, ਪੜ੍ਹਤ ਸੁਣਨ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ, ਪਾਠ ਵਿਚਲੀਆਂ ਤ੍ਰੇੜਾਂ, ਪਨਪ ਰਹੀਆਂ ਵਚਿੱਤਰ ਕਨਸੋਆਂ ਵਲ ਧਿਆਨ ਨਹੀਂ ਮੁੜਦਾ, ਉਸ ਪ੍ਰਕਾਰ ਇਸਦਾ ਨਿਰਧਾਰਣ ਸੰਭਵ ਨਹੀਂ ਹੋ ਸਕਦਾ। ਪਰ ਜੇ ਇਸਦਾ ਨਿਰਵੇਚਨੀ ਅਧਿਐਨ ਕੀਤਾ ਜਾਵੇ, ਇਤਿਹਾਸਕ ਪ੍ਰਸੰਗ ਨੂੰ ਮੁੱਖ-ਭੂਮੀ ਵਿਚ ਰੱਖਿਆ ਜਾਵੇ, ਅਤੀਤ ਨੂੰ ਜਿਵੇਂ ਬੇਪਰਦਾ ਕਰਦਾ ਹੈ, ਇਸ ਪਾਠ ਨੂੰ ਨਾਲ ਜੋੜਿਆ ਜਾਵੇ ਅਤੇ ਭਵਿੱਖ ਨੂੰ ਜਾਨਣ ਦਾ ਜੋ ਇਕਰਾਰ ਬਣਦਾ ਹੈ ਤਸਵੱਰ ਵਿਚ ਆ ਸਮਾਵੇ ਤਾਂ ਇਸਦੀ ਸਮਾਜਕ ਅਤੇ ਭੌਤਿਕ ਪ੍ਰਸੰਗਕਤਾ ਬੜੇ ਬਲਵਾਨ ਰੂਪ ਵਿਚ ਗ੍ਰਹਿਣ ਹੋ ਜਾਂਦੀ ਹੈ।

? ਕਿਹੜੀ ਮੱਧਕਾਲੀ ਸਾਹਿਤਧਾਰਾ ਨਿਸਬਤਨ ਵਧੇਰੇ ਮਹੱਤਵਪੂਰਨ ਹੈ ਅਤੇ ਕਿਉਂ?

– ਜਿੱਥੋਂ ਤੱਕ ਮੱਧਕਾਲੀ ਪਾਠ ਦੀ ਗਹਿਰਾਈ, ਇਕਾਗਰਤਾ ਅਤੇ ਮਾਨਵੀ ਗੌਰਵ ਨੂੰ ਸਮਰਥਾਵਾਨ ਜਾਨਣ ਦਾ ਮਸਲਾ ਹੈ ਉਸ ਵਿਚ ਗੁਰਬਾਣੀ ਸਭ ਤੋਂ ਉੱਤਮ ਹੈ। ਭਾਸ਼ਿਕ, ਸ਼ੈਲੀਗਤ ਅਤੇ ਵਿਧਾ-ਮੂਲਕ ਉੱਤਮਤਾ ਵੀ ਸਿਖਰ ਨੂੰ ਵਧੇਰੇ ਕਰਕੇ ਗੁਰਬਾਣੀ ਵਿਚ ਹੀ ਪਹੁੰਚੀ ਹੈ। ਲਿਖਤੀ ਰੂਪ ਵਿਚ ਪੰਜਾਬੀ ਭਾਸ਼ਾ ਦੀ ਸਿਰਜਣਾ ਦਾ ਸਿਹਰਾ ਨਿਰਸੰਦੇਹ ਸ਼ੇਖ ਫ਼ਰੀਦ ਦੇ ਸਲੋਕਾਂ ਨੂੰ ਜਾਂਦਾ ਹੈ। ਪਰ ਇਹ ਇਸ ਸਿਰਜਣਾ ਦਾ ਉਦਭਵ ਹੀ ਹੈ, ਵਾਸਤਵਕ ਨਾਲੋਂ ਅਲੰਕਾਰਕ ਮਹੱਤਵ ਵਧੇਰੇ ਹੈ ਸ਼ੇਖ ਫ਼ਰੀਦ ਦੀ ਰਚਨਾ ਦਾ। ਵਾਸਤਵ ਵਿਚ ਲਿਖਤੀ ਰੂਪ ਵਿਚ ਪੰਜਾਬੀ ਭਾਸ਼ਾ ਦੀ ਸਿਰਜਣਾ ਗੁਰਬਾਣੀ ਵਿਚ ਆ ਕੇ ਆਪਣੇ ਜਲੌਂ ਨੂੰ ਪਹੁੰਚਦੀ ਹੈ। ਇਸਦੇ ਆਰੰਭ ਨੂੰ ਸਾਕਾਰ ਕਰਨ ਵਿਚ ਜਿਵੇਂ 'ਆਰਭੰ ਕਾਜ ਰਚਾਉ' ਵਿਚ ਇਸਨੂੰ ਉਚਿਆਇਆ ਗਿਆ ਹੈ, ਉਸ ਰੂਪ ਵਿਚ ਇਸ ਨੂੰ ਸਾਕਾਰ ਕਰਨ ਦਾ ਅਲੌਕਿਕ ਪ੍ਰਯਾਸ ਤਾਂ ਗੁਰੂ ਨਾਨਕ ਦੇਵ ਨੇ ਹੀ ਕਰ ਦਿਖਾਇਆ। ਤਤਸਮ ਪਰ ਬਹੁਤਾ ਕਰਕੇ ਤਦਭਵ ਰੂਪ ਵਿਚ ਹਜ਼ਾਰਾਂ ਸ਼ਬਦ ਹੋਰਾਂ ਭਾਸ਼ਾਵਾਂ ਅਤੇ ਬੋਲੀਆਂ ਤੋਂ ਲੈ ਕੇ ਉਨ੍ਹਾਂ ਨੇ ਪੰਜਾਬੀ ਦੀ ਸ਼ਬਦਾਵਲੀ ਨੂੰ ਭਰਪੂਰ ਕਰ ਦਿਤਾ। ਇਸਨੂੰ ਤਰ੍ਹਾਂ ਤਰ੍ਹਾਂ ਦੇ ਪ੍ਰਗੀਤਕ ਅਤੇ ਸੰਵਾਦੀ ਰੂਪ ਵਿਚ ਵਰਤੇ ਜਾਣ ਦੀਆਂ ਜੁਗਤਾਂ ਨੂੰ ਦ੍ਰਿਸ਼ਟੀਗੋਚਰ ਕਰ ਦਿੱਤਾ। ਭਾਸ਼ਾ ਵਜੋਂ ਇਸਦੀ ਪ੍ਰਭੁਸੱਤਾ ਨੂੰ ਸਥਾਪਿਤ ਕਰ ਦਿੱਤਾ। ਇਸਦੇ ਹੁੰਦਿਆਂ ਸਹੁੰਦਿਆਂ ਜੋ ਵਿਖਮਤਾ ਗੁਰੂ ਸਾਹਿਬ ਦੀ ਸ਼ਬਦ-ਸ਼ੈਲੀ ਵਿਚ ਸਮਾ ਗਈ, ਜੋ ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਹੋਰ ਵੀ ਦੀਰਘ ਹੋ ਗਈ, ਭਾਈ ਗੁਰਦਾਸ ਦੇ ਪ੍ਰਯਾਸ ਨਾਲ ਵੀ ਜੋ ਸਹਿਜਭਾਵੀ ਨਾ ਬਣ ਸਕੀ, ਉਸ ਕਾਰਨ ਇਹ ਪ੍ਰਭੂਸੱਤਾ ਪੂਰੀ ਤਰ੍ਹਾਂ ਸਰਵੱਤਰ ਬਣਨੋਂ ਰਹਿ ਗਈ।

ਇਸ ਦੇ ਉਲਟ ਕਿੱਸਾ-ਕਾਵਿ ਅਤੇ ਸੂਫ਼ੀ ਕਾਵਿ ਦੀ ਭਾਸ਼ਾ ਲੌਕਿਕ ਬੋਲੀ ਨਾਲ ਜੁੜੀ ਰਹੀ। ਅਰਬੀ-ਫ਼ਾਰਸੀ ਰੰਗਤ ਦੀ ਸ਼ਬਦਾਵਲੀ ਦਾ ਪ੍ਰਵੇਸ਼ ਇਸ ਵਿਚ ਜ਼ਰੂਰ ਹੋਇਆ ਪਰ ਗੁਰਬਾਣੀ ਦੀ ਭਾਸ਼ਾ ਤੱਕ ਵਿਖਮਤਾ ਇਸਦਾ ਅੰਗ ਨਾ ਬਣ ਸਕੀ। ਸੁਭਾਵਕ ਹੀ ਸੰਚਾਰ ਪੱਧਰ ਤੇ ਪੰਜਾਬੀ ਭਾਸ਼ਾ ਵੱਖ-ਵੱਖ ਮਾਨਵੀ ਧਿਰਾਂ, ਉਹਦੇ ਭਾਵਾਂ ਮਨੋਭਾਵਾਂ, ਸਰੋਕਾਰਾਂ ਨੂੰ ਪੇਸ਼ ਕਰਨ ਲੱਗ ਪਈ। ਗੁਰਬਾਣੀ ਬਦਲਵੇਂ ਜੀਵਨ-ਬੋਧ ਨੂੰ ਜੋ ਦੇਸ ਵਿਚ ਜੜ੍ਹ ਬਣੇ ਅਤੇ ਬਾਹਰੋਂ ਥੋਪੇ ਜਾ ਰਹੇ ਉਪੱਦਰ ਨੂੰ ਪੂਰੀ ਤਰ੍ਹਾਂ ਨਕਾਰਦਾ ਸੀ। ਸੂਫ਼ੀ-ਕਾਵਿ ਉਸ ਲੋਕ ਮਾਣਸ ਦੀ ਆਵਾਜ਼ ਬਣ ਗਿਆ ਜੋ ਇਸਲਾਮੀ ਸੱਤਾ ਅੱਗੇ ਨਿਰਬਲ ਹੋ ਚੁੱਕੀ ਲੋਕਾਈ ਦੀ ਮਜਬੂਰੀ ਨੂੰ ਪ੍ਰੇਰਣਾ ਵਿਚ ਬਦਲਦੀ ਤਸੱਵਰ ਕਰਨ ਦਾ ਇੱਛੁਕ ਸੀ। ਕਿੱਸਾ-ਕਾਵਿ ਗ੍ਰਾਮੀਣ ਵਸੋਂ ਦੇ ਕੁਦਰਤ ਦੀ ਗੋਦ ਵਿਚ ਵਿਚਰਣ ਨੂੰ ਹੁਲਾਸਮਈ ਢੰਗ ਨਾਲ ਪੇਸ਼ ਕਰਨ ਵਲ ਮੁੜ ਗਿਆ। ਇਹ ਗ੍ਰਾਮੀਣ ਵਸੋਂ ਨਾ ਤਾਂ ਗੁਰਬਾਣੀ ਵਿਚ ਬੁਲੰਦ ਹੋਏ ਗੌਰਵ ਦਾ ਸਾਥ ਦੇ ਸਕਦੀ ਸੀ ਅਤੇ ਨਾ ਇਸਲਾਮੀ ਸੱਤਾ ਨੂੰ ਤਨੋਂ-ਮਨੋਂ ਕਬੂਲ ਕਰ ਸਕਦੀ ਸੀ।

ਇਸ ਕੁੱਲ ਚਰਚਾ ਦਾ ਸਾਰ ਇਹ ਹੋ ਨਿਬੜਦਾ ਹੈ ਕਿ ਗੌਰਵ, ਨਿਆਂ ਆਦਿ ਵਲੋਂ ਵਰੋਸਾਈਆਂ ਕਦਰਾਂ-ਕੀਮਤਾਂ ਦੇ ਪ੍ਰਗਟਾ ਦਾ ਮਾਧਿਅਮ ਬਣਨਾ ਤਾਂ ਵਾਸਤਵ ਵਿਚ ਗੁਰਬਾਣੀ ਦੇ ਹਿੱਸੇ ਆਇਆ। ਪਰ ਪੰਜਾਬੀ ਜਨਤਾ ਦੇ ਅਲਪ ਭਾਗ ਲਈ ਹੀ ਇਹ ਪ੍ਰਗਟਾ ਸੰਚਾਰ ਵਿਚ ਢਲ ਸਕਿਆ। ਬਾਕੀ ਦੀ ਸਰਵੱਤਰ ਲੋਕਾਈ ਲਈ ਸੂਫ਼ੀ ਸ਼ਾਇਰੀ ਅਤੇ ਕਿੱਸਾ-ਕਾਵਿ ਹੀ ਸੰਚਾਰ ਦਾ ਮਾਧਿਅਮ ਹੋ ਨਿਬੜਿਆ। ਨਿਚੋੜ ਇਹ ਬਣਦਾ ਹੈ ਕਿ ਜੋ ਪ੍ਰਗਟਾ ਦੇ ਪੱਖੋਂ ਉੱਤਮ ਸੀ ਉਸਨੂੰ ਸੰਚਾਰ ਦਾ ਮਾਧਿਅਮ ਮੁਹੱਈਆ ਨਾ ਹੋਇਆ। ਜਿਸ ਲਈ ਸਰਵੱਤਰ ਸੰਚਾਰ ਰਾਖਵਾਂ ਸੀ ਉਸਨੂੰ ਗਹਿਰ-ਗੰਭੀਰ ਪ੍ਰਗਟਾ ਅੰਤਿਮ ਸਰੋਕਾਰ ਵਜੋਂ ਅਨੁਭਵ ਨਾ ਹੋਇਆ।

? ਮੱਧਕਾਲੀ ਪਾਠ ਬਾਰੇ ਸਮਕਾਲੀ ਚਿੰਤਨ ਵਿਚਲੇ ਪ੍ਰਮੁੱਖ ਵਿਵਾਦ ਕਿਹੜੇ ਹਨ?

ਪਹਿਲਾ ਪ੍ਰਮੁੱਖ ਵਿਵਾਦ ਤਾਂ ਇਹੋ ਹੈ ਕਿ ਮੱਧਕਾਲੀ ਕਾਵਿ, ਖ਼ਾਸ ਕਰਕੇ ਗੁਰਬਾਣੀ ਨੂੰ ਧਰਤੀ ਦੀ ਸੁਗੰਧ ਨਾਲ ਓਤ ਪੋਤ, ਇਸੇ ਦੇ ਸਥੱਲ 'ਤੇ ਜਿਉਂਦੇ ਜਾਗਦੇ ਪਰ ਅਤਿ ਪ੍ਰਤਿਭਾਵਾਨ ਵਿਅਕਤੀਆਂ ਵਲੋਂ ਰਚਿਆ ਕਾਵਿ ਮੰਨਿਆ ਜਾਵੇ ਜਾਂ ਜਿਵੇਂ ਉਦਾਸੀ ਨਿਰਮਲੇ ਗਿਆਨੀਆਂ, ਪਰੰਪਰਾ ਨੂੰ ਵਰਸਾਉਣ ਵਾਲੇ ਵਿਦਵਾਨਾਂ ਅਤੇ ਚੇਅਰਾਂ 'ਤੇ ਉਪਸਥਿਤ ਕਥਿਤ ਖੋਜੀਆਂ ਦੇ ਮਗਰ ਲੱਗ ਕੇ ਇਸ ਨੂੰ 'ਧੁਰ ਕੀ ਬਾਣੀ' ਆਖ ਦਿਤਾ ਜਾਵੇ। ਇਸ ਨੂੰ ਸਮਝਣ ਸਮਝਾਉਣ ਦੀ ਥਾਂ, ਪੂਜਨਯੋਗ ਵਸਤ ਜਾਣ ਇਸ ਨੂੰ ਪ੍ਰਣਾਮ ਕਰ ਦਿਤਾ ਜਾਵੇ। ਇਸਦੇ ਪਾਠ ਤੋਂ ਜੋ ਚੁਣੌਤੀ ਪੇਸ਼ ਹੁੰਦੀ ਹੈ ਉਸਨੂੰ ਪ੍ਰਵਾਨ\ਅਪ੍ਰਵਾਨ ਕਰਨ ਦੀ ਥਾਂ ਇਸ ਅੱਗੇ ਹਿੱਤਪੂਰਤੀ ਲਈ

ਬੇਨਤੀ ਹੀ ਕੀਤੀ ਜਾਵੇ। ਮੱਥਾ ਰਗੜਣ ਅਤੇ ਡੰਡੌਤ ਬੰਦਨਾ ਕਰਨ ਨੂੰ ਹੀ ਸੁਭਾਗ ਸਮਝਿਆ ਜਾਵੇ। ਖੇਦ ਦੀ ਗੱਲ ਇਹ ਹੈ ਕਿ ਗੁਰਬਾਣੀ ਦੇ ਵਿਵੇਚਨ ਵਜੋਂ ਜੋ ਹੁਣ ਤੱਕ ਲਿਖਿਆ ਗਿਆ ਉਸਦਾ ਵਡੇਰਾ ਭਾਗ ਇਸੇ ਸੰਕਲਪ ਨੂੰ ਦ੍ਰਿੜ ਕਰਦਾ ਜਾਪਦਾ ਹੈ।

ਇਹੋ ਕਾਰਨ ਹੈ ਕਿ ਪੱਛਮੀ ਵਿਦਵਾਨਾਂ ਨੇ ਜੋ ਵਿਵਾਦ ਖੜਾ ਕੀਤਾ ਉਸਨੂੰ ਅੱਖੋਂ ਪਰੋਖੇ ਕਰਨਾ ਹੀ ਯੋਗ ਸਮਝਿਆ ਗਿਆ। ਇਸਦੀ ਸੱਭ ਤੋਂ ਸਿਰਕੱਢ ਉਦਾਹਰਣ ਹੈ ਲਗਭਗ ਡੇਢ ਸੌ ਸਾਲ ਪਹਿਲਾਂ ਜਰਮਨ ਵਿਦਵਾਨ ਅਰਨੈਸਟ ਟਰੰਪ ਵਲੋਂ ਗੁਰਬਾਣੀ ਬਾਰੇ ਪ੍ਰਸਤੁਤ ਕੀਤਾ ਨਾਂਹ-ਪੱਖੀ ਪ੍ਰਸਤਾਵ ਜਿਸਦੀ ਧਾਰਨਾ ਹੀ ਕਠੋਰ ਨਹੀਂ ਸਗੋਂ ਦਲੀਲਬਾਜ਼ੀ ਵੀ ਬਹੁਤ ਕਰੜੀ ਹੈ। ਉਪਰੋਕਤ ਧਾਰਾ ਦੇ ਵਿਦਵਾਨਾਂ ਨੇ ਗੁਰਬਾਣੀ ਦੀ ਦ੍ਰਿਸ਼ਟੀ ਸ਼ੈਲੀ, ਰਾਗ-ਪ੍ਰਬੰਧ ਬਾਰੇ ਜੋ ਕਿਹਾ ਉਸਨੂੰ ਦਰਗੁਜ਼ਰ ਕਰਨਾ ਹੀ ਬਿਹਤਰ ਸਮਝਿਆ ਹੈ। ਬਹਾਨਾ ਇਹ ਬਣਾਇਆ ਕਿ ਸ਼ਰਧਾ ਤੋਂ ਕੋਰੀਆਂ ਧਾਰਨਾਵਾਂ ਨਾਲ ਵਿਵਾਦ ਵਿਚ ਪੈਣਾ ਗੁਰਬਾਣੀ ਪ੍ਰਤੀ ਅਸ਼ਰਧਾ ਦਿਖਾਉਣ ਦੇ ਤੁਲ ਹੀ ਹੋਵੇਗਾ।

ਏਥੇ ਇੱਕ ਜਾਤੀ ਅਨੁਭਵ ਵੀ ਮੈਂ ਸਾਂਝਾ ਕਰਨਾ ਚਾਹਾਂਗਾ। ਕੁੱਝ ਸਾਲ ਪਹਿਲਾਂ ਸ਼ਿਮਲਾ ਸਥਿਤ ਇੰਡੀਅਨ ਇਨਸੀਟੀਚੂਟ ਆਫ਼ ਐਡਵਾਂਸਡ ਸਟੱਡੀ ਵਿਚ ਖੋਜ ਦੌਰਾਨ ਮੈਂ ਟਰੰਪ ਦੇ ਅਨੁਵਾਦ, ਇਸਦੇ ਵਿਧੀ-ਵਿਧਾਨ ਨੂੰ ਸਮੇਤ ਉਸ ਪ੍ਰਸਤਾਵ ਦੇ ਪਰਖਣ ਦਾ ਯਤਨ ਕੀਤਾ ਸੀ ਜੋ ਸਾਡੇ ਪਰੰਪਰਾਗਤ ਵਿਦਵਾਨਾਂ ਨੂੰ ਘਿਰਣਾ ਨਾਲ ਭਰੀ ਰੱਖਦਾ ਹੈ। ਮੇਰੀ ਧਾਰਨਾ ਬਣੀ ਸੀ ਕਿ ਇਸਨੂੰ ਅਸ਼ਰਧਾ ਦੇ ਆਧਾਰ 'ਤੇ ਅੱਖੋਂ ਪਰੋਖੇ ਕਰਨਾ ਇਸਦੀਆਂ ਦਲੀਲਾਂ ਦਾ ਕੋਈ ਜਵਾਬ ਨਹੀਂ ਬਣਦਾ। ਵਿਧੀ-ਵਿਧਾਨ ਵਜੋਂ ਬਾਈਬਲ ਦੇ ਅਧਿਐਨ ਦਾ ਅਨੁਕਰਣ ਹੋਣ ਕਾਰਨ, ਰਾਜਸੀ ਤੌਰ 'ਤੇ ਸਾਮਰਾਜ ਦਾ ਪੱਖ ਪੂਰਣ ਕਰਕੇ, ਭਾਸ਼ਾ-ਸ਼ਾਸਤਰ ਪੱਖੋਂ ਨਸਲੀ ਵਿਤਕਰੇ ਨਾਲ ਜੁੜੇ ਹੋਣ ਕਾਰਨ ਅਤੇ ਬੌਧਿਕ ਤੌਰ 'ਤੇ ਪੂਰਬਵਾਦ ਦੇ ਸਮਰਥਨ ਦਾ ਹੋਣ ਕਾਰਨ, ਟਰੰਪ ਦਾ ਅਨੁਵਾਦ ਖ਼ਾਸ ਤਰ੍ਹਾਂ ਸੀ ਅਤੇ ਉਸਦੇ ਪ੍ਰਸਤਾਵ ਵਿਚ ਬਹੁਤ ਕਰੜੀਆਂ ਅਤੇ ਕਠੋਰ ਧਾਰਨਾਵਾਂ ਕਲਮਬੰਦ ਸਨ। ਮੇਰੀ ਖੋਜ ਦੇ ਛਾਪੇ ਜਾਣ ਸਬੰਧੀ ਜਦ ਕਥਿਤ ਤਰ੍ਹਾਂ ਦੇ ਸ਼ਰਧਾਵਾਨ ਖੋਜੀ ਤੋਂ ਰਾਏ ਮੰਗੀ ਗਈ ਤਾਂ ਉਸਨੇ ਇਸ ਦੇ ਛਾਪੇ ਜਾਣ ਦਾ ਵਿਰੋਧ ਕੀਤਾ। ਉਸਦਾ ਦਾਅਵਾ ਸੀ ਕਿ ਟਰੰਪ ਬਾਰੇ ਕਿਸੇ ਵੀ ਖੋਜ ਦਾ ਛਪਣਾ ਸਿੱਖ ਜਗਤ ਲਈ ਪੀੜਾ ਦਾ ਕਾਰਨ ਬਣ ਸਕਦਾ ਹੈ।

ਗੁਰਬਾਣੀ ਨੂੰ ਹੀ ਨਹੀਂ ਕੁੱਲ ਮੱਧਕਾਲੀ ਕਾਵਿ ਨੂੰ ਇਤਿਹਾਸਕ ਪ੍ਰਸੰਗ ਨਾਲ ਜੋੜ ਕੇ ਵਾਚਣਾ ਬਹੁਤ ਜ਼ਰੂਰੀ ਹੈ। ਇਸ ਪ੍ਰਸੰਗ ਦੇ ਅਭਾਵ ਵਿਚ ਕਿੰਨੀਆਂ ਵੀ ਮੁੱਲਵਾਨ ਲੱਭਤਾਂ ਇਸਦੀ ਭਾਸ਼ਾ, ਸ਼ੈਲੀ, ਵਿਧੀ ਬਾਰੇ ਕਿਉਂ ਨਾ ਪ੍ਰਸਤੁਤ ਹੋਣ, ਕੋਈ ਅਰਥ ਨਹੀਂ ਰੱਖਦੀਆਂ ਜਿਵੇਂ ਕਿ ਡਾ.

ਹਰਿਭਜਨ ਸਿੰਘ ਦੀ ਪੁਸਤਕ 'ਪਾਰਗਾਮੀ' ਤੋਂ ਸਿੱਧ ਹੈ, ਇਸ ਦਿਸ਼ਾ ਵਿਚ ਸਾਰਥਕ ਸੇਧ ਉਸ ਅਧਿਐਨ ਵਿਚੋਂ ਪਾਈ ਜਾ ਸਕਦੀ ਹੈ ਜੋ ਸੂਫ਼ੀ-ਸ਼ਾਇਰੀ ਬਾਰੇ ਨਜ਼ਮ ਹੁਸੈਨ ਸੱਯਦ ਨੇ ਪੇਸ਼ ਕੀਤਾ ਹੈ। ਸ਼ੇਖ ਫ਼ਰੀਦ ਤੋਂ ਗ਼ੁਲਾਮ ਫ਼ਰੀਦ ਤੱਕ ਉਹ ਇਸਦੇ ਪਾਠ ਵਿਚ ਇੱਕੋ ਸੂਤਰ ਪ੍ਰਬਲ ਹੋਇਆ ਪ੍ਰਤੀਤ ਕਰਦਾ ਹੈ। ਉਹ ਹੈ ਨਾਬਰੀ ਦਾ ਸੂਤਰ ਜੋ ਸ਼ੇਖ ਫ਼ਰੀਦ ਵਿਚ ਜੇ ਸੰਜੀਦਗੀ ਦੇ ਆਲਮ ਵਿਚ ਹੈ ਤਾਂ ਸੁਲਤਾਨ ਬਾਹੂ ਵਿਚ ਅੰਸ਼ਕ ਰੂਪ ਵਿਚ ਹੀ ਹੈ। ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਵਿਚ ਇਹ ਜ਼ਰੂਰ ਸਿਰ ਚੜ੍ਹ ਬੋਲਦਾ ਹੈ ਪਰ ਗ਼ੁਲਾਮ ਫ਼ਰੀਦ ਵਿਚ ਜਾ ਕੇ ਤਾਂ ਗੁੰਮ ਹੀ ਹੋ ਜਾਂਦਾ ਹੈ। ਦੂਜੇ ਸੂਫ਼ੀ-ਸ਼ਾਇਰੀ ਵਿਚ ਨਾਬਰੀ ਦੀਆਂ ਗਹਿਰ-ਗੰਭੀਰ ਪਰਤਾਂ ਫਰੋਲਣ ਤੋਂ ਸੰਕੋਚ ਕੀਤਾ ਗਿਆ ਹੈ ਜਿਸਦਾ ਅਹਿਸਾਸ ਗੁਰਬਾਣੀ ਨਾਲ ਕੀਤੇ ਇਸਦੇ ਸੰਵਾਦੀ ਅਧਿਐਨ ਤੋਂ ਹੀ ਹੋ ਸਕਦਾ ਹੈ।

ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਲੱਗ ਭੱਗ ਤਿੰਨ ਦਹਾਕੇ ਪਹਿਲਾਂ 'ਸੇਧਾਂ ਤੇ ਸਾਰਾਂ' ਦੀ ਵਿਸਤ੍ਰਿਤ ਭੂਮਿਕਾ ਲਿਖਣ ਸਮੇਂ ਮੈਂ ਇਹ ਖਦਸ਼ਾ ਪ੍ਰਗਟ ਕੀਤਾ ਸੀ ਕਿ ਸੰਵਾਦੀ ਪ੍ਰਸੰਗ ਦੇ ਅਭਾਵ ਵਿਚ ਨਜ਼ਮ ਹੁਸੈਨ ਸੱਯਦ ਦੀ ਆਲੋਚਨਾ ਦੁਹਰਾਉ ਦੀ ਘੁੰਮਣਘੇਰੀ ਵਿਚ ਉਲਝ ਕੇ ਹੀ ਰਹਿ ਸਕਦੀ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਉਸਨੇ ਸੰਵਾਦੀ ਪ੍ਰਸੰਗ ਨੂੰ ਆਪਣੀ ਆਲੋਚਨਾ ਵਿਚ ਸਮੋਣ ਦਾ ਆਦਰਯੋਗ ਕੰਮ ਕੀਤਾ ਹੈ। ਇਸਦੀ ਉਦਾਹਰਣ ਉਸਦਾ ਲੇਖ 'ਫ਼ਰੀਦ ਤੋਂ ਨਾਨਕ, ਨਾਨਕ ਤੋਂ ਫਰੀਦ' ਹੈ। ਪਰ ਇਹ ਅਜੇ ਮੁੱਢਲਾ ਕਦਮ ਹੀ ਹੈ। ਵਧੇਰੇ ਸੰਜੀਦਾ ਅਧਿਐਨ ਦਾ ਇਸ ਨਾਲ ਇਕਰਾਰ ਹੀ ਬੱਝਦਾ ਹੈ। ਅਗਲੇ ਪਸਮੰਜਰਾਂ ਦਾ ਪਰਤੱਖ ਹੋਣਾ ਅਜੇ ਬਾਕੀ ਹੈ।

? ਸਮੁੱਚੇ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਹੁਣ ਤੱਕ ਪੈਦਾ ਹੋਏ ਵਿਵਾਦ ਕਿਹੜੇ ਪੜਾਵਾਂ ਵਿਚੋਂ ਗੁਜ਼ਰੇ ਹਨ? ਇਹਨਾਂ ਵਿਵਾਦਾਂ ਵਿਚ ਤੁਹਾਡੀ ਆਪਣੀ ਭੂਮਿਕਾ ਕੀ ਰਹੀ ਹੈ?

– ਮੇਰੀ ਜਾਚੇ ਇਹ ਵਿਵਾਦ ਦੋ ਪ੍ਰਕਾਰ ਦੇ ਮੂਕ ਅਤੇ ਬੁਲੰਦ-ਆਵਾਜ਼ ਹਨ, ਜਿਨ੍ਹਾਂ ਦੀ ਭੂਮਿਕਾ ਵੀ ਵੱਖ-ਵੱਖ ਤਰ੍ਹਾਂ ਦੀ ਰਹੀ ਹੈ। ਮੂਕ ਵਿਵਾਦ ਦੀ ਰੁਚੀ ਮੱਧਕਾਲੀ ਕਾਵਿ ਦੇ ਅਧਿਐਨ ਨੂੰ ਨਵਾਂ ਮੋੜ ਦੇਣ ਵਲ ਰਹੀ ਹੈ। ਆਪਣੇ ਪ੍ਰਤੀਦਵੰਦੀ ਦੀਆਂ ਧਾਰਨਾਵਾਂ, ਅਧਿਐਨ-ਵਿਧੀਆਂ ਆਦਿ ਨੂੰ ਅਪਰੋਖ ਰੂਪ ਵਿਚ ਉਖਾੜਣ ਵਲ ਇਸ ਨੇ ਖ਼ਾਸ ਦਿਲਚਸਪੀ ਨਹੀਂ ਦਿਖਾਈ। 'ਪੰਜਾਬੀ ਕਾਵਿ ਸ਼੍ਰੋਮਿਣੀ' ਵਿਚ ਸੰਤ ਸਿੰਘ ਸੇਖੋਂ ਨੇ ਇਤਿਹਾਸਕ ਪ੍ਰਸੰਗ ਨੂੰ ਧਿਆਨ ਵਿਚ ਰੱਖਕੇ ਗੁਰਬਾਣੀ ਦੇ ਅਧਿਐਨ ਦੀ ਜੋ ਪਿਰਤ ਪਾਈ ਉਹ ਇਸਦੀ ਉੱਤਮ ਮਿਸਾਲ ਹੈ। ਉਦਾਸੀ ਨਿਰਮਲੇ ਗਿਆਨੀਆਂ, ਬਾਅਦ ਦੇ ਵਿਦਵਾਨਾਂ ਦੀ ਅਧਿਐਨ-ਵਿਧੀ ਕਿਵੇਂ ਆਧੁਨਿਕ ਬੋਧ ਦੇ ਪ੍ਰਤੀਕੂਲ ਸੀ, ਕਿਉਂ ਇਹ ਅਧਿਐਨ ਸਮੇਂ ਦੇ ਹਾਣ ਦੀ ਹੀ ਨਹੀਂ ਸਗੋਂ

ਸਮੇਂ ਤੋਂ ਅਗਾਂਹ ਦੀ ਚੇਤਨਾ ਦਾ ਮਾਧਿਅਮ ਨਹੀਂ ਬਣਦਾ, ਇਸ ਬਾਰੇ ਕੋਈ ਚਰਚਾ ਸ਼ਾਮਿਲ ਨਹੀਂ। ਇਸੇ ਤਰ੍ਹਾਂ 'ਸਿੱਖ ਸਾਹਿਤ ਅਤੇ ਸਿੱਖ ਇਤਿਹਾਸ' ਵਿਚ ਡਾ. ਸੁਰਜੀਤ ਹਾਂਸ ਨੇ ਫਰਾਂਸ ਦੇ ਬੇਮਿਸਾਲ ਵਿਦਵਾਨ ਮੈਕਸਿਮ ਰੋਡਿੰਨਸਨ ਦੀ ਵੱਡਮੁਲੀ ਲਿਖਤ 'ਕੈਪਿਟੇਲਿਜ਼ਮ ਐਂਡ ਇਸਲਾਮ' ਦੀਆਂ ਧਾਰਨਾਵਾਂ ਦੀ ਲੋਅ ਵਿਚ ਗ੍ਰੰਥ ਅਤੇ ਪੰਥ ਵਿਚਕਾਰ ਬਣਦੇ ਬਿਣਸਦੇ ਸਬੰਧ ਨੂੰ ਨਿਠ ਕੇ ਪੇਸ਼ ਕੀਤਾ ਹੈ। ਪਰੰਪਰਾਗਤ ਗਿਆਨੀਆਂ ਅਤੇ ਵਿਦਵਾਨਾਂ ਨੇ ਜੋ ਕਿਹਾ ਉਸ ਵਲ ਸੰਕੇਤ ਵੀ ਹਨ ਪਰ ਗੌਣ ਰੂਪ ਵਿਚ ਹੀ ਜਿਸ ਕਾਰਨ ਉਹਨਾਂ ਦਾ ਅਧਿਐਨ-ਖੇਤਰ ਵਿਚੋਂ ਉੱਖੜ ਜਾਣਾ, ਹਾਸ਼ੀਏ 'ਤੇ ਚਲੇ ਜਾਣਾ ਜਾਂ ਨਿਰਮੂਲ ਸਿੱਧ ਹੋ ਜਾਣਾ ਲਾਜ਼ਮੀ ਨਹੀਂ ਬਣਦਾ।

ਬੁਲੰਦ ਵਿਵਾਦ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਤੋਂ ਆਰੰਭ ਹੋਏ। ਉਸ ਵਕਤ ਤੱਕ ਦੇਸ਼ ਆਜ਼ਾਦ ਹੋ ਚੁੱਕਾ ਸੀ। ਜਵਾਹਰ ਲਾਲ ਨਹਿਰੂ ਦੇ ਨੇਤ੍ਰਿਤਵ ਵਿਚ ਲੋਕਰਾਜ, ਧਰਮ-ਨਿਰਪੇਖਤਾ, ਸਮਾਜਵਾਦ, ਆਤਮ-ਨਿਰਭਰਤਾ ਆਦਿ ਦਾ ਖ਼ੂਬ ਬੋਲਬਾਲਾ ਬਣ ਚੁੱਕਾ ਸੀ। ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਉਚੇਰੀ ਸਿਖਿਆ ਆਰੰਭ ਹੋ ਚੁੱਕੀ ਸੀ। ਕੁਦਰਤੀ ਗੱਲ ਸੀ ਕਿ ਪੰਜਾਬੀ ਸਾਹਿਤ ਤੋਂ ਜੋ ਕਾਵਿ-ਸਿਧਾਂਤ ਉੱਭਰਦਾ ਸੀ ਉਸਨੂੰ ਉਜਾਗਰ ਕੀਤਾ ਜਾਂਦਾ ਅਤੇ ਜੋ ਆਲੋਚਨਾ-ਪ੍ਰਣਾਲੀ ਕਾਰਗਰ ਹੋ ਸਕਦੀ ਸੀ ਉਸਦਾ ਨਿਰਮਾਣ ਕੀਤਾ ਜਾਂਦਾ। 'ਸਾਹਿਤਿਆਰਥ', 'ਪੰਜਾਬੀ ਕਾਵਿ ਸ਼੍ਰੋਮਣੀ' ਅਤੇ 'ਭਾਈ ਵੀਰ ਸਿੰਘ ਅਤੇ ਉਹਨਾਂ ਦਾ ਯੁੱਗ' ਵਿਚ ਸੰਤ ਸਿੰਘ ਸੇਖੋਂ ਨੇ ਇਹ ਸੱਭ ਕੁੱਝ ਕਰ ਦਿਖਾਇਆ। ਮੱਧਕਾਲੀ ਪੰਜਾਬੀ ਕਾਵਿ ਦੀਆਂ ਮੁੱਖ ਧਾਰਾਵਾਂ, ਉਹਨਾਂ ਵਿਚਲੀ ਤੁਲਨਾ/ਆਪੇਖਿਆ ਆਦਿ ਦੇ ਇਤਿਹਾਸਕ ਪ੍ਰਸੰਗ ਨੂੰ ਧਿਆਨ ਵਿਚ ਰੱਖ ਕੇ ਵਿਸ਼ਲੇਸ਼ਣ ਅਤੇ ਮੁਲੰਕਣ ਪੇਸ਼ ਕੀਤਾ ਗਿਆ। ਆਧੁਨਿਕ ਸਾਹਿਤ-ਰਚਨਾ ਕਿਵੇਂ ਇਸ ਪਾਠ ਤੋਂ ਅਗਾਂਹ ਹੀ ਨਹੀਂ ਸਗੋਂ ਪਾਰ ਜਾਣ ਲਈ ਤੱਤਪਰ ਸੀ ਇਸਦੀ ਨਿਸ਼ਾਨਦੇਹੀ ਵੀ ਕੀਤੀ ਗਈ। ਸੁਚੇਤ ਰੂਪ ਵਿਚ ਇਸਦੀ ਦਿਸ਼ਾ ਨਿਰਧਾਰਣ ਮਾਰਕਸੀ ਦ੍ਰਿਸ਼ਟੀ ਤੋਂ ਹੋ ਰਹੀ ਸੀ ਜਿਸ ਵਿਚ ਫਰਾਇਡਵਾਦੀ ਮਨੋਵਿਗਿਆਨ ਦੇ ਅੰਸ਼ ਵੀ ਸਰਗਰਮ ਸਨ। ਅਚੇਤ ਰੂਪ ਵਿਚ ਗੁਰੂ ਨਾਨਕ ਦੇਵ ਦੀ ਸੰਵਾਦੀ ਵਿਧੀ, ਮਾਨਵੀ ਗੌਰਵ ਦੀ ਪਰਤੀਤੀ ਅਤੇ ਪੱਛਮੀ ਸਾਹਿਤ ਦੀ ਪ੍ਰੇਰਣਾ ਅਧੀਨ ਪਰਵਾਨ ਚੜ੍ਹੀ ਸੇਖੋਂ ਸਾਹਿਬ ਦੀ ਆਪਣੀ ਰਚਨਾ-ਪ੍ਰਕਿਰਿਆ ਵੀ ਕਿਰਿਆਸ਼ੀਲ ਸੀ।

ਪੰਜਾਬੀ ਸਾਹਿਤ ਦੇ ਅਧਿਐਨ ਖ਼ਾਤਰ ਪ੍ਰਸਤੁਤ ਹੋਈ ਇਹ ਬੋਧ-ਸੁਬੋਧ ਦੀ ਉਹ ਰੂਪ ਰੇਖਾ ਸੀ ਜਿਸ ਵਿਚ ਰਚਨਾ-ਸਿਧਾਂਤ, ਦਾਰਸ਼ਨਿਕ ਦ੍ਰਿਸ਼ਟੀ, ਸਭਿਆਚਾਰਕ ਚੇਤਨਾ, ਭਾਸ਼ਿਕ ਪ੍ਰਬੀਨਤਾ ਦਾ ਸਮਾਵੇਸ਼ ਕੰਮ ਕਰ ਰਿਹਾ ਸੀ। ਇਸ ਪ੍ਰਕਾਰ ਦੇ ਸਮਾਵੇਸ਼ ਨੂੰ ਅਣ-ਉਚਿਤ ਸਮਝਣਾ ਉਹਨਾਂ

ਆਲੋਚਕਾਂ ਲਈ ਸੁਭਾਵਕ ਸੀ ਜੋ ਪ੍ਰੋਫ਼ੈਸਰ ਕਿਸ਼ਨ ਸਿੰਘ ਵਾਂਗ ਸਨਾਤਨੀ ਮਾਰਕਸਵਾਦ ਨੂੰ ਅੰਤਿਮ ਸੱਚ ਮੰਨਣ ਦੇ ਕਾਇਲ ਸਨ। ਹੈਰਾਨੀ ਦੀ ਗੱਲ ਨਹੀਂ ਕਿ ਉਸਨੂੰ ਸੇਖੋਂ ਸਾਹਿਬ ਦਾ ਕੁੱਲ ਪ੍ਰਯਾਸ, ਆਲੋਚਨਾ ਦੇ ਹੀ ਨਹੀਂ ਸਗੋਂ ਰਚਨਾ ਦੇ ਖੇਤਰ ਵਿਚਲਾ ਵੀ, ਕੁਰਾਹੇ ਪਿਆ ਪ੍ਰਤੀਤ ਹੋਇਆ। ਸੋ ਇਸ ਵਿਵਸਥਾ ਵਿਚ ਮੂਕ ਵਿਵਾਦ ਕਾਫ਼ੀ ਨਹੀਂ ਸੀ, ਬੁਲੰਦ ਵਿਵਾਦ ਦਾ ਉੱਭਰ ਆਉਣਾ ਅਨਿਵਾਰੀ ਸੀ। ਪੰਜਾਹਵਿਆਂ ਦੇ ਦੂਜੇ ਅੱਧ ਵਿਚ ਜਿਸ ਤੀਖਣਤਾ ਨਾਲ ਸੇਖੋਂ ਸਾਹਿਬ ਦੇ ਨਾਟਕ 'ਕਲਾਕਾਰ' ਤੋਂ ਚੱਲ ਕੇ ਇਹ ਵਿਵਾਦ ਮੱਧਕਾਲੀ ਪੰਜਾਬੀ ਕਾਵਿ ਅਤੇ ਆਧੁਨਿਕ ਸਾਹਿਤ-ਰਚਨਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਗਿਆ ਉਹ ਭਾਵੁਤ ਕਰਨ ਵਾਲਾ ਤਾਂ ਹੈ ਸੀ ਪਰ ਬੇਚੈਨ ਕਰਨ ਵਾਲਾ ਵੀ ਘੱਟ ਨਹੀਂ ਸੀ।

ਗੁਰਬਾਣੀ, ਕਿੱਸਾ-ਕਾਵਿ ਅਤੇ ਸੂਫ਼ੀ-ਸ਼ਾਇਰੀ ਬਾਰੇ ਜੋ ਤੁਲਨਾ ਆਪੇਖਿਆ ਕੀਤੀ ਉਹ ਕਿਸ਼ਨ ਸਿੰਘ ਹੋਰਾਂ ਨੂੰ ਨਿਰਮੂਲ ਜਾਪੀ। ਸਮੁੱਚਾ ਮੱਧਕਾਲੀ ਕਾਵਿ ਉਸਨੂੰ ਇੱਕੋ ਤਰ੍ਹਾਂ ਲੋਕਪੱਖੀ ਪ੍ਰਤੀਤ ਹੋਇਆ, ਏਕਤਾ ਵਿਚ ਪਰੋਇਆ ਜਿਸਦੇ ਪਾਠਾਂ ਨੂੰ ਇੱਕ ਦੂਜੇ ਨਾਲੋਂ ਅਭੇਦ ਜਾਨਣਾ ਵੀ ਉਸਨੂੰ ਅਣ-ਉਚਿੱਤ ਨਾ ਲੱਗਾ। ਕਿਸ਼ੋਰ ਆਯੂ ਦਾ ਹੋਣ ਕਰਕੇ ਉਸ ਵਕਤ ਤਾਂ ਮੈਨੂੰ ਬਹੁਤੀ ਸਮਝ ਨਹੀਂ ਸੀ ਪਰ ਸੇਖੋਂ ਸਾਹਿਬ ਦੀ ਨਿਗਰਾਨੀ ਮਾਣਦੇ ਨੂੰ ਮੈਨੂੰ ਲੱਗਦਾ ਸੀ ਕਿ ਕਿਸ਼ਨ ਸਿੰਘ ਹੋਰਾਂ ਬਹੁਤ ਗ਼ਲਤ ਪੈਂਤੜਾ ਚੁਣਿਆ ਹੋਇਆ ਸੀ। ਹੁਣ ਜਦ ਸਾਰੇ ਵਿਵਾਦ ਨੂੰ ਮੈਂ ਅੰਗ ਅੰਗ ਨਿਖੇੜ ਕੇ ਦੇਖਦਾ ਹਾਂ ਤਾਂ ਜਾਪਦਾ ਹੈ ਕਿ ਸੇਖੋਂ ਸਾਹਿਬ ਨੂੰ ਕੁਰਾਹੀਆ ਸਿੱਧ ਕਰਨ ਦੇ ਯਤਨ ਵਿਚ ਕਿਸ਼ਨ ਸਿੰਘ ਆਪ ਕੁਰਾਹੇ ਪੈਣ ਤੋਂ ਸੁਚੇਤ ਨਹੀਂ ਸੀ। ਉਸਦੀ ਸ਼ੈਲੀ ਵਿਚੋਂ ਪ੍ਰਚੰਡਤਾ ਜਾਂਦੀ ਰਹੀ, ਸੰਜਮ ਦਾ ਪੱਲਾ ਛੁੱਟਦਾ ਰਿਹਾ ਅਤੇ ਇਤਿਹਾਸਕ ਤੱਥਾਂ ਨਾਲ ਖਿਲਵਾੜ ਆਮ ਹੋ ਗਿਆ। ਡਾ. ਜੇ. ਐਸ. ਗਰੇਵਾਲ ਅਤੇ ਡਾ. ਸੁਰਜੀਤ ਹਾਂਸ ਨਾਲ ਉਸਦਾ ਜੋ ਵਿਵਾਦ ਚੱਲਿਆ ਉਹ ਇਸਦਾ ਪ੍ਰਤੱਖ ਪ੍ਰਮਾਣ ਸੀ।

ਉਸ ਵਿਵਾਦ ਵਿਚ ਮੇਰੀ ਆਪਣੀ ਕੋਈ ਭੂਮਿਕਾ ਨਹੀਂ ਸੀ। ਅਜੇ ਮੈਂ ਐਮ.ਏ. ਵੀ ਨਹੀਂ ਸੀ ਕੀਤੀ ਪਰ ਕਾਲਜ ਲੈਕਚਰਾਰ ਲੱਗ ਕੇ ਮੈਂ 'ਕਲਾਕਾਰ' ਨਾਟਕ ਤੋਂ ਜੋ ਅੰਮ੍ਰਿਤਾ ਸ਼ੇਰਗਿੱਲ ਦੀ ਚਿੱਤਰਕਲਾ ਦਾ ਪ੍ਰਭਾਵ ਪੈਂਦਾ ਸੀ, ਉਸ ਬਾਰੇ ਬੜਾ ਜਜ਼ਬਾਤੀ ਜਿਹਾ ਲੇਖ ਲਿਖਿਆ ਸੀ। ਨਾਟਕ ਦੇ ਨਾਇਕ ਦਾ ਕਿਰਦਾਰ, ਆਪਣੇ ਮਾਡਲਾਂ ਨਾਲ ਉਸਦਾ ਸਬੰਧ, ਇਸਦੇ ਜਿਨਸੀ ਹੋ ਜਾਣ ਦਾ ਖਦਸ਼ਾ, ਬੰਧੇਜ ਅਤੇ ਲਾਲਸਾ ਵਿਚਕਾਰ ਤਣਾਉ, ਸਭ ਕੁਝ ਲਈ ਮਾਰਕਸੀ ਨਜ਼ਰੀਏ ਤੋਂ ਸ਼੍ਰੈਣੀ ਚਰਿੱਤਰ ਅਤੇ ਚੇਤਨਾ ਨਾਲ ਖਿਲਵਾੜ ਇਸ ਵਿਵਾਦ ਦੇ ਮੁੱਖ ਮੁੱਦੇ ਸਨ। ਅੰਮ੍ਰਿਤਾ ਸ਼ੇਰਗਿੱਲ ਦੀ ਕਲਾ ਦੀ ਥਾਂ ਉਪਾਸਨਾ ਹੀ ਮੇਰੇ ਮਨ 'ਤੇ ਹਾਵੀ ਸੀ। ਇਸ ਲਈ ਮੇਰੇ ਕੋਲੋਂ ਕੋਈ ਗੰਭੀਰ ਗੱਲ ਕਹੀ ਵੀ ਨਾ ਗਈ। ਹੁਣ ਜਦ ਕਿ 'ਅੰਮ੍ਰਿਤਾ ਸ਼ੇਰਗਿੱਲਃ ਜੀਵਨ ਤੇ

ਕਲਾ' ਨਾਂ ਦੀ ਮੇਰੀ ਪੂਰੀ ਪੁਸਤਕ ਛਪਣ ਹਿੱਤ ਤਿਆਰ ਹੈ ਤਾਂ ਮੈਨੂੰ ਲੱਗਦਾ ਹੈ ਕਿ ਇਸ ਵਿਸ਼ੇ 'ਤੇ ਨਿਵੇਕਲੀ ਗੱਲ ਕਹੀ ਜਾ ਸਕਦੀ ਹੈ। ਉਹ ਵਿਵਾਦ ਜੋ 'ਕਲਾਕਾਰ' ਦੀ ਜਾਤ ਨਾਲ ਜੁੜਿਆ ਹੋਇਆ ਸੀ, ਉਸਨੂੰ ਕਲਾ, ਕਲਾ-ਸਿਧਾਂਤ ਅਤੇ ਕਲਾਕਾਰੀ ਨਾਲ ਜੋੜਿਆ ਜਾ ਸਕਦਾ ਹੈ। ਕਲਾਕਾਰ ਦੀ ਜਾਤ ਬਾਰੇ ਜੋ ਨਿੱਗਰ ਗੱਲਾਂ ਡਾ. ਅਤਰ ਸਿੰਘ ਨੇ ਬੜੀ ਗੰਭੀਰ ਅਤੇ ਸੰਵੇਦਨਸ਼ੀਲ ਸੁਰ ਵਿਚ ਕੀਤੀਆਂ ਸਨ ਉਹਨਾਂ ਦੀ ਨਿਰਖ ਪਰਖ ਹੋ ਸਕਦੀ ਹੈ।

ਦੂਜਾ ਵਿਵਾਦ ਸੱਤਰਵਿਆਂ ਦੇ ਆਰੰਭ ਵਿਚ ਉੱਠਿਆ ਜਦ ਪੰਜਾਬੀ ਸਾਹਿਤ ਦੇ ਅਧਿਐਨ ਅਤੇ ਅਧਿਆਪਨ ਬਾਰੇ ਸੰਰਚਨਾਵਾਦ ਦੀ ਸਾਰਥਕਤਾ ਬਾਰੇ ਚਰਚਾ ਆਰੰਭ ਹੋਈ। ਦੋ ਕੇਂਦਰਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਇਹ ਚਰਚਾ ਆਰੰਭ ਹੋਈ। ਭਾਸ਼ਾ-ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਹੋ ਕੇ ਡਾ. ਹਰਜੀਤ ਸਿੰਘ ਗਿੱਲ ਨਵਾਂ-ਨਵਾਂ ਹੀ ਫਰਾਂਸ ਤੋਂ ਆਇਆ ਸੀ। ਫਰਾਂਸ ਵਿਚ ਰਹਿੰਦਿਆਂ ਉਸਨੇ ਲੈਵੀ ਸੱਤਰਾਸ ਦਾ ਪ੍ਰਭਾਵ ਕਬੂਲ ਕਰ ਲਿਆ ਸੀ ਅਤੇ ਪੰਜਾਬ ਪਹੁੰਚਣ ਉਪਰੰਤ ਇਸਨੂੰ ਪ੍ਰਚਾਰਣ ਦਾ ਉਸਨੇ ਸਿਰਤੋੜ ਯਤਨ ਆਰੰਭ ਕਰ ਦਿਤਾ। ਸੇਖੋਂ-ਆਲੋਚਨਾ ਨੂੰ ਨਕਾਰਣ ਤੋਂ ਬਿਨਾਂ ਉਸਨੂੰ ਲੱਗਿਆ ਕਿ ਇਹ ਟੀਚਾ ਪਰਾਪਤ ਨਹੀਂ ਸੀ ਹੋ ਸਕਦਾ। ਸੋ ਬੜੇ ਖੜਕੇ ਦੜਕੇ ਨਾਲ ਉਸਨੇ ਇਹ ਯਤਨ ਆਰੰਭ ਕੀਤਾ, ਕਿਸ਼ਨ ਸਿੰਘ ਦੀ ਆਲੋਚਨਾ ਦਾ ਵਕੀਲ ਬਣਕੇ ਜਿਸਨੂੰ ਪੰਜਾਬੀ ਵਿਚ ਸੰਰਚਨਾਵਾਦ ਦਾ ਬਾਨੀ ਕਹਿਣ ਤੋਂ ਵੀ ਉਸਨੂੰ ਕੋਈ ਸੰਕੋਚ ਨਹੀਂ ਸੀ। ਕਿਸ਼ਨ ਸਿੰਘ ਤਾਂ ਆਪਣੇ ਆਪ ਨੂੰ ਸਰਬੋਤਮ ਤਰ੍ਹਾਂ ਦਾ ਮਾਰਕਸਵਾਦੀ ਆਲੋਚਕ ਸਮਝਦਾ ਸੀ। ਇਸ ਲਈ ਉਸਨੂੰ ਪਤਾ ਨਹੀਂ ਸੀ ਲੱਗਦਾ ਕਿ ਨਵੀਂ ਉਪਾਧੀ ਉਸਨੂੰ ਵਡਿਆਉਣ ਜਾਂ ਛੁਟਿਆਉਣ ਖ਼ਾਤਰ ਸੀ। ਨਤੀਜਾ ਇਹ ਨਿਕਲਿਆ ਕਿ ਖੋਜਾਰਥੀਆਂ ਅਤੇ ਡਾ. ਗਿੱਲ ਦੇ ਸਹਿਕਰਮੀਆਂ ਦਾ ਰੁਝਾਨ ਤਾਂ ਸੰਰਚਨਾਵਾਦ ਵਿਚ ਜ਼ਰੂਰ ਵਧਿਆ, ਪੰਜਾਬੀ ਸਾਹਿਤ ਦੇ ਅਧਿਆਪਨ ਦਾ ਵੀ ਇਸ ਵੱਲ ਕੁਝ ਰੁਝਾਨ ਬਣਿਆ, ਪਰ ਸਰਵੱਤਰ ਅਧਿਐਨ ਇਸਦੀ ਜਕੜ ਤੋਂ ਮੁਕਤ ਹੀ ਰਿਹਾ।

ਇਸਦੇ ਟਾਕਰੇ ਵਿਚ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਨਿਯੁਕਤ ਹੋ ਚੁੱਕੇ ਡਾ. ਹਰਿਭਜਨ ਸਿੰਘ ਵਧੇਰੇ ਸਾਕਾਰਾਤਮਕ ਪੈਂਤੜਾ ਅਪਣਾਇਆ। ਕਵੀ ਦੇ ਤੌਰ 'ਤੇ ਤਾਂ "ਇਹ ਇੱਕ ਤਾਰਾ ਹੋਰ" ਹੋਣ ਦਾ ਸਵੈਮਾਨ ਉਸਨੂੰ ਹੈ ਹੀ ਸੀ, ਆਲੋਚਨਾ ਦੇ ਖੇਤਰ ਵਿਚ ਵੀ ਉਸਨੇ ਇਹੋ ਜਹੀ ਪੈਂਠ ਬਣਾਉਣ ਦਾ ਦ੍ਰਿੜ੍ਹ ਨਿਰਣਾ ਕਰ ਲਿਆ। ਸਿਧਾਂਤਕ, ਵਿਹਾਰਕ, ਏਥੋਂ ਤੱਕ ਕਿ ਕਾਵਿਕ ਲਿੱਖਤਾਂ ਰਾਹੀਂ ਉਸਨੇ ਅਜਿਹਾ ਸਮਾਂ ਬੰਨ੍ਹਿਆ ਕਿ ਹਰੇਕ ਪਾਸੇ ਬਿਨਾਂ ਇਸਦੀਆਂ ਸੀਮਾਵਾਂ ਜਾਨਣ ਅਤੇ

ਤਰੁੱਟੀਆਂ ਪਹਿਚਾਨਣ ਦੇ, ਸੰਰਚਨਾਵਾਦ ਦਾ ਹੀ ਅਲਾਪ ਹੋਣ ਲੱਗਾ। ਉਸਦੇ ਸਹਿਕਰਮੀਆਂ, ਡਾ. ਤਰਲੋਕ ਸਿੰਘ ਕੰਵਰ ਅਤੇ ਡਾ. ਸਤਿੰਦਰ ਨੂਰ ਨੇ ਉਸ ਨਾਲ ਖ਼ੂਬ ਵਫ਼ਾ ਨਿਭਾਈ। ਇਹ ਵੱਖਰੀ ਗੱਲ ਹੈ ਕਿ ਡਾ. ਕੰਵਰ ਦੀ ਲਿੱਖਤ ਪੇਚੀਦਗੀ ਦੀ ਦਲਦਲ ਵਿਚ ਖੁਭੀ ਰਹਿਣ ਕਰਕੇ ਆਪਣੀ ਕੁਸ਼ਲਤਾ ਤੋਂ ਵਿਹੂਣੀ ਰਹੀ ਅਤੇ ਡਾ. ਨੂਰ ਸਰਲ ਧਾਰਨਾਵਾਂ ਦਾ ਪ੍ਰਵਕਤਾ ਬਣਕੇ ਵਧੇਰੇ ਮਾਣਤਾ ਪਰਾਪਤ ਕਰ ਗਿਆ। ਅੰਤ ਵਿਚ ਜਦ ਦੋਨਾਂ ਨੇ ਡਾ. ਹਰਿਭਜਨ ਸਿੰਘ ਨੂੰ ਅਲਵਿਦਾ ਆਖ ਦਿੱਤੀ ਤਾਂ ਜਾਤੀ ਤੌਰ 'ਤੇ ਉਹਨਾਂ ਤਿੰਨਾਂ ਲਈ ਹੀ ਨਹੀਂ ਸਗੋਂ ਸੰਰਚਨਾਵਾਦ ਤੋਂ ਪ੍ਰੇਰਿਤ ਅਧਿਐਨ ਅਤੇ ਅਧਿਆਪਨ ਲਈ ਵਿਰੋਧਾਭਾਸੀ ਸਥਿਤੀ ਬਣ ਗਈ।

ਪਟਿਆਲਾ ਸਥਿਤ ਸੰਰਚਨਾਵਾਦ ਦੇ ਮੁਦੱਈਆਂ ਦਾ ਜੋ ਦਿੱਲੀ ਸਥਿਤ ਪ੍ਰਤੀਦਵੰਦੀਆਂ ਨਾਲ ਵਿਵਾਦ ਚੱਲਿਆ ਉਹ ਮੁੱਢ ਤੋਂ ਹੀ ਕੱਟੜ ਅਤੇ ਕਠੋਰ ਰੁਖ ਅਖ਼ਤਿਆਰ ਕਰ ਗਿਆ। ਪੰਜਾਬ ਵਿਚਲੇ ਮਾਰਕਸੀ ਆਲੋਚਕਾਂ ਨਾਲ ਜੋ ਵਿਵਾਦ ਚੱਲਿਆ ਉਹ ਬੌਧਿਕ ਪੱਧਰ ਕਾਇਮ ਰੱਖਣ ਵਿਚ ਸਫਲ ਰਿਹਾ। ਇਸਦਾ ਆਰੰਭ ਮੇਰੇ ਵਲੋਂ ਲਿਖੇ ਲੇਖ 'ਬਾਰਤ-ਪ੍ਰੇਮੀਆਂ ਨਾਲ ਸੰਵਾਦ' ਤੋਂ ਹੋਇਆ ਜੋ 'ਇਕੱਤੀ ਫ਼ਰਵਰੀ' ਦੇ ਬਾਰਤ-ਅੰਕ ਬਾਰੇ ਲਿਖਿਆ ਗਿਆ। ਇਹ ਸਿਧਾਂਤਕ ਲੇਖ ਸੀ ਜਿਸਦੀ ਪ੍ਰਸੰਸਾ ਵਿਚ ਡਾ. ਹਰਜੀਤ ਸਿੰਘ ਗਿੱਲ ਦੀ ਲੰਮੀ ਇੰਟਰਵਿਊ ਵੀ ਛਪੀ। ਸਿਧਾਂਤਕ ਪੱਧਰ 'ਤੇ ਡਾ. ਰਵਿੰਦਰ ਰਵੀ ਦੀ ਆਮਦ ਨੇ ਛਿੜੇ ਵਿਵਾਦ ਨੂੰ ਹੋਰ ਵੀ ਪ੍ਰਚੰਡ ਕਰ ਦਿੱਤਾ। ਬਾਰਤ ਬਾਰੇ ਜੋ ਉਸਦੇ ਚਾਰ ਲੇਖ ਛਪੇ ਉਸਨੇ ਸੰਰਚਨਾਵਾਦ ਦੇ ਸਿਧਾਂਤ ਦੀ ਖ਼ੂਬ ਪਛਾਣ ਕਰਵਾ ਦਿਤੀ। ਡਾ. ਜੁਗਿੰਦਰ ਸਿੰਘ ਰਾਹੀ ਅਤੇ ਡਾ. ਕੇਸਰ ਸਿੰਘ ਕੇਸਰ ਨੇ ਵਿਹਾਰਕ ਆਲੋਚਨਾ ਦੇ ਖੇਤਰ ਵਿਚ ਵਧੀਆ ਕਰਤੱਵ ਨਿਭਾਇਆ।

ਨਤੀਜਾ ਇਹ ਹੋਇਆ ਕਿ ਸੰਰਚਨਾਵਾਦ ਦਾ ਦੁਵੱਲਾ ਹੜ੍ਹ, ਜੋ ਪੰਜਾਬੀ ਅਧਿਐਨ ਅਤੇ ਅਧਿਆਪਨ ਨੂੰ ਹੜ੍ਹ ਵਜੋਂ ਆਪਣੇ ਨਾਲ ਰੋੜ੍ਹ ਕੇ ਲੈ ਜਾਣ ਲਈ ਤੱਤਪਰ ਸੀ, ਪ੍ਰਯੋਜਨ ਵਿਚ ਪੂਰਾ ਸਫਲ ਨਾ ਹੋਇਆ। ਸਾਨੂੰ, ਭਾਵ ਮਾਰਕਸੀ ਆਲੋਚਕਾਂ ਨੂੰ ਆਪਣੀ ਆਲੋਚਨਾ-ਵਿਧੀ ਵਿਚ ਵਿਧਾ, ਸ਼ੈਲੀ ਅਤੇ ਭਾਸ਼ਾ ਨਾਲ ਸਬੰਧ ਰੱਖਦੀਆਂ ਜੁਗਤਾਂ ਰਲਾਉਣ ਤੋਂ ਸੰਕੋਚ ਨਾ ਰਿਹਾ। ਇਸ ਪ੍ਰਕਾਰ ਅਧਿਆਪਨ ਅਤੇ ਖੋਜ ਦੇ ਖੇਤਰਾਂ ਵਿਚ ਭਾਵੇਂ ਸੰਰਚਨਾਵਾਦ ਅਤੇ ਇਸਦੀਆਂ ਧਾਰਨਾਵਾਂ ਨੂੰ ਪੇਸ਼ ਕੀਤਾ ਜਾਂਦਾ ਰਿਹਾ, ਪਰ ਸਾਹਿਤ ਦੇ ਅਧਿਐਨ, ਸੁਹਜ ਅਤੇ ਮਾਨਣ ਦਾ ਵਿਸ਼ਾਲਤਰ ਖੇਤਰ ਇਤਿਹਾਸ, ਸਭਿਆਚਾਰ ਸਮਾਜ ਅਤੇ ਵਿਚਾਰਧਾਰਾ ਦੀਆਂ ਇਕਾਈਆਂ ਦੀ ਸਾਰ ਲੈਂਦਾ ਰਿਹਾ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਸੰਰਚਨਾਵਾਦ ਦੀ ਵਕਾਲਤ ਕਰਨ ਵਾਲੇ ਮਾਰਕਸਵਾਦ ਦੇ ਵਿਰੋਧ

ਵਿਚ ਪੇਤਲੀਆਂ ਜਹੀਆਂ ਧਾਰਨਾਵਾਂ ਦਾ ਹੀ ਸਹਾਰਾ ਭਾਲਦੇ ਸਨ ਜਿਸ ਨਾਲ ਉਹਨਾਂ ਦੇ ਪ੍ਰਯੋਜਨ ਨੂੰ ਬਹੁਤਾ ਬਲ ਨਹੀਂ ਸੀ ਮਿਲਦਾ। ਸੰਰਚਨਾਵਾਦ ਬਾਰੇ ਮਾਰਕਸੀ ਆਲੋਚਕਾਂ ਦੀਆਂ ਧਾਰਨਾਵਾਂ, ਭਿੰਨ ਹੋਣ ਦੇ ਬਾਵਜੂਦ, ਵਜ਼ਨਦਾਰ ਸਨ ਜਿਸ ਕਰਕੇ ਪਾਠਕਾਂ ਅਤੇ ਸਾਹਿਤ-ਰਸੀਆਂ ਦਾ ਉਹਨਾਂ ਤੋਂ ਵਿੱਥ ਬਣਾਉਣਾ ਸਹਿਜ ਨਹੀਂ ਸੀ।

ਤੀਜਾ ਵਿਵਾਦ ਨੱਵੇਵਿਆਂ ਦੇ ਅੱਧ ਤੋਂ ਆਰੰਭ ਹੋਇਆ ਹੈ ਜਦੋਂ ਅੱਧ ਤੋਂ ਆਰੰਭ ਹੋਇਆ ਹੈ ਜਦੋਂ ਉੱਤਰ-ਆਧੁਨਿਕਤਾਵਾਦ ਦੀ ਚਰਚਾ ਹੋਣ ਲੱਗੀ। ਇਸ ਵਿਚ ਪਹਿਲ ਡਾ. ਹਰਿਭਜਨ ਸਿੰਘ ਦੇ ਕਿਸੇ ਵੇਲੇ ਰਹਿ ਚੁਕੇ ਸਹਿਕਰਮੀਆਂ ਨੇ ਕੀਤੀ। ਡਾ. ਸਤਿੰਦਰ ਨੂਰ, ਡਾ. ਗੁਰਭਗਤ ਸਿੰਘ, ਅਮਰਜੀਤ ਗਰੇਵਾਲ, ਡਾ. ਰਾਜਿੰਦਰ ਬਰਾੜ, ਡਾ. ਵਨੀਤਾ ਆਦਿ ਨੂੰ ਅਲਪ ਬਿਰਤਾਂਤ, ਇੱਛਾ ਕ੍ਰੀੜਾ, ਦੇਹ ਅਤੇ ਕਾਮ ਨਾਲ ਜੁੜੇ ਨਿਕਟਵਰਤੀ ਸਰੋਕਾਰਾਂ ਵਿਚ ਹੀ ਮਾਨਵੀ ਜੀਵਨ ਦਾ ਸਾਰ ਨਜ਼ਰ ਆਇਆ। ਆਧੁਨਿਕਤਾ ਨੂੰ ਹੀ ਨਹੀਂ ਸਗੋਂ ਮਾਰਕਸਵਾਦ ਨਵਮਾਰਕਸਵਾਦ ਅਤੇ ਆਧੁਨਿਕ ਬੋਧ ਨੂੰ ਉਤਸਾਹਿਤ ਕਰਨ ਵਾਲੀ ਹਰੇਕ ਚਿੰਤਨ-ਪ੍ਰਣਾਲੀ ਉਹਨਾਂ ਨੂੰ ਵੇਲਾ ਵਿਹਾ ਚੁੱਕੀ ਪ੍ਰਤੀਤ ਹੋਈ। ਕੌਮਾਂਤਰੀ, ਕੌਮ ਅਤੇ ਖੇਤਰੀ ਪੱਧਰਾਂ 'ਤੇ ਜੋ ਤਬਦੀਲੀਆਂ ਵਾਪਰ ਰਹੀਆਂ ਸਨ ਉਹਨਾਂ ਨੂੰ ਅਮੋੜ ਅਤੇ ਅਨਿਵਾਰੀ ਜਾਨਣ ਵਾਲਿਆਂ ਸੱਤਾ ਅਤੇ ਸਾਸ਼ਨ ਨਾਲ ਇਕਸੁਰਤਾ ਦੇ ਚਾਹਵਾਨਾਂ ਲਈ ਇਸ ਤਰ੍ਹਾਂ ਮਹਿਸੂਸ ਕਰਨਾ ਸੁਭਾਵਕ ਸੀ।

ਇਹ ਸਵੀਕਾਰ ਕੇ ਵੀ ਕਿ ਇੱਕੀਵੀਂ ਸਦੀ ਦੇ ਆਰੰਭ ਨਾਲ ਜੀਵਨ ਵਿਚ ਬੁਨਿਆਦੀ ਤਬਦੀਲੀ ਦੇ ਆਸਾਰ ਉੱਭਰ ਆਏ ਹਨ, ਦੂਰਵਰਤੀ ਸਰੋਕਾਰਾਂ ਦੀ ਥਾਂ ਨਿਕਟਵਰਤੀ ਸਰੋਕਾਰਾਂ ਨੇ ਲੈ ਲਈ ਹੈ, ਮੈਨੂੰ ਸੱਤਾ ਅਤੇ ਸਾਸ਼ਨ ਦੇ ਨਾਲ ਇਕਸੁਰ ਹੋਣਾ ਅਸੁਭਾਵਕ ਲੱਗਦਾ ਸੀ। ਸੋ ਪਿਛਲੇ ਸਾਲਾਂ ਵਿਚ ਲਿਖੇ ਮੇਰੇ ਗ੍ਰਾਮਸ਼ੀ ਬਾਰੇ ਚਾਰ ਪੰਜ ਲੇਖ, ਉੱਤਰ ਸੰਰਚਨਾਵਾਦ ਅਤੇ ਵਿਰਚਨਾਵਾਦ ਬਾਰੇ ਲਿਖੇ ਲੇਖ ਆਧੁਨਿਕਤਾ ਦੇ ਉਸ ਰੂਪ ਨੂੰ ਬਲ ਬਖਸ਼ਣਾ ਲੋੜਦੇ ਹਨ ਜੋ ਇਸ ਨਾਲ ਹੋਏ ਵਿਕਾਸ ਨੂੰ ਮੁੱਢੋਂ ਸੁੱਢੋਂ ਨਕਾਰਦੇ ਨਹੀਂ, ਨਾ ਇਸਦੇ ਨਾਕਾਰਾਤਮਿਕ ਪੱਖਾਂ ਨੂੰ ਸਵੀਕਾਰ ਕਰਨ ਲਈ ਪ੍ਰੇਰਦੇ ਹਨ ਅਤੇ ਨਾ ਉੱਤਰ-ਆਧੁਨਿਕਤਾ ਦੇ ਉਹਨਾਂ ਪੱਖਾਂ ਤੋਂ ਮੁਨਕਰ ਹਨ ਜੋ ਆਧੁਨਿਕਤਾ ਨੂੰ ਨਵੇਂ ਆਕਾਰ ਪ੍ਰਦਾਨ ਕਰਨਾ ਲੋੜਦੇ ਹਨ। ਇਸ ਪ੍ਰਸੰਗ ਵਿਚ ਮੈਨੂੰ ਜਾਪਦਾ ਹੈ ਕਿ ਜਿਹੜੇ ਮੇਰੇ ਸਮਕਾਲੀਆਂ ਨੇ ਸੰਰਚਨਾਵਾਦ ਨਾਲ ਹੋਏ ਵਿਵਾਦ ਵਿਚ ਸਰਗਰਮ ਭਾਗ ਲਿਆ ਸੀ ਉਹ ਇਸ ਪੜਾਅ ਤੇ ਅਕਰਮਕ ਹੋ ਕੇ ਰਹਿ ਗਏ ਹਨ। ਸਕਰਮਕ ਹੋਣ ਦਾ ਅਵਸਰ ਮੇਰੀ ਪੁਸ਼ਤ ਤੋਂ ਬਾਅਦ ਦੇ ਆਲੋਚਕ ਵਧੇਰੇ ਤੀਬਰਤਾ ਨਾਲ ਮਾਣ ਰਹੇ ਹਨ। ਉਹਨਾਂ ਵਿਚ ਡਾ. ਜਸਵਿੰਦਰ ਸਿੰਘ, ਡਾ. ਜਗਜੀਤ ਸਿੰਘ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਸਰਬਜੀਤ ਸਿੰਘ ਅਤੇ ਡਾ.

ਸੁਰਜੀਤ ਦਾ ਨਾਂ ਵਿਸ਼ੇਸ਼ ਵਰਨਣ ਦਾ ਅਧਿਕਾਰੀ ਹੈ। ਇਹਨਾਂ ਨਾਲ ਸੰਵਾਦ ਬਣਾਈ ਰੱਖਣ ਦਾ ਮੈਂ ਤਹਿ ਦਿਲੋਂ ਅਭਿਲਾਖੀ ਹਾਂ। ਉਹਨਾਂ ਵਲੋਂ ਮਿਲਦਾ ਹੁੰਗਾਰਾ ਵੀ ਸ਼ਲਾਘਾਯੋਗ ਹੈ।

? ਤੁਹਾਡੀ ਨਜ਼ਰ ਵਿਚ ਸਮਕਾਲੀ ਚਿੰਤਨ ਦੇ ਕਿਹੜੇ ਨਿਰਣੇ ਵਧੇਰੇ ਪ੍ਰਮਾਣਕ ਅਤੇ ਪ੍ਰਭਾਵਕ ਹਨ?

– ਪ੍ਰਭੂਸੱਤਾ ਦਾ ਤਸੱਵਰ ਮੈਨੂੰ ਸਮਕਾਲੀ ਚਿੰਤਨ ਦਾ ਸੱਭ ਤੋਂ ਪ੍ਰਮਾਣਕ ਅਤੇ ਪ੍ਰਭਾਵਕ ਨਿਰਣਾ ਪ੍ਰਤੀਤ ਹੁੰਦਾ ਹੈ। ਇਸਨੂੰ ਪ੍ਰਮੁੱਖ ਸਰੋਕਾਰ ਚਿਤਵਣ ਨਾਲ ਉਹ ਸਾਰੀਆਂ ਔਕੜਾਂ ਜੋ ਵਿਸ਼ਵੀਕਰਣ, ਉਦਾਰੀਕਰਣ, ਮੰਡੀਕਰਣ ਆਦਿ ਕਾਰਨ ਦਰਪੇਸ਼ ਹਨ ਅਤੇ ਜਿਨ੍ਹਾਂ ਦੀ ਮਾਤਰਾ ਵੱਧਦੀ ਜਾਂਦੀ ਹੈ, ਮਾਨਵੀ ਪਕੜ ਵਿਚ ਆ ਸਕਦੀਆਂ ਹਨ। ਕਿਉਂਕਿ ਦ੍ਰਿਸ਼ਟੀ ਸਮੇਤ ਇਸ ਦੇ ਪ੍ਰਮੁੱਖ ਸਰੋਕਾਰ ਬਣਨ ਨਾਲ, ਸਿਮਰਿਤੀ ਅਤੇ ਤਸੱਵਰ ਦੇ ਕਾਰਗਰ ਰਹਿਣ ਦਾ ਵੀ ਇਕਰਾਰ ਹੈ ਇਸ ਲਈ ਭਵਿੱਖ ਵਿਚ ਦਰਪੇਸ਼ ਹੋਣ ਵਾਲੀਆਂ ਔਕੜਾਂ ਤੋਂ ਵੀ ਇਸਦੀ ਯੋਗਤਾ ਦੇ ਬਲਬੋਤੇ 'ਤੇ ਚੇਤੰਨ ਰਿਹਾ ਜਾ ਸਕਦਾ ਹੈ। ਸਾਹਿਤ-ਰਚਨਾ ਦੇ ਖੇਤਰ ਵਿਚ ਦੂਰਵਰਤੀ ਸਰੋਕਾਰਾਂ ਦੇ ਲੋਪ ਹੋਣ, ਨਿਕਟਵਰਤੀ ਸਰੋਕਾਰਾਂ ਦੇ ਸਭ ਕੁਝ ਹੋ ਗੁਜ਼ਰਣ, ਭੁਲਾਵੇ ਦਾ ਸੰਸਾਰ ਸਿਰਜਣ ਨਾਲ ਜੋ ਨਿਰਬਲਤਾ ਆਈ ਹੈ, ਉਸ ਨਾਲ ਵੀ ਸਿਝਿਆ ਜਾ ਸਕਦਾ ਹੈ।

ਜਿਸ ਪ੍ਰਭੂਸੱਤਾ ਦੀ ਮੈਂ ਏਥੇ ਗੱਲ ਕਰ ਰਿਹਾ ਹਾਂ ਉਹ ਉਸ ਭਾਵਾਰਥ ਵਾਲੀ ਹੈ ਜਿਸ ਨੂੰ ਅਤਾਲਵੀ ਚਿੰਤਕ ਅਨਤੋਨੀਓ ਗ੍ਰਾਮਸ਼ੀ ਨੇ ਚਿਤਵਿਆ ਅਤੇ ਵਿਸਥਾਰਿਆ ਹੈ। ਬੰਦੀਖ਼ਾਨੇ ਵਿਚੋਂ ਲਿਖੀਆਂ ਉਸਦੀਆਂ ਚਿੱਠੀਆਂ, ਉਥੇ ਸੰਕਲਪੀਆਂ ਅਤੇ ਖਿੰਡੇ ਪੁੰਡੇ ਰੂਪ ਵਿਚ ਕਾਗਜ਼ 'ਤੇ ਉਤਾਰੀਆਂ ਕਿਰਤਾਂ ਦੀ ਅਨੇਕਤਾ ਵਿਚ ਇਸੇ ਵਿਕਲਪ ਦੀ ਏਕਤਾ ਸਮਾਈ ਹੋਈ ਹੈ। ਉਸ ਅਨੁਸਾਰ ਸੱਤਾ ਦੀ ਥਾਂ ਮੇਲ ਜੋਲ ਹੈ ਜੋ ਮਾਨਵਤਾ ਦੀ ਖ਼ੁਸ਼ੀ, ਖ਼ੁਸ਼ਹਾਲੀ, ਭਾਵੁਕ ਸੰਜ਼ੀਦਗੀ, ਬੌਧਿਕ ਗਹਿਰਾਈ ਅਤੇ ਅਨੁਭਵੀ ਪ੍ਰਮਾਣਕਤਾ ਦਾ ਵਿਸ਼ਵਾਸ ਦ੍ਰਿੜ੍ਹ ਕਰਦਾ ਹੈ। ਇਸਨੂੰ ਪ੍ਰਬਲ ਰੱਖਣ ਖ਼ਾਤਰ ਬਹੁ-ਪਰਤੀ ਅੰਤਰ-ਕਿਰਿਆ, ਮਾਨਵ ਅਤੇ ਉਸਦੇ ਆਪੇ, ਮਾਨਵ ਅਤੇ ਸਮਾਜ, ਮਾਨਵ ਅਤੇ ਕੁਦਰਤ ਆਦਿ ਵਿਚਕਾਰ ਲੋੜੀਂਦੀ ਹੈ। ਇਤਿਹਾਸਕ ਤਬਦੀਲੀ, ਸੱਤਾ ਦੇ ਬੇਮੁਹਾਰਾ ਵਿਗਸਣ, ਸਾਸ਼ਨ ਸੋਸ਼ਣ ਦੇ ਆਪ ਮੁਹਾਰਾ ਹੋ ਜਾਣ ਅਤੇ ਸਜ਼ਾ ਦੇ ਕਲਿਆਣਕਾਰੀ ਸਮਝੇ ਜਾਣ ਨਾਲ ਜ਼ਿੰਦਗੀ ਵਿਚ ਜੋ ਵਿਗਾੜ ਆਉਂਦਾ ਹੈ, ਮਾਨਸਿਕਤਾ ਗੌਣ ਹੁੰਦੀ ਹੈ ਅਤੇ ਸੰਸਥਾਵਾਂ, ਸੰਰਚਨਾਵਾਂ ਦੇ ਬੁੱਧ-ਵਿਵੇਕ ਤੇ ਹਾਵੀ ਹੋ ਜਾਣ ਦਾ ਖਦਸ਼ਾ ਪੈਦਾ ਹੁੰਦਾ ਹੈ ਉਸ ਸਭ ਵਿਰੁਧ ਸੰਘਰਸ਼ ਵਿੱਢਣ ਲਈ ਪ੍ਰਭੂਸੱਤਾ ਨੂੰ ਚਮਕਦਾ ਦਮਕਦਾ ਆਦਰਸ਼ ਬਣਾਈ ਰੱਖਣਾ ਆਵੱਸ਼ਕ ਹੈ।

ਭਾਸ਼ਾ ਇਸਦਾ ਸਭ ਤੋਂ ਕਾਰਗਰ ਮਾਧਿਅਮ ਹੈ ਜਿਸਦੇ ਲਿਖਤੀ ਰੂਪ ਦੀ

ਲੌਕਿਕ ਰੂਪ ਜਿੰਨੀ ਹੀ ਅਹਿਮੀਅਤ ਹੋਣੀ ਚਾਹੀਦੀ ਹੈ ਅਤੇ ਅਨਿਵਾਰਤਾ ਬਣਨੀ ਜ਼ਰੂਰੀ ਹੈ। ਨਿਰਸੰਦੇਹ ਦੋਹਾਂ ਦੀ ਦਿਸ਼ਾ ਅਤੇ ਦਸ਼ਾ ਵਿਚ ਵਿਸ਼ੇਸ਼ ਅੰਤਰ ਹੈ ਜੋ ਸਜੀਵ ਬਣੇ ਰਹਿਣਾ ਚਾਹੀਦਾ ਹੈ। ਦੈਰੀਦਾ ਦਾ ਵਿਰਚਨਾ-ਸਿਧਾਂਤ ਜਿਵੇਂ ਲੌਕਿਕ ਰੂਪ ਦਾ ਲਿਖਤੀ ਰੂਪ ਵਿਚ ਅਨੁਮੂਲਣ ਲੋੜਦਾ ਸੀ ਜਾਂ ਇਸ ਤੋਂ ਪੂਰਵਲੇ ਸੰਰਚਨਾਵਾਦੀ ਸਿਧਾਂਤ ਨੇ ਜਿਵੇਂ ਇਸਦੇ ਲੌਕਿਕ ਰੂਪ ਨੂੰ ਸਾਗਰ ਮਿਥਕੇ ਲਿਖਤੀ ਰੂਪ ਨੂੰ ਨਿਖੜਦਾ ਦਰਿਆ ਸਮਝਿਆ ਸੀ ਉਹਨਾਂ ਵਿਚ ਇਸਦੀ ਸਹੀ ਤਸਵੀਰ ਪੇਸ਼ ਨਹੀਂ ਹੁੰਦੀ। ਸਾਹਿਤ-ਰਚਨਾ ਤੋਂ ਬਾਹਰਲੇ ਕਲਾ-ਰੂਪ, ਸੰਗੀਤ, ਚਿੱਤਰਕਾਰੀ, ਸੰਚਾਰ-ਮਾਧਿਅਮ ਦੇ ਵਾਹਣ, ਸਿਨਮਾ ਅਤੇ ਟੈਲੀਵਿਜ਼ਨ ਦੀਆਂ ਜੁਗਤਾਂ ਅਤੇ ਵਿਧੀਆਂ ਜੇ ਭਾਸ਼ਾ ਵਿਚ ਪ੍ਰਵੇਸ਼ ਕਰਦੀਆਂ ਰਹਿਣ ਤਾਂ ਇਸਦੀ ਸਮਰਥਾ, ਪ੍ਰਭੂਸੱਤਾ ਨੂੰ ਹੋਰ ਵੀ ਭਾਵ-ਉਤੇਜਿਕ ਅਤੇ ਚਿੰਤਨ-ਪ੍ਰੇਰਿਕ ਸਿੱਧ ਕਰ ਸਕਦੀ ਹੈ।

ਏਥੇ ਦੇਖਣ ਵਾਲੀ ਗੱਲ ਇਹ ਵੀ ਹੈ ਕਿ ਸੱਤਾ ਜਿੰਨੀ ਹਾਵੀ ਸੰਗੀਤ ਅਤੇ ਚਿੱਤਰਕਾਰੀ ਤੇ ਹੋ ਸਕਦੀ ਹੈ, ਆਗਿਆਕਾਰ ਬਣਕੇ ਉਹਨਾਂ ਨੂੰ ਆਗਿਆਪਾਲਕ ਬਣਾ ਸਕਦੀ ਹੈ, ਭਾਸ਼ਾ ਵਿਚ ਇਹ ਉਤਨਾ ਸੰਭਵ ਨਹੀਂ। ਸਿਨਮਾ ਅਤੇ ਟੈਲੀਵਿਜ਼ਨ ਤਾਂ ਸਾਸ਼ਨ, ਸੋਸ਼ਣ ਅਤੇ ਸਜ਼ਾ ਪ੍ਰਤੀ ਵੀ ਸੁਚੇਤ ਰਹਿਣ ਵਿਚ ਆਪਣਾ ਭਲਾ ਦੇਖਦੇ ਰਹਿੰਦੇ ਹਨ। ਏਸੇ ਕਾਰਨ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਵਿਚ ਖ਼ਾਸ ਕਰਕੇ ਭਾਸ਼ਾ ਦੀ ਦੇਣ ਹਾਵਾਂ/ਭਾਵਾਂ ਦੀ ਚੰਚਲਤਾ ਦੇ ਅਧੀਨ ਹੋਣਾ ਲੋੜਦੀ ਹੈ। ਇਸ ਤੋਂ ਅਨੁਮਾਨ ਇਹ ਬਣਦਾ ਹੈ ਕਿ ਸਿਨਮਾ ਅਤੇ ਟੈਲੀਵਿਜ਼ਨ ਦੀਆਂ ਵਿਧੀਆਂ ਅਤੇ ਜੁਗਤਾਂ ਨੂੰ ਭਾਸ਼ਾ ਦੀਆਂ ਵਿਧੀਆਂ ਅਤੇ ਜੁਗਤਾਂ ਦੀ ਪ੍ਰਮੁੱਖਤਾ ਅਧੀਨ ਲਿਆਉਣਾ ਪ੍ਰਭੂਸੱਤਾ ਨੂੰ ਵਧੇਰੇ ਪੁੱਗਦਾ ਹੈ। ਇਸਦਾ ਉਲਟ ਸੱਤਾ, ਸਾਸ਼ਨ ਅਤੇ ਸੋਸ਼ਣ ਦਾ ਹੀ ਪੱਖ ਪੂਰਦਾ ਹੈ ਜਿਸ ਤੋਂ ਪ੍ਰਭੂਸੱਤਾ ਨੂੰ ਕੋਈ ਬਲ ਨਹੀਂ ਮਿਲ ਸਕਦਾ।

? ਕੀ ਸਮਕਾਲੀ ਚਿੰਤਨ ਸਮਕਾਲੀ ਯਥਾਰਥ ਦਾ ਸਹੀ ਅਤੇ ਸੰਤੁਲਤ ਵਿਸ਼ਲੇਸ਼ਣ ਕਰਨ ਦੇ ਸਮਰਥ ਹੈ? ਕੀ ਇਹ ਜ਼ਿਆਦਾ ਹੀ ਅੰਤਰ-ਵਿਰੋਧਾਂ ਨਾਲ ਭਰਦਾ ਤਾਂ ਨਹੀਂ ਜਾ ਰਿਹਾ?

– ਜੇ ਦੈਰੀਦਾ ਦੇ ਵਿਚਰਨਾ-ਸਿਧਾਂਤ ਨੂੰ ਸਮਕਾਲੀ ਯਥਾਰਥ ਦੇ ਵਿਸ਼ਲੇਸ਼ਣ ਦੀ ਵਿਧੀ ਮੰਨ ਲਿਆ ਜਾਵੇ ਤਾਂ ਇਹ ਮਨੌਤ ਸੱਚ ਦੇ ਨਾਲ ਕੱਚ ਦੀ ਧਾਰਨੀ ਵੀ ਹੋ ਨਿਬੜਦੀ ਹੈ। ਸੱਚ ਦੀ ਧਾਰਨੀ ਇਹ ਇਸ ਕਾਰਨ ਬਣਦੀ ਹੈ ਕਿ ਇਸ ਭਾਵ ਪ੍ਰਭਾਵ ਨਾਲ ਕਿ ਕੁਝ ਵੀ ਸਥਿਰ ਨਹੀਂ, ਵਿਰਚਨਾ-ਸਿਧਾਂਤ ਦੀ ਲੋਅ ਵਿਚ ਵਿਗਸਣ ਵਾਲੀ ਵਿਧੀ ਵਹਿਮਾਂ, ਭਰਮਾਂ, ਬੇ-ਬੁਨਿਆਦ ਹੋ ਗਏ ਵਿਸ਼ਵਾਸਾਂ, ਇੱਛਾਵਾਂ ਦੀ ਮ੍ਰਿਗ-ਤ੍ਰਿਸ਼ਨਾ ਮਗਰ ਲੱਗ ਕੇ ਬਣੇ ਆਦਰਸ਼ਾਂ ਆਦਿ ਨੂੰ ਕੱਚ ਸਿੱਧ ਕਰਦੀ ਹੈ ਤਾਂ ਸੁੱਚੀ ਸੱਚੀ

ਪ੍ਰਮਾਣਕ ਆਧਾਰ-ਸ਼ਿਲਾ ਵਲ ਪਹਿਲਕਦਮੀ ਦੀ ਸੰਭਾਵਨਾ ਨੂੰ ਬਲ ਮਿਲਣ ਦੀ ਆਸ ਪੁੰਗਰਣ ਲੱਗ ਪੈਂਦੀ ਹੈ। ਪਰ ਜਦ ਇਸ ਆਸ ਦੇ ਪੁੰਗਰਣ ਨੂੰ ਵੀ ਪਹਿਲੀ ਤਰ੍ਹਾਂ ਦੀ ਕਚਿਆਈ ਵਜੋਂ ਹੀ ਪੇਸ਼ ਕਰਨਾ ਕਸਬ ਬਣ ਜਾਂਦਾ ਹੈ ਤਾਂ ਲੱਗਣ ਲੱਗ ਪੈਂਦਾ ਹੈ ਕਿ ਭਾਵਾਂ, ਪ੍ਰਭਾਵਾਂ, ਵਿਚਾਰਾਂ ਆਦਿ ਦਾ ਭਰਮ ਜਾਲ ਹੀ ਬੁਣਿਆ ਜਾ ਰਿਹਾ ਹੈ। ਇਸ ਕਾਰਨ ਵੀ ਇਸਦਾ ਇਉਂ ਲੱਗਣਾ ਵਾਸਤਵਕ ਹੈ ਕਿ ਇਸ ਵਿਧੀ ਨੂੰ ਕਾਰਗਰ ਕਰਨ ਹਿੱਤ ਜੋ ਜੁਗਤਾਂ ਵਰਤੋਂ ਵਿਚ ਆਉਂਦੀਆਂ ਹਨ ਉਹ ਵਭਿੰਨ ਗਿਆਨ-ਪ੍ਰਬੰਧਾਂ ਅਤੇ ਅਨੁਭਵ-ਖੇਤਰਾਂ ਨਾਲ ਸਬੰਧ ਰਖਦੀਆਂ ਹਨ। ਮਿਸਾਲ ਦੇ ਤੌਰ ਤੇ ਜੇ ਅੰਤਰ-ਸਥਗਣ ਦਾ ਸਬੰਧ ਗਿਆਨ-ਮੀਮਾਂਸਾ ਨਾਲ ਹੈ ਤਾਂ ਕੰਵਾਰ-ਪਰਦਾ ਕਾਮੁਕਤਾ ਦੇ ਖੇਤਰ ਵਿਚੋਂ ਪ੍ਰਵੇਸ਼ ਕਰਦੀ ਹੈ। ਦੋਨਾਂ ਵਿਚਕਾਰ ਕਿਸੇ ਤਰ੍ਹਾਂ ਦੀ ਵਿਚੋਲਗੀ ਬਣਾਉਣ ਦਾ ਯਤਨ ਨਜ਼ਰ ਨਹੀਂ ਆਉਂਦਾ।

ਅੱਗੇ ਚੱਲਕੇ ਇਸਦਾ ਸਬੰਧ ਦੈਰੀਦਾ ਦੀ ਸ਼ੈਲੀ ਨਾਲ ਵੀ ਜਾ ਜੁੜਦਾ ਹੈ। ਲੌਕਿਕ ਬੋਲੀ ਦੇ ਸ਼ਬਦਾਂ, ਲਹਿਜਿਆਂ, ਉਚਾਰਾਂ, ਆਦਿ ਨੂੰ ਲਿਖਤੀ ਭਾਸ਼ਾ ਦੀ ਵਾਕ-ਬਣਤਰ ਵਿਚ ਇਉਂ ਲੋਪ ਕਰਨ ਦਾ ਯਤਨ ਕੀਤਾ ਹੁੰਦਾ ਹੈ, ਵਿਰੋਧਾਂ ਵਸ ਕੀਤਾ ਹੁੰਦਾ ਹੈ, ਨਿਹਿਤ ਅਤੇ ਪ੍ਰਗਟ ਨੂੰ ਪਾਸ਼ ਪਾਸ਼ ਕੀਤਾ ਹੁੰਦਾ ਹੈ ਕਿ ਬੇਲੋੜੀ ਪੇਚੀਦਗੀ ਦਾ ਪਾਰਾਵਾਰ ਸਿਰਜਿਆ ਜਾਂਦਾ ਹੈ। ਸਪਸ਼ਟ ਅਤੇ ਅਸਪਸ਼ਟ ਨੂੰ ਇਕੋ ਜਿਹਾ ਮਹੱਤਵ ਮਿਲਿਆ ਲੱਗਣ ਲੱਗ ਪੈਂਦਾ ਹੈ। ਕਈ ਵਾਰ ਤਾਂ ਇਹ ਅਮਲ ਇਸ ਇੰਤਹਾ ਨੂੰ ਪਹੁੰਚ ਜਾਂਦਾ ਹੈ ਕਿ ਚੌਮਸਕੀ ਵਰਗੇ ਪ੍ਰਤਿਭਾਵਾਨ ਭਾਸ਼ਾ ਵਿਗਿਆਨੀ ਅਤੇ ਉੱਚ ਕੋਟੀ ਦੇ ਬੁੱਧੀਜੀਵੀ ਨੂੰ ਵੀ ਇਉਂ ਲੱਗਣ ਲੱਗ ਪੈਂਦਾ ਹੈ ਕਿ ਦੈਰੀਦਾ ਦਾ ਮੰਤਵ ਹੀ ਭਰਮਜਾਲ ਸਿਰਜਣਾ ਹੈ। ਚੌਮਸਕੀ ਤੋਂ ਵਿੱਥ ਬਣਾਉਂਦਾ ਹੋਇਆ ਮੈਂ ਇਹ ਕਹਿਣਾ ਚਾਹਾਂਗਾ ਕਿ ਅਜੇਹਾ ਭਰਮਜਾਲ ਸਿਰਜਣਾ ਦੈਰੀਦਾ ਦਾ ਮੰਤਵ ਨਹੀਂ। ਉਸਦਾ ਮੰਤਵ ਤਾਂ ਕੁੱਲ ਯਥਾਰਥ ਦੀ ਬੇਪਰਦਗੀ ਕਰਨ ਹੈ ਤਾਂ ਜੋ ਇਸਦੀ ਅਸਥਿਰਤਾ, ਇਸਨੂੰ ਗਤੀ ਬਖ਼ਸ਼ ਰਹੇ ਵਿਰੋਧਾਂ ਅਤੇ ਉਹਨਾਂ ਵਲੋਂ ਬਣਾਈ ਦਿਸ਼ਾਹੀਣਤਾ ਦਾ ਅਹਿਸਾਸ ਹੋ ਸਕੇ। ਪਰ ਅਵੱਸ਼ਕ ਨੂੰ ਅਣ-ਅਵੱਸ਼ਕ ਤੋਂ ਨਾ ਨਿਖੇੜਣ ਕਾਰਨ, ਛਿਣਕ ਭਰ ਨੂੰ ਚਿਰੰਜੀਵੀ ਤੋਂ ਵੱਖਰਾ ਨਾ ਕਰਨ ਕਰਕੇ, ਉੱਤਮ, ਮੱਧਮ ਅਤੇ ਨਿਮਨ ਨੂੰ ਇੱਕੋ ਸਥਲ ਤੇ ਲੈਣ ਕਾਰਨ, ਇਸ ਤਰ੍ਹਾਂ ਦੀ ਨੌਬਤ ਆ ਬਣਦੀ ਹੈ।

ਦੂਜੇ ਪਾਸੇ ਜਿਹੜੀ ਵਿਧੀ, ਸੰਰਚਨਾਤਮਿਕ ਵਿਧੀ ਨੂੰ ਇਸਦੀ ਪ੍ਰਤੀਨਿਧ ਸਮਝਿਆ ਜਾ ਸਕਦਾ ਹੈ, ਅਵੱਸ਼ਕ ਅਣ-ਅਵੱਸ਼ਕ, ਛਣਕਭਰ ਚਿਰੰਜੀਵੀ ਅਤੇ ਉੱਤਮ, ਮੱਧਮ, ਨਿਮਨ ਵਿਚਕਾਰ ਨਿਰਪੇਖ ਅੰਤਰ ਮੰਨ ਬੈਠਦੀ ਹੈ ਉਸ ਲਈ ਯਥਾਰਥ ਨੂੰ ਸਮਝਣ ਲਈ ਇਸਦੀ ਕਾਂਟ ਛਾਂਟ ਕਰਨਾ ਲਾਜ਼ਮੀ

ਹੋ ਜਾਂਦਾ ਹੈ। ਪ੍ਰਭੂਸੱਤਾ ਨੂੰ ਵਰੋਸਾਣ ਵਾਲੀ ਵਿਧੀ ਦੋਨਾਂ ਤੋਂ ਪਾਰ ਜਾਣਾ ਲੋੜਦੀ ਹੈ। ਇਸੇ ਕਾਰਨ ਇਸ ਵਿਚ ਨਿਸਚਿਤ ਇਤਿਹਾਸਕ ਪੜਾਅ ਦੇ ਕੁਲ ਯਥਾਰਥ ਦਾ ਵਿਸ਼ਲੇਸ਼ਣ ਅਤੇ ਮੁਲੰਕਣ ਕਰ ਸਕਣਾ ਹੀ ਸੰਭਵ ਨਹੀਂ ਸਗੋਂ ਅਤੀਤ ਵਿਚੋਂ ਇਹ ਵਿਕਸਤ ਹੋ ਕੇ ਜਾਂ ਵਿਗੜ ਕੇ ਕਿਵੇਂ ਇਸ ਨੌਬਤ ਨੂੰ ਪਹੁੰਚਿਆ ਅਤੇ ਭਵਿੱਖ ਵਿਚ ਇਸਦਾ ਕਿਹੋ ਜਿਹਾ ਰੂਪ ਹੋਵੇਗਾ ਇਸਦਾ ਤਸੱਵਰ ਵੀ ਅਸੰਭਵ ਨਹੀਂ ਰਹਿੰਦਾ। ਆਪਣੇ ਵਿਰਸੇ ਵਿਰਾਸਤ ਵਿਚੋਂ ਉਦਾਹਰਣ ਲੈ ਕੇ ਜੇ ਗੱਲ ਕਰਨੀ ਹੋਵੇ ਤਾਂ ਮੈਂ ਕਹਾਂਗਾ ਕਿ 'ਜਪੁਜੀ' ਵਿਚ ਗੁਰੂ ਨਾਨਕ ਦੇਵ ਦਾ ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਕੁੱਲ ਅਨੇਕਤਾ ਨੂੰ ਪ੍ਰਗਟ ਕਰਨ ਵਾਲੇ ਉਸ ਦੇ ਸੰਕਲਪ ਨੂੰ ੴ ਵਜੋਂ ਪੇਸ਼ ਕਰਨਾ ਇਹੋ ਜਿਹੇ ਪ੍ਰਯਾਸ ਸਦਕਾ ਹੀ ਹੈ। ਜਦਕਿ 'ਓਮ' ਦਾ ਸੰਕਲਪ ਪ੍ਰਕਿਰਤੀ, ਪ੍ਰਾ-ਪ੍ਰਕਿਰਤੀ ਆਦਿ ਦੀ ਕੁੱਲ ਅਨੇਕਤਾ ਜਿਵੇਂ ਵਿਸ਼ਲੇਸ਼ਣ ਅਤੇ ਮੁਲੰਕਣ ਤੋਂ ਵਿਹੂਣੀ ਅਵਸਥਾ ਵਿਚ ਇਹ ਹੈ, ਉਸਨੂੰ ਦਰਸਾਉਂਦਾ ਹੈ ਉੱਥੇ ਗੁਰੂ ਸਾਹਿਬ ਦਾ ੴ ਦਾ ਸੰਕਲਪ ਉਹਨਾਂ ਵਿਚੋਂ ਕੱਚ ਕੱਢ ਕੇ ਸੱਚ ਦੇ ਨਿਤਾਰੇ ਉਪਰੰਤ ਜੋ ਏਕਤਾ ਅਨੇਕਤਾ ਨੂੰ ਕਾਇਮ ਰੱਖੇ ਹੋਏ ਹੈ, ਉਸਨੂੰ ਤਸੱਵਰ ਵਿਚ ਲਿਆਉਂਦਾ ਹੈ। ਪ੍ਰਭੂਸੱਤਾ ਦੇ ਮਹੱਤਵ ਅਤੇ ਮੁੱਲ ਨੂੰ ਉਜਾਗਰ ਕਰਨ ਵਾਲਾ ਇਹ ਸਾਡਾ ਆਪਣਾ ਮਨੋਹਰ ਸੰਕਲਪ ਹੈ ਜਿਸਦੀਆਂ ਪਰਤਾਂ ਨੂੰ ਜਾਨਣਾ ਰੌਚਿਕ ਹੀ ਨਹੀਂ ਅਵੱਸ਼ਕ ਵੀ ਸਿੱਧ ਹੋ ਸਕਦਾ ਹੈ।

000

ਸਮਕਾਲੀ ਵਿਸ਼ਵ ਸਾਹਿਤ, ਸਭਿਆਚਾਰ ਤੇ ਚਿੰਤਨ

"ਉੱਤਰ-ਆਧੁਨਿਕਤਾ ਦੇ ਤਰਕ-ਬੇਤਰਕ ਨੂੰ ਫਰੋਲਣ ਵਾਲੀ ਸਾਹਿਤ-ਸਿਰਜਣਾ ਪੰਜਾਬੀ ਵਿਚ ਅਜੇ ਪ੍ਰਫੁੱਲਤ ਨਹੀਂ ਹੋਈ।"

? ਪੰਜਾਬੀ ਸਾਹਿਤ ਵਿਚ ਆਧੁਨਿਕਤਾ ਦਾ ਪ੍ਰਵੇਸ਼ ਸੁਨਿਸ਼ਚਿਤ ਨਹੀਂ ਹੈ। ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ?

– ਪੰਜਾਬੀ ਸਾਹਿਤ ਵਿਚ ਆਧੁਨਿਕਤਾ ਦਾ ਪ੍ਰਵੇਸ਼ ਮਹਿਜ਼ ਕੋਈ ਘਟਨਾ ਨਹੀਂ ਸੀ। ਇਹ ਜਟਿਲ ਪ੍ਰਕਿਰਿਆ ਸੀ। ਆਧੁਨਿਕੀਕਰਣ ਨੇ ਇਸ ਲਈ ਜ਼ਮੀਨ ਤਿਆਰ ਕੀਤੀ ਹੈ। ਉਨ੍ਹੀਵੀਂ ਸਦੀ ਦੇ ਅੱਧ ਵਿਚ ਬਸਤੀਵਾਦੀ ਰਾਜ ਦੇ ਸਥਾਪਤ ਹੋ ਜਾਣ ਉਪਰੰਤ ਆਧੁਨਿਕੀਕਰਣ ਦਾ ਅਮਲ ਚੱਲਿਆ। ਇਸ ਦੇ ਵੀ ਕਈ ਪੱਖ ਸਨ। ਪਹਿਲਾ ਸੀ ਸਮਾਜ ਸੁਧਾਰ ਦਾ ਜਿਸ ਨੇ ਬਾਲਕਾਵਾਂ ਦੀ ਨਸਲਕੁਸ਼ੀ ਨੂੰ ਜੁਰਮ ਘੋਸ਼ਿਤ ਕਰ ਦਿਤਾ। ਦੂਜਾ ਸੀ ਸਿੱਖਿਆ ਦਾ ਜਿਸ ਨੇ ਧਾਰਮਿਕ ਸਥਾਪਨਾ ਦੀ ਥਾਂ, ਸਕੂਲਾਂ ਨੂੰ ਇਸ ਦਾ ਕੇਂਦਰ ਬਣਾ ਦਿਤਾ। ਫੇਰ ਆਰਥਿਕ ਖੇਤਰ ਵੀ ਇਸ ਦੇ ਘੇਰੇ ਤੋਂ ਬਾਹਰ ਨਾ ਰਿਹਾ। ਪੱਛਮੀ ਪੰਜਾਬ ਵਿਚ ਨਹਿਰਾਂ ਦੀ ਖੁਦਾਈ ਹੋ ਗਈ। ਏਧਰੋਂ ਗਏ ਕਿਸਾਨਾਂ ਦਾ ਖੇਤੀਬਾੜੀ ਅਧੀਨ ਆਉਣ ਵਾਲੀ ਭੋਇੰ 'ਤੇ ਵਸੇਬਾ ਹੋ ਗਿਆ। ਆਵਾਜਾਈ ਦੇ ਸਾਧਨਾਂ ਵਿਚ ਸੁਧਾਰ ਵੀ ਪਿੱਛੇ ਨਾ ਰਿਹਾ। ਸੜਕਾਂ ਅਤੇ ਰੇਲਾਂ ਦਾ ਜਾਲ ਵਿਛਣ ਲੱਗਾ। ਡਾਕ-ਪ੍ਰਬੰਧ ਦਾ ਆਗਾਜ਼ ਹੋਣ ਲੱਗਾ। ਸਰਕਾਰੀ ਨੌਂਕਰੀਆਂ ਦੀ ਸੁਵਿਧਾ ਵੀ ਨਾਲ ਆ ਜੁੜੀ। ਨਤੀਜਾ ਤਾਂ ਫੌਜ ਵਿਚ ਭਰਤੀ ਸੀ। ਅਫ਼ਰੀਕਾ ਵਿਚ ਜੰਗਲਾਂ ਦੀ ਕਟਾਈ ਸੀ ਜਾਂ ਮਲਾਇਆ ਵਿਚ ਪਹਿਰੇਦਾਰੀ ਸੀ। ਇਸ ਦੇ ਬਾਵਜੂਦ ਇਹ ਨਵੀਂ ਗੱਲ ਸੀ। ਪਹਿਲੀਆਂ ਗੱਲਾਂ ਨਾਲ ਰਲਕੇ, ਪੰਜਾਬ ਦੇ ਆਧੁਨਿਕੀਕਰਣ ਦਾ ਸੰਦੇਸ਼ ਸੀ। ਪੰਜਾਬੀ ਸਾਹਿਤ ਵਿਚ ਆਧੁਨਿਕਤਾ ਦੇ ਪ੍ਰਵੇਸ਼ ਲਈ ਇਸ ਨੇ ਜ਼ਮੀਨ ਮੁਹੱਈਆ ਕਰਨੀ ਸੀ।

? ਆਧੁਨਿਕੀਕਰਣ ਅਤੇ ਆਧੁਨਿਕਤਾ ਵਿਚ ਫੇਰ ਕੀ ਫਰਕ ਹੋਇਆ?

– ਆਧੁਨਿਕੀਕਰਣ ਉਹ ਤਬਦੀਲੀ ਸੀ ਜੋ ਬਸਤੀਵਾਦੀ ਰਾਜ ਵੱਲੋਂ ਉਠਾਏ ਕਦਮਾਂ ਨਾਲ ਪੰਜਾਬੀ ਵਰਤਾਰੇ ਵਿਚ ਘਰ ਕਰ ਗਈ। ਫਲਸਰੂਪ ਪਰਿਵਾਰਾਂ ਦੀ ਬਣਤਰ ਬਦਲਣ ਲੱਗੀ। ਵਿਆਹੇ ਹੋਏ ਜੋੜਿਆਂ ਦਾ ਆਪਣਾ ਦੰਪਤੀ ਜੀਵਨ ਬਣਨ ਲੱਗਾ। ਵਿਹਲ ਦੀ ਥਾਂ ਝਮੇਲਿਆਂ ਨੂੰ ਮਿਲਣ ਲੱਗੀ। ਇਨ੍ਹਾਂ ਨਾਲ ਕਿਵੇਂ ਸਿੱਝਣਾ ਹੈ, ਸਕੂਲੀ ਸਿੱਖਿਆ ਦਾ ਇਸ ਵਲ ਧਿਆਨ ਜਾਣ ਲੱਗਾ। ਸਿੱਖਿਆ ਵੀ ਧਾਰਮਿਕ ਨਾ ਰਹੀ ਸਗੋਂ ਵਿਹਾਰਕ ਬਣਨ ਲੱਗੀ। ਸਿੱਖਿਆ ਦਾ ਮੁਹਾਵਰਾ ਵੀ ਬਦਲਣ ਲੱਗਾ। ਉਦਾਲਾ ਦਿਲਚਸਪੀ ਦਾ ਕਾਰਨ ਬਣਨ ਲੱਗਾ। ਗੱਲ ਕੀ ਛੁਹਣ, ਸੁੰਘਣ, ਭੋਗਣ, ਸੁਣਨ ਅਤੇ ਦੇਖਣ ਲਈ ਨਵੀਨ ਵਸਤਾਂ, ਦ੍ਰਿਸ਼ਾਂ, ਨਜ਼ਾਰਿਆਂ ਅਤੇ ਆਵਾਜ਼ਾਂ

ਦੀ ਮਨਾਹੀ ਨਾ ਰਹੀ।

ਨਾਲ ਹੀ ਇਸ ਚੇਤਨਾ ਤੋਂ ਬਦਲਵਾਂ ਅਹਿਸਾਸ ਵੀ ਬਣਨ ਲੱਗਾ। ਇਸ ਸਭ ਕੁਝ ਤੋਂ ਬਸਤੀਵਾਦੀ ਰਾਜ ਨੂੰ ਕੀ ਲਾਭ ਹੋ ਰਿਹਾ ਸੀ, ਇਸ ਦਾ ਅਨੁਮਾਨ ਲੱਗਣ ਲੱਗਾ। ਇਸ ਲਾਭ ਨੂੰ ਸੁਰੱਖਿਅਤ ਰੱਖਣ ਲਈ ਬਸਤੀਵਾਦੀ ਰਾਜ ਕਿਸ ਤਰ੍ਹਾਂ ਦੇ ਕਦਮ ਚੁੱਕਦਾ ਸੀ, ਉਨ੍ਹਾਂ 'ਤੇ ਨਿਗਾਹ ਜਾਣ ਲੱਗੀ। ਇਹ ਵੀ ਮਹਿਸੂਸ ਹੋਣ ਲੱਗਾ ਕਿ ਜੋ ਸੁੱਖ ਉਪਲਬਧ ਸਨ, ਉਹ ਪੱਤ ਦੇ ਜ਼ਾਮਨ ਨਹੀਂ ਸਨ। ਪਹਿਲਾਂ ਬਸਤੀਵਾਦੀ ਰਾਜ ਵਲ ਬੇਨਿਆਜ਼ੀ ਅਤੇ ਫੇਰ ਇਸ ਵਿਰੁੱਧ ਰੋਸ ਲਈ ਜ਼ਮੀਨ ਤਿਆਰ ਹੋਣ ਲੱਗੀ। ਦੂਜੇ ਲਫ਼ਜ਼ਾਂ ਵਿਚ ਇਸ ਜ਼ਮੀਨ ਨੇ ਦੁਰੰਗੀ ਹੋਣਾ ਆਰੰਭ ਕਰ ਦਿੱਤਾ।

ਇਸ ਦੁਰੰਗੀ ਆਭਾ ਨੇ ਪੰਜਾਬੀ ਸਾਹਿਤ ਵਿਚ ਆਧੁਨਿਕਤਾ ਦੇ ਪ੍ਰਵੇਸ਼ ਨੂੰ ਜਿੱਥੇ ਜ਼ਰੂਰੀ ਬਣਾ ਦਿੱਤਾ, ਉਥੇ ਆਧੁਨਿਕੀਕਰਣ ਦਾ ਮਹਿਜ਼ ਪਰਛਾਵਾਂ ਵੀ ਨਾ ਰਹਿਣ ਦਿੱਤਾ। ਆਧੁਨਿਕੀਕਰਣ ਅਤੇ ਆਧੁਨਿਕਤਾ ਵਿਚਕਾਰ ਜੋ ਅੰਤਰ ਹੈ, ਉਸ ਨੂੰ ਇਸ ਨੁਕਤੇ ਤੋਂ ਸਮਝਿਆ ਜਾ ਸਕਦਾ ਹੈ। ਨਵੀਨ ਪ੍ਰਸਥਿਤੀਆਂ ਕਾਰਨ ਜੋ ਸਮਾਜਕ ਵਰਤਾਰੇ ਵਿਚ ਬਦਲਾਵ ਆਉਂਦਾ ਹੈ, ਉਸ ਨੂੰ ਆਧੁਨਿਕੀਕਰਣ ਆਖਣਾ ਵਾਜਬ ਹੈ। ਸਾਹਿਤ ਵਿਚ ਜਿਸ ਪ੍ਰਕਾਰ ਪ੍ਰਤੱਖਣ, ਪ੍ਰਗਟਾ ਅਤੇ ਉਨ੍ਹਾਂ ਦਾ ਸੰਚਾਰ ਰਾਖਵਾਂ ਬਣ ਜਾਂਦਾ ਹੈ, ਉਸ ਨੂੰ ਆਧੁਨਿਕਤਾ ਆਖਿਆ ਜਾ ਸਕਦਾ ਹੈ। ਆਧੁਨਿਕਤਾ ਵਿਚ ਢਲਣ ਵੇਲੇ ਆਧੁਨਿਕੀਕਰਣ ਕਈ ਤਰ੍ਹਾਂ ਦੀਆਂ ਸਹਿਮਤੀਆਂ ਅਤੇ ਅਸਹਿਮਤੀਆਂ ਦਾ ਭਾਗੀ ਬਣ ਜਾਂਦਾ ਹੈ। ਇਸ ਵਿਚੋਂ ਮੁੱਲਾਂ ਅਤੇ ਮਿਆਰਾਂ ਦੀ ਭਾਅ ਉੱਠਣ ਲੱਗ ਪੈਂਦੀ ਹੈ।

? ਇਸ ਪ੍ਰਸੰਗ ਵਿਚ ਆਧੁਨਿਕਤਾਵਾਦ ਦੀ ਉਕਤੀ ਵੀ ਵਰਤੀ ਜਾਂਦੀ ਹੈ। ਦੋਵਾਂ ਨਾਲ ਇਸ ਦਾ ਕਿਹੋ ਜਿਹਾ ਅੰਤਰ ਜਾਂ ਸਬੰਧ ਬਣਾਇਆ ਜਾਵੇ?

– ਵਰਤਾਰੇ ਦੇ ਆਧੁਨਿਕੀਕਰਣ ਤੋਂ ਪ੍ਰਭਾਵਿਤ ਹੋ ਕੇ ਲੇਖਕ ਨੇ ਇਸ ਦੇ ਕੁਝ ਪੱਖਾਂ ਨੂੰ ਸਵੀਕਾਰ ਕੇ, ਕੁਝ ਨੂੰ ਅਸਵੀਕਾਰ ਕੇ, ਕੁਝ ਨੂੰ ਵਧਾ ਕੇ, ਕੁਝ ਨੂੰ ਘਟਾ ਕੇ ਆਧੁਨਿਕਤਾ ਵਜੋਂ ਆਪਣੀ ਲਿਖਤ ਵਿਚ ਸਮੋਣਾ ਹੁੰਦਾ ਹੈ। ਜਿਸ ਦ੍ਰਿਸ਼ਟੀ ਤੋਂ ਉਹ ਆਪਣੇ ਵਾਧੇ-ਘਾਟੇ, ਕਾਂਟ-ਛਾਂਟ, ਸਵੀਕ੍ਰਿਤੀ-ਅਸਵੀਕ੍ਰਿਤੀ ਨੂੰ ਪਰਵਾਨ ਚੜ੍ਹਾਉਂਦਾ ਹੈ, ਉਹ ਉਸ ਦੇ ਆਧੁਨਿਕਤਾਵਾਦ ਨੂੰ ਨਿਰਧਾਰਿਤ ਕਰਦੀ ਹੈ। ਕਿਸੇ ਜੀਵਨ ਫਲਸਫ਼ੇ ਨੂੰ ਆਪਣੀ ਦ੍ਰਿਸ਼ਟੀ ਵਿਚ ਰਚਾ ਕੇ ਹੀ ਕਿਸੇ ਲੇਖਕ ਦੀ ਆਧੁਨਿਕਤਾ ਉਸ ਦੇ ਆਧੁਨਿਕਤਾਵਾਦ ਨਾਲ ਲੈਸ ਹੋ ਸਕਦੀ ਹੈ। ਨਹੀਂ ਤਾਂ ਸਮਕਾਲ ਨੂੰ ਇਸ ਨਾਲ ਰਲਗੱਡ ਕਰਨ ਤੋਂ ਉਹ ਸੰਕੋਚ ਨਹੀਂ ਕਰ ਸਕੇਗਾ।

ਇਸ ਦਾ ਇਹ ਸਰੂਪ ਕਿਵੇਂ ਨਿੱਖਰਦਾ ਹੈ, ਦੋ ਉਦਾਹਰਣਾਂ ਲੈ ਕੇ ਇਸ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ। ਪਹਿਲੀ ਉਦਾਹਰਣ ਜਗਤ ਪ੍ਰਸਿੱਧ ਕਵੀ ਟੀ. ਐਸ. ਈਲੀਅਟ ਦੀ ਹੈ, ਜਿਸ ਨੇ ਧਰਮ ਨੂੰ ਜੀਵਨ ਫ਼ਲਸਫ਼ੇ ਵਜੋਂ

ਵਰਤ ਕੇ ਅਜਿਹੇ ਆਧੁਨਿਕਤਾਵਾਦ ਦੀ ਵਿਆਖਿਆ ਕੀਤੀ ਜਿਸ ਦਾ ਤਲਿਸਮ ਇਕ ਵਾਰ ਤਾਂ ਸੰਸਾਰ ਦੇ ਹਰੇਕ ਸਾਹਿਤ ਵਿਚ ਛਾ ਗਿਆ। ਉਸ ਦਾ ਮੱਤ ਸੀ ਕਿ ਜਿਉਂ-ਜਿਉਂ ਸ੍ਰਿਸ਼ਟੀ ਦੇ ਆਰੰਭ-ਕਾਲ ਤੋਂ ਦੂਰੀ ਬਣਦੀ ਜਾ ਰਹੀ ਹੈ, ਜੀਵਨ ਦੇ ਹਰ ਪੱਖ ਵਿਚ ਪਤਨ ਆ ਰਿਹਾ ਹੈ। ਪੁਰਾਤਨ ਕਾਲ ਵਿਚ ਜੋ ਰਵਾਇਤਾਂ ਪ੍ਰਚਲਤ ਸਨ, ਉਨ੍ਹਾਂ ਨੂੰ ਮੁਕਾਬਲਤਨ ਪਾਵਨ ਮੰਨਿਆ ਜਾ ਸਕਦਾ ਹੈ। ਪ੍ਰੰਤੂ ਇਹ ਪਤਨ ਐਨਾ ਗੰਭੀਰ ਹੈ ਕਿ ਪੁਰਾਤਨ ਰਵਾਇਤਾਂ ਨੂੰ ਵੀ ਨਹੀਂ ਬਖਸ਼ਦਾ। ਲੋੜ ਉਨ੍ਹਾਂ ਨੂੰ ਸਜੀਵ ਕਰਕੇ ਆਧੁਨਿਕ ਪ੍ਰਸੰਗ ਵਿਚ ਅਨੁਭਵ ਕਰਨ ਦੀ ਹੈ, ਉਸ ਅਹਿਸਾਸ ਸਹਿਤ ਜਿਸ ਨੂੰ ਉਹ ਆਧੁਨਿਕ ਚੇਤਨਾ ਕਹਿੰਦਾ ਹੈ। ਸਜੀਵ ਕਰਨ ਦੀ ਇਹ ਪ੍ਰਕਿਰਿਆ ਲਿਖਤ ਵਿਚ ਆਧੁਨਿਕਤਾ ਦੇ ਪ੍ਰਵੇਸ਼ ਰਾਹੀਂ ਹੀ ਆਪਣੇ ਆਸ਼ੇ ਨੂੰ ਪਹੁੰਚ ਸਕਦੀ ਹੈ। ਉਸ ਦੀ ਇਹ ਦ੍ਰਿਸ਼ਟੀ, ਜਿਸ ਨੂੰ ਟੀ. ਐਸ. ਈਲੀਅਟ ਦਾ ਆਧੁਨਿਕਤਾਵਾਦ ਕਹਿਣਾ ਵੀ ਅਣਉੱਚਿਤ ਨਹੀਂ ਹੋਵੇਗਾ, ਐਨੀ ਪ੍ਰਭਾਵਕ ਸਿੱਧ ਹੋਈ ਕਿ ਧਰਮ ਅਤੇ ਪੁਰਾਤਨ ਰਵਾਇਤਾਂ ਨੂੰ ਸਿਧਾਂਤਕ ਰੂਪ ਵਿਚ ਨਕਾਰਣ ਵਾਲੇ ਸੰਸਾਰ ਭਰ ਦੀਆਂ ਬੋਲੀਆਂ ਵਿਚ ਲਿਖਣ ਵਾਲੇ ਆਧੁਨਿਕਤਾ ਦੇ ਹਾਮੀ ਵੀ ਇਸ ਨਾਲ ਸਹਿਮਤ ਹੋ ਗਏ।

ਇਸ ਤੋਂ ਭਿੰਨ ਸੀ ਦੂਜੀ ਦ੍ਰਿਸ਼ਟੀ ਜਿਸ ਨੂੰ ਪ੍ਰਸਤੁਤ ਕਰਨ ਦਾ ਸਿਹਰਾ ਵਾਲਟਰ ਬੈਂਜਾਮਿਨ ਨੂੰ ਜਾਂਦਾ ਹੈ। ਜੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਟੀ. ਐਸ. ਈਲੀਅਟ ਦੇ ਆਧੁਨਿਕਤਾਵਾਦ ਦਾ ਤਲਿਸਮ ਛਾਇਆ ਰਿਹਾ ਤਾਂ ਦੂਜੇ ਅੱਧ ਵਿਚ ਬੈਂਜਾਮਿਨ ਦਾ ਆਧੁਨਿਕਤਾਵਾਦ ਜੋ ਆਪਣੇ ਪ੍ਰਤੀਦਵੰਦੀ ਨੂੰ ਉਖਾੜਨ ਵਿਚ ਕਾਮਯਾਬ ਹੋ ਗਿਆ। ਉਸ ਅਨੁਸਾਰ ਉਜਲੇ ਤੋਂ ਉਜਲੇ ਗਿਆਨ ਦਾ ਦਮ ਭਰਨ ਵਾਲੀ, ਪਾਵਨ ਅਤੇ ਪਵਿੱਤਰ, ਚਾਨਣ ਮੁਨਾਰੇ ਦਾ ਕੰਮ ਕਰਨ ਵਾਲੀ ਲਿਖਤ ਸਮੇਂ ਨਾਲ ਬਰਬਰਤਾ ਗ੍ਰਹਿਣ ਕਰਦੀ ਚਲੀ ਜਾਂਦੀ ਹੈ। ਇਸ ਨੂੰ ਅੱਖੋਂ-ਪਰੋਖੇ ਕਰਕੇ, ਪੁਰਾਤਨ ਰਵਾਇਤਾਂ ਨੂੰ ਉੱਦਾਤ ਦੀਆਂ ਭਾਗੀ ਦਰਸਾਉਣ ਵਾਲੇ, ਉਸ ਉਦਾਲੇ ਇਕ ਪ੍ਰਕਾਰ ਦਾ ਪ੍ਰਭਾ-ਮੰਡਲ ਸਿਰਜ ਲੈਂਦੇ ਹਨ। ਲਿਖਤ ਦੀ ਆਤਮਾ ਤੱਕ ਪਹੁੰਚਣ ਦੀ ਥਾਂ ਉਹ ਇਸ ਦੀ ਚਮਕ-ਦਮਕ ਨਾਲ ਹੀ ਮੁਗਧ ਹੋਏ ਰਹਿੰਦੇ ਹਨ। ਲੋੜ ਇਸ ਭਰਮ ਜਾਲ ਤੋਂ ਨਵਿਰਤ ਹੋਣ ਦੀ ਹੈ। ਇਹ ਨਵਿਰਤੀ ਹੀ ਪ੍ਰਮਾਣਕ ਤਰ੍ਹਾਂ ਦੀ ਆਧੁਨਿਕਤਾ ਨੂੰ ਪ੍ਰਣਾਈ ਲਿਖਤ ਦਾ ਦਮ ਭਰ ਸਕਦੀ ਹੈ। ਇਸ ਤਰ੍ਹਾਂ ਦਾ ਆਧੁਨਿਕਤਾਵਾਦ ਦਾ ਦੰਮ ਭਰਨ ਵਾਲੀ ਲਿਖਤ ਦਾ ਮੁੱਲ ਅਤੀਤ ਲਈ ਹੀ ਨਹੀਂ ਸਗੋਂ ਵਰਤਮਾਨ ਅਤੇ ਭਵਿੱਖ ਲਈ ਵੀ ਬਰਾਬਰ ਹੋ ਸਕਦਾ ਹੈ।

ਪੀ-ਐੱਚ. ਡੀ ਲਈ ਖੋਜ ਦੇ ਹਵਾਲੇ ਨਾਲ ਮੈਂ ਦੱਸਣਾ ਚਾਹਾਂਗਾ ਕਿ ਉਸ ਵਕਤ ਮੇਰਾ ਵਾਹ ਟੀ. ਐਸ. ਈਲੀਅਟ ਦੇ ਆਧੁਨਿਕਤਾਵਾਦ ਨਾਲ ਸੀ।

ਜਿਉਂ ਜਿਉਂ ਮੈਂ ਇਸ ਦੇ ਭੇਦ ਪਾਉਣ ਵਿਚ ਰੁੱਝਾ ਰਿਹਾ, ਮੇਰੀ ਆਪਣੀ ਰੁਚੀ ਵਾਲਟਰ ਬੈਂਜਾਮਿਨ ਦੇ ਆਧੁਨਿਕਤਾਵਾਦ ਵਲ ਮੁੜਦੀ ਗਈ। ਪਰਿਣਾਮ ਸਰੂਪ ਮੁੱਖ ਭੂਮੀ ਵਿਚ ਵਿਚਰਦਾ ਮਹਾਨ ਲੇਖਕ ਟੇਢੇ ਢੰਗ ਨਾਲ ਪ੍ਰਵੇਸ਼ ਕਰ ਗਏ ਚਿੰਤਕ ਹੱਥੋਂ ਪਰਾਜਿਤ ਹੋ ਗਿਆ। ਮੇਰੇ ਲਈ ਇਹ ਅਨੁਭਵ ਬੜਾ ਪ੍ਰੇਰਕ ਸਿੱਧ ਹੋਇਆ, ਇਸ ਗੱਲ ਦੇ ਬਾਵਜੂਦ ਕਿ ਸੰਤ ਸਿੰਘ ਸੇਖੋਂ ਦੇ 'ਸਾਹਿਤਿਆਰਥ' ਵਿਚ ਵਧੇਰੇ ਚਰਚਾ ਟੀ. ਐਸ. ਈਲੀਅਟ ਬਾਰੇ ਹੈ। ਉਸ ਦੇ ਆਧੁਨਿਕਤਾਵਾਦ ਦੀ ਮਹਾਨਤਾ ਵੀ ਸੇਖੋਂ ਹੋਰਾਂ ਨੂੰ ਪੂਰੀ ਤਰ੍ਹਾਂ ਨਹੀਂ ਤਾਂ ਕਾਫ਼ੀ ਹਦ ਤੱਕ ਸਵੀਕਾਰ ਸੀ।

? ਆਧੁਨਿਕਤਾ ਦੇ ਜ਼ਿਆਦਤਰ ਸੋਮੇ ਪੱਛਮੀ ਹਨ। ਤੁਹਾਡੀ ਨਜ਼ਰ ਵਿਚ ਕੀ ਆਧੁਨਿਕਤਾ ਦੀ ਕੋਈ ਪੂਰਬੀ ਧਾਰਨਾ ਵੀ ਬਣਦੀ ਹੈ?

– ਆਧੁਨਿਕਤਾ ਦੇ ਸੋਮਿਆਂ ਦਾ ਪੱਛਮੀ ਹੋਣਾ ਸੁਭਾਵਕ ਸੀ। ਸਨਅਤ ਦੇ ਉੱਥਾਨ, ਸ਼ਹਿਰੀਕਰਣ ਦੇ ਫੈਲਾਅ, ਵਿਗਿਆਨਕ ਕਾਢਾਂ ਦੀ ਈਜਾਦ ਅਤੇ ਫੈਕਟਰੀਆਂ ਆਦਿ ਵਿਚ ਉਨ੍ਹਾਂ ਦੀ ਪੈਦਾਵਾਰ ਲਈ ਵਰਤੋਂ ਨੇ ਪੱਛਮ ਦੇ ਜੀਵਨ ਨੂੰ ਮੁੱਢੋਂ-ਸੁੱਢੋਂ ਹੀ ਬਦਲ ਦਿੱਤਾ। ਪੱਛਮ ਦੇ ਵੱਡੇ ਛੋਟੇ ਹਰੇਕ ਦੇਸ਼ ਨੂੰ ਲੱਗਾ ਕਿ ਆਪਣੇ ਖੇਤਰਫਲ ਤੋਂ ਬਾਹਰ ਪੱਛੜੀ ਦੁਨੀਆਂ ਦੇ ਪੈਦਾਵਾਰੀ ਸੋਮਿਆਂ 'ਤੇ ਉਸ ਦਾ ਅਧਿਕਾਰ ਹੈ। ਜਿੱਥੋਂ ਤੱਕ ਆਪਣੇ ਦੇਸ਼ ਦਾ ਸਬੰਧ ਸੀ, ਪੱਛਮੀ ਲੋਕ ਦੇਸ਼ ਭਗਤੀ ਦਾ ਦੰਮ ਭਰਦੇ ਸਨ, ਕੌਮੀ ਆਜ਼ਾਦੀ ਉਨ੍ਹਾਂ ਨੂੰ ਉੱਤਮ ਲਖ਼ਸ਼ ਅਨੁਭਵ ਹੁੰਦਾ ਸੀ। ਪੱਛੜੇ ਦੇਸ਼ਾਂ ਨੂੰ ਉਹ ਹਜ਼ਮ ਕਰ ਜਾਣਾ ਚਾਹੁੰਦੇ ਸਨ। ਇਹ ਅਜਿਹੀ ਸਾਮਰਾਜੀ ਭੁੱਖ ਸੀ ਜੋ ਉਨ੍ਹਾਂ ਨੂੰ ਬਿਲਕੁਲ ਇਤਰਾਜ਼ਯੋਗ ਨਹੀਂ ਸੀ ਲੱਗਦੀ। ਏਥੋਂ ਤੱਕ ਕਿ ਕਾਰਲ ਮਾਰਕਸ ਦੀ ਵੀ ਇਹ ਧਾਰਨਾ ਸੀ ਕਿ ਪੱਛੜੇ ਦੇਸ਼ ਸਾਮਰਾਜੀ ਕਬਜ਼ੇ ਤੋਂ ਬਿਨਾਂ ਵਿਕਾਸ ਨਹੀਂ ਕਰ ਸਕਣਗੇ। ਇਸ ਪ੍ਰਸੰਗ ਵਿਚ ਉਹ ਸਾਮਰਾਜੀ ਪ੍ਰਭਾਵ ਅਧੀਨ ਆ ਗਿਆ ਸੀ। ਪਰ ਜੋ ਗੱਲ ਉਸ ਲਈ ਗੌਰਵ ਦਾ ਕਾਰਨ ਸੀ ਤੇ ਸਾਮਰਾਜੀਆਂ ਲਈ ਚਿੰਤਾ ਦਾ ਉਹ ਸੀ ਵਿੱਢ ਪਾਉਣ ਵਾਲਾ ਮੋੜ, ਜਿਸ ਨੂੰ ਇਸ ਧਾਰਨਾ ਨੂੰ ਅੱਗੇ ਲਿਜਾਣ ਵੇਲੇ ਪ੍ਰਸਤੁਤ ਕਰਨ ਤੋਂ ਉਹ ਰੁਕਦਾ ਨਹੀਂ ਸੀ। ਉਸ ਦਾ ਮੰਨਣਾ ਸੀ ਕਿ ਸਾਮਰਾਜੀ ਕਬਜ਼ੇ ਦਾ ਇਹ ਪਰਿਣਾਮ ਹੋਵੇਗਾ ਕਿ ਕੌਮੀ ਸੰਘਰਸ਼ ਵਿੱਢ ਕੇ ਪੱਛੜੇ ਦੇਸ਼ਾਂ ਦੇ ਲੋਕ ਜਿੱਥੇ ਆਪਣੇ ਲਈ ਆਜ਼ਾਦੀ ਪ੍ਰਾਪਤ ਕਰ ਲੈਣਗੇ, ਉਥੇ ਸਾਮਰਾਜੀ ਦੇਸ਼ਾਂ ਦੇ ਵਾਸੀਆਂ ਨੂੰ ਸਮਾਜਵਾਦੀ ਇਨਕਲਾਬ ਲਿਆਉਣ ਦਾ ਰਾਹ ਪੱਧਰਾ ਕਰ ਦੇਣਗੇ।

ਬਸਤੀਆਂ ਵਸਾਉਣ ਦੀ ਦੌੜ ਵਿਚ ਇੰਗਲੈਂਡ ਸਭ ਤੋਂ ਅੱਗੇ ਨਿਕਲ ਗਿਆ। ਹੋਰ ਅਨੇਕ ਦੇਸਾਂ ਸਮੇਤ ਭਾਰਤ ਵੀ ਇੰਗਲੈਂਡ ਦੀ ਬਸਤੀ ਬਣ ਗਿਆ। ਐਨੇ ਵਿਸ਼ਾਲ ਅਤੇ ਆਬਾਦ ਦੇਸ਼ 'ਤੇ ਇੰਗਲੈਂਡ ਦਾ ਬਸਤੀਵਾਦੀ ਰਾਜ ਦੋ ਸ਼ਰਤਾਂ 'ਤੇ ਹੀ ਕਾਇਮ ਰਹਿ ਸਕਦਾ ਸੀ। ਇਕ ਸੀ ਕਿ ਏਥੋਂ ਦੇ

ਵਾਸੀਆਂ ਵਿਚਕਾਰ ਨਸਲ, ਜਾਤ, ਧਰਮ, ਊਚ ਨੀਚ ਆਦਿ ਨਾਲ ਸਬੰਧ ਰੱਖਦੇ ਵਿਰੋਧ ਸਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਆਪਣੇ ਹੱਕ ਵਿਚ ਭੁਗਤਾ ਲਵੇ। ਇੰਗਲੈਂਡ ਨੇ ਅਜਿਹਾ ਕਰਨ ਵਿਚ ਕੋਈ ਕਸਰ ਨਾ ਛੱਡੀ। ਇਹੋ ਕਾਰਨ ਸੀ ਕਿ ਪੰਜਾਬ ਦੇ ਸਿੱਖ ਰਾਜ ਨੂੰ ਹਰਾਉਣ ਖ਼ਾਤਰ ਉਨ੍ਹਾਂ ਨੂੰ ਗ਼ੈਰ ਪੰਜਾਬੀ ਅਤੇ ਗ਼ੈਰ ਸਿੱਖ ਪੰਜਾਬ ਵਾਸੀਆਂ ਦੀ ਮਦਦ ਲੈਣ ਤੋਂ ਕੋਈ ਸੰਕੋਚ ਨਹੀਂ ਸੀ। ਸਗੋਂ ਇਹ ਮਦਦ ਤਾਂ ਉਨ੍ਹਾਂ ਨੂੰ ਜਿਸ ਸੌਖ ਨਾਲ ਮਿਲੀ ਉਹ ਉਨ੍ਹਾਂ ਲਈ ਬੜੇ ਹੁਲਾਸ ਦਾ ਕਾਰਨ ਸੀ। ਇਸ ਦੇ ਉਲਟ ਜਦੋਂ 1857 ਦੇ ਗ਼ਦਰ ਨੂੰ ਕੁਚਲਣ ਦੀ ਨੌਬਤ ਬਣੀ ਤਾਂ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਦੀ ਮਦਦ ਜਿੱਤਣ ਵਿਚ ਉਨ੍ਹਾਂ ਨੂੰ ਵੱਡਾ ਤਰੱਦਦ ਨਾ ਕਰਨਾ ਪਿਆ।

ਇਸ ਪ੍ਰਸੰਗ ਵਿਚ ਜੇ ਉਦਾਹਰਨ ਲੈਣੀ ਹੋਵੇ ਤਾਂ ਅੰਮ੍ਰਿਤਾ ਸ਼ੇਰਗਿੱਲ ਦੇ ਦਾਦਾ ਸੂਰਤ ਸਿੰਘ ਦੀ ਲਈ ਜਾ ਸਕਦੀ ਹੈ। ਇਹ ਉਹੋ ਵਿਅਕਤੀ ਸੀ ਜੋ ਭਾਈ ਵੀਰ ਸਿੰਘ ਦੇ ਮਹਾਂ ਕਾਵਿ 'ਰਾਣਾ ਸੂਰਤ ਸਿੰਘ' ਲਈ ਨਾਇਕ ਦਾ ਪ੍ਰੇਰਕ ਸਿੱਧ ਹੋਇਆ। ਗ਼ਦਰ ਵੇਲੇ ਉਹ ਬਨਾਰਸ ਦੇ ਕਿਲ੍ਹੇ ਵਿਚ ਕੈਦ ਸੀ। ਕੁਝ ਵਰ੍ਹੇ ਪਹਿਲਾਂ ਸਿੱਖਾਂ ਦੀ ਧਿਰ ਹੋ ਕੇ ਲੜਨ ਕਾਰਨ ਉਸ ਦੀ ਸਾਰੀ ਜਾਇਦਾਦ ਜ਼ਬਤ ਹੋ ਗਈ ਸੀ। ਜਦ ਗ਼ਦਰ ਛਿੜਿਆ ਤਾਂ ਉਸ ਨੇ ਬਾਗ਼ੀਆਂ, ਖ਼ਾਸ ਤੌਰ 'ਤੇ ਪੂਰਬੀਆਂ ਦਾ ਵਿਰੋਧ ਕੀਤਾ। ਤਤਕਾਲੀ ਕਾਰਨ ਇਹ ਨਹੀਂ ਸੀ ਕਿ ਉਹ ਅਵਸਰਵਾਦੀ ਬਣ ਗਿਆ ਸੀ ਅਤੇ ਆਪਣੇ ਅਤੀਤ ਤੋਂ ਪਿੱਠ ਮੋੜ ਬੈਠਾ ਸੀ। ਤਤਕਾਲੀ ਕਾਰਨ ਤਾਂ ਦਰਅਸਲ ਇਹ ਸੀ ਕਿ ਪੂਰਬੀਆਂ ਨੇ ਰਾਣੀ ਜ਼ਿੰਦਾਂ ਦਾ ਖ਼ਜ਼ਾਨਾ ਲੁੱਟਣ ਦੀ ਗਰਜ਼ ਵਿਚ ਉਸ ਦੀ ਅਣਖ ਨੂੰ ਸੱਟ ਮਾਰੀ ਸੀ। ਸੋ ਉਸ ਨੇ ਪੂਰਬੀਆਂ ਵਿਰੁੱਧ ਹਥਿਆਰ ਚੁੱਕ ਲਏ। ਪਿੰਡ-ਪਿੰਡ ਫਿਰ ਕੇ ਸਿੱਖ ਨੌਜਵਾਨਾਂ ਨੂੰ ਭਰਤੀ ਲਈ ਪ੍ਰੇਰਿਆ। ਨਤੀਜਾ ਇਹ ਹੋਇਆ ਕਿ ਗ਼ਦਰ ਦੇ ਫੇਲ੍ਹ ਹੋ ਜਾਣ ਉਪਰੰਤ ਉਸ ਦੀ ਜ਼ਬਤ ਹੋਈ ਜਾਇਦਾਦ ਵਾਪਸ ਹੋ ਗਈ। ਇਨਾਮ ਵਜੋਂ ਉਸ ਨੂੰ ਹੋਰ ਵੀ ਬਹੁਤ ਜਾਇਦਾਦ ਮਿਲ ਗਈ। ਰਾਜਾ ਦੇ ਖ਼ਿਤਾਬ ਨਾਲ ਵੀ ਉਹ ਨਿਵਾਜਿਆ ਗਿਆ। ਕਿਹਾ ਜਾਂਦਾ ਹੈ ਕਿ ਉਦੋਂ ਤੱਕ ਉਹ ਪੂਰਨ ਗੁਰਸਿੱਖ ਹੋ ਗਿਆ ਸੀ।

ਸਵਾਲ ਪੈਦਾ ਹੁੰਦਾ ਹੈ ਕਿ ਭਾਈ ਵੀਰ ਸਿੰਘ ਨੂੰ ਉਸ ਵਿਚ ਕੀ ਨਜ਼ਰ ਆਇਆ ਜੋ ਉਸ ਦੇ ਮਹਾਂਕਾਵਿ ਲਈ ਉਹ ਨਾਇਕ ਦਾ ਪ੍ਰੇਰਕ ਸਿੱਧ ਹੋ ਗਿਆ। ਵਾਸਤਵ ਵਿਚ ਆਧੁਨਿਕੀਕਰਣ ਅਤੇ ਆਧੁਨਿਕਤਾ ਦਾ ਅਜਬ ਜਿਹਾ ਮੇਲ ਸੀ ਜੋ ਭਾਈ ਸਾਹਿਬ ਦੇ ਮਨ 'ਤੇ ਜਾਦੂ ਕਰ ਗਿਆ।

ਨਾਲ ਹੀ ਬਸਤੀਵਾਦੀ ਰਾਜ ਦੇ ਅਹਿਲਕਾਰਾਂ ਨੂੰ ਇਹ ਪਤਾ ਵੀ ਲੱਗ ਗਿਆ ਹੋਵੇਗਾ ਕਿ ਇਹ ਲਾਹਾ ਤਦ ਹੀ ਦੂਰਵਰਤੀ ਹੋ ਸਕਦਾ ਸੀ ਜੇ ਪੰਜਾਬ ਵਾਸੀਆਂ ਦੇ ਜੀਵਨ ਵਿਚ ਸੁਧਾਰ ਲਿਆਂਦੇ ਜਾਣ। ਉਨ੍ਹਾਂ ਨੂੰ

ਆਰਥਿਕ ਸੁਵਿਧਾਵਾਂ ਦਿੱਤੀਆਂ ਜਾਣ ਤਾਂ ਜੋ ਉਨ੍ਹਾਂ ਦਾ ਜੀਵਨ ਬਿਹਤਰ ਹੋ ਸਕੇ। ਜਿਵੇਂ ਕਿ ਸ਼ਾਹ ਮੁਹੰਮਦ ਨੇ 'ਜੰਗਨਾਮਾ: ਸਿੰਘਾਂ ਤੇ ਫਰੰਗੀਆਂ' ਦੇ ਅਖ਼ੀਰ ਵਿਚ ਆਉਂਦਾ ਵੀ ਹੈ, ਪੰਜਾਬ ਵਾਸੀਆਂ ਨੇ ਜਲਦੀ ਹੀ ਇਸ ਬਿਹਤਰੀ ਦੀ ਉਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਨੌਜਵਾਨ ਅੰਗਰੇਜ਼ਾਂ ਦੀ ਛਾਉਣੀ ਦੇਖਣ ਨੂੰ ਆਪਣਾ ਸੁਭਾਗ ਸਮਝਣ ਲੱਗ ਪਏ ਸਨ। ਮੂਲ ਰੂਪ ਵਿਚ ਇਸ ਬਿਹਤਰੀ ਦੇ ਮਾਪਦੰਡ ਪੱਛਮੀ ਸਨ। ਜੋ ਸਮਾਜਕ, ਆਰਥਿਕ, ਸਿਖਿਅਕ ਅਤੇ ਸੰਚਾਰਮਈ ਸੁਧਾਰ ਲਿਆਂਦੇ ਗਏ ਉਨ੍ਹਾਂ ਤੋਂ ਇਸ ਤੱਥ ਦਾ ਸਹਿਜੇ ਹੀ ਪਤਾ ਚੱਲ ਜਾਂਦਾ ਹੈ। ਸੋ ਇਨ੍ਹਾਂ ਦੇ ਫਲਸਰੂਪ ਪੰਜਾਬ ਵਿਚ ਜੋ ਆਧੁਨਿਕੀਕਰਣ ਆਇਆ ਉਹ ਪੱਛਮੀ ਪ੍ਰਕਾਰ ਦਾ ਸੀ। ਇਸ ਦਾ ਲਾਭ ਅੰਗਰੇਜ਼ੀ ਰਾਜ ਨੂੰ ਘੱਟ ਨਹੀਂ ਹੋਣਾ ਭਾਵੇਂ ਉਨ੍ਹਾਂ ਨੇ ਰਟ ਇਹੋ ਲਗਾ ਰੱਖੀ ਸੀ ਕਿ ਇਹ ਸਭ ਕੁਝ ਪੰਜਾਬ ਵਾਸੀਆਂ ਦੇ ਭਲੇ ਲਈ ਕੀਤਾ ਜਾ ਰਿਹਾ ਸੀ।

ਕੀ ਇਸ ਦੇ ਫਲਸਰੂਪ ਪੰਜਾਬੀ ਸਾਹਿਤ ਵਿਚ ਜਿਸ ਆਧੁਨਿਕਤਾ ਦਾ ਪ੍ਰਵੇਸ਼ ਹੋਇਆ, ਉਹ ਉਪਰੋਕਤ ਆਧੁਨਿਕੀਕਰਣ ਦਾ ਹੀ ਅਨੁਵਾਦ ਸੀ? ਨੀਝ ਨਾਲ ਦੇਖਿਆਂ ਲੱਗਦਾ ਹੈ ਕਿ ਆਧੁਨਿਕੀਕਰਣ ਨੇ ਜੋ ਨਵਾਂ ਅਧਾਰ ਬਖ਼ਸ਼ਿਆ ਉਸ ਨੂੰ ਸਵੀਕਾਰ ਕਰਕੇ ਇਸ ਵਿਚ ਜੋ ਆਧੁਨਿਕਤਾ ਦਾ ਗੁਣ ਪਾਇਆ ਗਿਆ ਉਹ ਭਿੰਨ ਪ੍ਰਕਾਰ ਦਾ ਸੀ। ਆਧੁਨਿਕੀਕਰਣ ਦੇ ਸਮਵਿੱਥ ਚੱਲਦਾ ਉਹ ਕਈ ਵਾਰ ਇਸ ਦੇ ਵਿਰੁੱਧ ਵੀ ਭੁਗਤਦਾ ਹੈ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਮੁੱਢ ਤੋਂ ਜੋ ਆਧੁਨਿਕ ਸਾਹਿਤ ਹੋਂਦ ਵਿਚ ਆਇਆ ਉਸ ਦਾ ਆਪਣਾ ਮਹੱਤਵ ਅਤੇ ਮੁੱਲ ਸੀ। ਉਹ ਕੋਈ ਹੁਦਾਰੀ ਲਈ ਹੋਈ ਵਸਤ ਨਹੀਂ ਸੀ।

? ਪੰਜਾਬੀ ਵਿਚ ਸਾਹਿਤਕ ਚਿੰਤਕਾਂ ਨੇ ਆਧੁਨਿਕਤਾ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਹੈ?

– ਜਿਵੇਂ ਪੰਜਾਬੀ ਸਾਹਿਤ, ਖ਼ਾਸ ਤੌਰ 'ਤੇ ਕਵਿਤਾ ਵਿਚ ਆਧੁਨਿਕਤਾ ਪ੍ਰਗਟ ਹੋਈ, ਇਸ ਨੂੰ ਕਈ ਤਰ੍ਹਾਂ ਨਾਲ ਪਰਿਭਾਸ਼ਿਤ ਕਰਨ ਦਾ ਯਤਨ ਹੋਇਆ। ਪਹਿਲਾ ਯਤਨ ਡਾ. ਮੋਹਨ ਸਿੰਘ ਦੀਵਾਨਾ ਦਾ ਸੀ, ਜਿਸ ਨੂੰ ਪੰਜਾਬੀ ਸਾਹਿਤ ਦਾ ਪ੍ਰਥਮ ਇਤਿਹਾਸਕਾਰ ਹੋਣ ਦਾ ਮਾਣ ਪ੍ਰਾਪਤ ਹੈ। ਉਸ ਅਨੁਸਾਰ ਮੱਧਕਾਲੀ ਸਾਹਿਤ, ਜਿਸ ਦਾ ਪ੍ਰਮਾਣਕ ਰੂਪ ਉਸ ਲਈ ਕਵਿਤਾ ਹੀ ਸੀ, ਸਮਕਾਲ ਭਾਵ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਪਤਨ ਦਾ ਭਾਗੀ ਬਣ ਕੇ ਰਹਿ ਗਈ। ਕਾਰਨ ਉਸ ਨੂੰ ਇਹ ਪ੍ਰਤੀਤ ਹੋਇਆ ਕਿ ਮੱਧਕਾਲੀ ਸਾਹਿਤ ਰੂਹ ਦੀ ਖ਼ੁਰਾਕ ਸੀ, ਡੂੰਘੀਆਂ ਰਮਜ਼ਾਂ ਦਾ ਪ੍ਰਗਟਾ, ਪਰ ਨਵਾਂ ਸਾਹਿਤ ਕੁਲੀਨ ਮਨਾਂ ਦੇ ਨਿਆਸਰੇਪਣ ਨਾਲ ਬਾਵਸਤਾ ਹੋ ਗੁਜ਼ਾਰੇ ਮਾਤਰ ਰੋਜ਼ਗਾਰ ਦਾ ਸਾਧਨ ਬਣ ਗਿਆ ਸੀ। ਸੰਭਵ ਹੈ ਕੁਲੀਨ ਮਨਾਂ ਵਾਲੇ ਹੋਣ ਦਾ ਸੰਕੇਤ ਭਾਈ ਵੀਰ ਸਿੰਘ ਅਤੇ ਪ੍ਰੋ.

ਪੂਰਨ ਸਿੰਘ ਵਲ ਹੋਵੇ। ਜਿਨ੍ਹਾਂ ਕਥਿਤ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਰੋਜ਼ਗਾਰ ਦਾ ਸਾਧਨ ਬਣਾਇਆ, ਉਨ੍ਹਾਂ ਵਿਚ ਪ੍ਰੋ. ਮੋਹਨ ਸਿੰਘ ਤੋਂ ਬਿਨਾਂ ਕਿਸੇ ਹੋਰ ਨੂੰ ਵੀ ਗਿਣਦਾ ਹੋਵੇ, ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ। ਉਸੇ ਨਾਲ ਹੀ ਦੀਵਾਨਾ ਨੂੰ ਹਸਦ ਨਾਲ ਰਹੀ ਮਿਲੀ ਘਿਰਣਾ ਸੀ, ਜੋ ਉਸ ਨੂੰ ਇਸ ਪ੍ਰਕਾਰ ਦੀ ਧਾਰਨਾ ਦੇਣ ’ਤੇ ਮਜਬੂਰ ਕਰਦੀ ਸੀ। ਨਾਲ ਹੀ ਉਸ ਨੂੰ ਲੱਗਿਆ ਕਿ ਉਪਰੋਕਤ ਮਜਬੂਰੀ ਤੋਂ ਮੁਕਤ ਰਹਿ ਕੇ, ਬੇਫ਼ਿਕਰੀ ਦੇ ਮੰਡਲਾਂ ਵਿਚ ਵਿਚਰਨ ਵਾਲੀ ਕਵਿਤਾ ਦਾ ਵੀ ਮੂਲੋਂ ਹੀ ਅਭਾਵ ਨਹੀਂ ਸੀ। ਉਹ ਕਵੀਆਂ ਦੇ ਤਰੱਦਦ ਦੀ ਉਪਜ ਘੱਟ ਸੀ ਅਤੇ ਆਪ-ਮੁਹਾਰੇ ਪ੍ਰਫੁੱਲਤ ਹੋ ਰਹੀ ਕਿਰਿਆ ਵਧੇਰੇ। ਇਹ ਐਨੀ ਲਿਖੀ ਨਹੀਂ ਸੀ ਜਾ ਰਹੀ ਜਿੰਨੀ ਲਿਖ ਹੋ ਰਹੀ ਸੀ। ਏਥੇ ਵੀ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਆਪਣੇ ਵੱਲੋਂ ਰਚੀਆਂ ਗਈਆਂ ਰੁਬਾਈਆਂ ਤੋਂ ਬਿਨਾਂ ਕੁਝ ਹੋਰ ਵੀ ਡਾ. ਦੀਵਾਨਾ ਦੇ ਧਿਆਨ ਵਿਚ ਸੀ।

ਨਿਰਸੰਦੇਹ ਡਾ. ਦੀਵਾਨਾ ਦੀਆਂ ਗੱਲਾਂ ਵਿਚ ਕੁਝ ਨਾ ਕੁਝ ਵਜ਼ਨ ਜ਼ਰੂਰ ਹੈ ਭਾਵੇਂ ਉਸ ਦੀ ਹਸਦ ਅਤੇ ਘਿਰਣਾ ਇਕ ਪਾਸੇ ਅਤੇ ਸਵੈ-ਉੱਚਤਾ ਅਤੇ ਆਤਮ-ਪ੍ਰਸੰਸਾ ਦੂਜੇ ਪਾਸੇ ਉਕਤਾਹਟ ਪੈਦਾ ਕਰਦੀ ਹੈ।

ਦੂਜਾ ਯਤਨ ਬਾਵਾ ਬੁੱਧ ਸਿੰਘ ਵੱਲੋਂ ਹੋਇਆ ਜਿਹੜਾ ਸਦਭਾਵਨਾ ਨਾਲ ਓਤਪੋਤ ਪ੍ਰਤੀਤ ਹੁੰਦਾ ਸੀ। ਉਸ ਦੀ ਧਾਰਨਾ ਸੀ ਕਿ ਆਰੰਭ ਤੋਂ ਹੀ, ਭਾਵ ਤੇਰਵੀਂ ਸਦੀ ਵਿਚ ਸ਼ੇਖ ਫਰੀਦ ਤੋਂ ਚੱਲ ਕੇ ਪੰਜਾਬੀ ਕਵਿਤਾ ਆਪਣਾ ਜਲੌਅ ਪੂਰੀ ਤਰ੍ਹਾਂ ਪ੍ਰਗਟ ਕਰਦੀ ਆਈ ਹੈ। ਵਿਧਾਵਾਂ ਤਬਦੀਲ ਹੁੰਦੀਆਂ ਰਹੀਆਂ ਹਨ, ਸ਼ੈਲੀਆਂ ਬਦਲਦੀਆਂ ਰਹੀਆਂ ਹਨ, ਸੁਹਜ ਸੁਆਦ ਵਿਚ ਵੀ ਭਿੰਨਤਾ ਆਉਂਦੀ ਰਹੀ ਹੈ, ਪ੍ਰੰਤੂ ਆਪਣਾ ਕਮਾਲ ਦਿਖਾਉਣ ਤੋਂ ਪੰਜਾਬੀ ਕਵਿਤਾ ਨੇ ਕਦੇ ਗੁਰੇਜ਼ ਨਹੀਂ ਕੀਤਾ। ਉਸ ਨੇ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਬਾਰੇ ਕੁਝ ਨਹੀਂ ਲਿਖਿਆ, ਜੇ ਲਿਖਣ ਦਾ ਤਰੱਦਦ ਕਰਦਾ ਤਾਂ ਸਲਾਹੁਤਾ ਇਸੇ ਰੌਂ ਵਿਚ ਹੋਣੀ ਸੀ। ਆਧੁਨਿਕਤਾ ਦੇ ਪ੍ਰਵੇਸ਼ ਉਪਰੰਤ ਜੋ ਕਵਿਤਾ ਲਿਖੀ ਗਈ ਉਸ ਦਾ ਪਹਿਲੀ ਕਵਿਤਾ ਨਾਲ ਨਾਤਾ ਹੀ ਬਾਵਾ ਨੇ ਦਰਸਾਉਣਾ ਸੀ। ਦੋਨਾਂ ਵਿਚ ਜੇ ਕੋਈ ਭਿੰਨਤਾ ਹੋ ਸਕਦੀ ਸੀ, ਕੋਈ ਅਣਜੋੜ ਬਣ ਸਕਦਾ ਸੀ, ਉਸ ਵਲ ਉਸ ਦਾ ਧਿਆਨ ਨਹੀਂ ਸੀ ਜਾਣਾ। ਨਿਸਚੇ ਹੀ ਉਸ ਦੀ ਧਾਰਨਾ ਨੇ ਡਾ. ਦੀਵਾਨਾ ਦੇ ਵਿਚਾਰਾਂ ਨੂੰ ਉਲੰਘਣ ਵਲ ਹੀ ਰੁਚਿਤ ਹੋਣਾ ਸੀ। ਆਧੁਨਿਕਤਾ ਦੇ ਪ੍ਰਵੇਸ਼ ਉਪਰੰਤ ਲਿਖੀ ਗਈ ਪੰਜਾਬੀ ਕਵਿਤਾ ਵਿਚ ਰੌਚਿਕ ਅਤੇ ਸੰਜੀਦਾ ਗੁਣਾਂ ਦੀ ਭਾਲ ਪ੍ਰਿੰ. ਤੇਜਾ ਸਿੰਘ ਦੀਆਂ ਭੂਮਿਕਾਵਾਂ ਨਾਲ ਵਧੇਰੇ ਪ੍ਰਬਲ ਹੋ ਗਈ। ਉਸ ਅਨੁਸਾਰ ਉਨ੍ਹੀਵੀਂ ਸਦੀ ਦੀ ਅੰਗਰੇਜ਼ੀ ਵਿਚ ਰਚੀ ਗਈ ਰੁਮਾਂਚਕ ਕਵਿਤਾ ਵਾਂਗ ਪੂਰਨ ਸਿੰਘ ਦੀਆਂ ‘ਖੁੱਲ੍ਹੇ ਮੈਦਾਨ’ ਵਿਚਲੀਆਂ ਕਵਿਤਾਵਾਂ ਧਰਤੀ ਦੀਆਂ ਹੂਕਾਂ ਸਨ। ਮੋਹਨ ਸਿੰਘ ਦੀਆਂ ‘ਸਾਵੇ ਪੱਤਰ’

ਵਿਚਲੀਆਂ ਕਵਿਤਾਵਾਂ ਆਪੇ ਦੀ ਹੋਂਦ ਦੇ ਨਸ਼ੇ, ਹਵਾ ਵਰਗੀ ਖੁੱਲ੍ਹ ਤੇ ਤੇਜ਼ੀ, ਬੱਚੇ ਵਾਲੀਆਂ ਸੱਧਰਾਂ, ਜਵਾਨਾਂ ਵਾਲੀਆਂ ਖਰਮਸਤੀਆਂ ਨਾਲ ਸਰਸ਼ਾਰ ਸਨ। ਬਰਤਾਨੀਆ, ਜਿਸ ਦਾ ਭਾਰਤ ਅਤੇ ਪੰਜਾਬ ’ਤੇ ਬਸਤੀਵਾਦੀ ਰਾਜ ਸੀ, ਉਸ ਦੀ ਕਵਿਤਾ ਨਾਲ ਇਹ ਨਵੀਂ ਕਵਿਤਾ ਕਿਵੇਂ ਮੇਲ ਖਾਂਦੀ ਸੀ, ਇਸ ਨੂੰ ਦਰਸਾਉਣਾ ਤੇਜਾ ਸਿੰਘ ਦਾ ਮਨ-ਇੱਛਤ ਕਰਤੱਵ ਸੀ। ਗੁਪਾਲ ਸਿੰਘ ਦਰਦੀ ਲਈ ਇਹ ਧਾਰਨਾ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਮੁੱਢ ਸਿੱਧ ਹੋ ਗਈ। ਇਹ ਠੀਕ ਹੈ ਕਿ ਉਸ ਦੇ ਇਤਿਹਾਸ ਵਿਚ ਆਧੁਨਿਕ ਕਾਫ਼ੀ ਹੱਦ ਤੱਕ ਸਮਕਾਲ ਦੇ ਅਰਥ ਹੀ ਰੱਖਦਾ ਹੈ। ਇਸ ਦਾ ਆਪਣਾ ਮੌਲਿਕ ਮਹੱਤਵ ਕਿਸ ਤਰ੍ਹਾਂ ਦਾ ਸੀ, ਉਸ ਦੇ ਪ੍ਰਤੱਖਣ ਲਈ ਕਿਹੋ ਜਿਹੀ ਦ੍ਰਿਸ਼ਟੀ ਪ੍ਰਬਲ ਹੋਈ, ਉਸ ਦੇ ਚਿਤਵਣ ਅਤੇ ਫਲਸਰੂਪ ਜੋ ਕਵਿਤਾ ਰਚੀ ਗਈ ਉਸ ਦੀ ਸੀਮਾ ਸੰਭਾਵਨਾ ਕਿਵੇਂ ਨਿਰਧਾਰਿਤ ਹੁੰਦੀ ਹੈ, ਇਨ੍ਹਾਂ ਸਵਾਲਾਂ ਦੇ ਜਵਾਬ ਤੇਜਾ ਸਿੰਘ ਅਤੇ ਗੁਪਾਲ ਸਿੰਘ ਦਰਦੀ ਦੇ ਉਪਰੋਕਤ ਯਤਨ ਤੋਂ ਉਪਲਬੱਧ ਨਹੀਂ।

ਇਨ੍ਹਾਂ ਨਾਲ ਸਿੱਝਣ ਦਾ ਪ੍ਰਯਾਸ ਤਾਂ ਪਹਿਲਾਂ ਸੰਤ ਸਿੰਘ ਸੇਖੋਂ ਅਤੇ ਬਾਅਦ ਵਿਚ ਡਾ. ਅਤਰ ਸਿੰਘ ਨੇ ਹੀ ਕੀਤਾ। ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਬਾਨੀ ਮੰਨ ਕੇ ਸੰਤ ਸਿੰਘ ਸੇਖੋਂ ਨੇ ਜੋ ਧਾਰਨਾਵਾਂ ਪ੍ਰਸਤੁਤ ਕੀਤੀਆਂ ਉਹ ਅਲੰਕਾਰਕ ਭਾਵ ਅਨੁਸਾਰ ਹੀ ਮੌਲਿਕ ਨਹੀਂ। ਕੇਵਲ ਪ੍ਰਚਲਤ ਧਾਰਨਾਵਾਂ ਤੋਂ ਭਿੰਨ ਹੋਣ ਕਾਰਨ ਹੀ ਉਹ ਮੌਲਿਕ ਨਹੀਂ ਕਹੀਆਂ ਜਾ ਸਕਦੀਆਂ। ਉਹ ਤਾਂ ਨਿਰੁੱਕਤ ਭਾਵ ਅਨੁਸਾਰ ਵੀ ਮੌਲਿਕ ਹਨ, ਮਸਲਿਆਂ ਦੇ ਮੂਲਾਂ ਜਾਂ ਉਨ੍ਹਾਂ ਦੀਆਂ ਜੜ੍ਹਾਂ ਤੱਕ ਲਹਿ ਜਾਣ ਦੀ ਉਨ੍ਹਾਂ ਵਿਚ ਭਰਪੂਰ ਸ਼ਕਤੀ ਹੈ। ਸੰਤ ਸਿੰਘ ਸੇਖੋਂ ਅਨੁਸਾਰ ਬਸਤੀਵਾਦੀ ਰਾਜ ਵੱਲੋਂ ਵਿੱਢੇ ਗਏ ਸੁਧਾਰਾਂ ਕਾਰਨ, ਸੰਸਾਰਕਤਾ ਦਾ ਜੋ ਮਾਹੌਲ ਬੱਝਾ ਉਸ ਕਾਰਨ ਵਿਅਕਤੀਵਾਦੀ ਅਨੁਭਵ ਪ੍ਰਤੱਖਣ ਦੇ ਕੇਂਦਰ ਵਿਚ ਆ ਟਿਕਿਆ। ਉਸ ਨੂੰ ਚਿਤਰਣ ਅਤੇ ਚਿਤਾਰਣ ਵਾਲਾ ਪ੍ਰਮੁੱਖ ਕਵੀ ਪੰਜਾਬੀ ਵਿਚ ਭਾਈ ਵੀਰ ਸਿੰਘ ਸੀ। ਇਤਿਹਾਸਕ ਸਿਮਰਿਤੀ ਨਾਲ ਗੜੂੰਦ ਹੋਣ ਦੇ ਨਾਤੇ ਉਸ ਦੀ ਦ੍ਰਿਸ਼ਟੀ ਵਿਚ ਅਨੁਭਵ ਕਿਸੇ ਘਟਨਾ ਦਾ ਬਦਲ ਨਹੀਂ ਸੀ। ਇਸ ਵਿਚ ਚਿੰਤਨ, ਚੇਤਨਾ ਅਤੇ ਚਿੰਤਾ ਦਾ ਸਮਾਵੇਸ਼ ਹੋਇਆ ਪਿਆ ਸੀ ਜੋ ਪੱਸਰ ਰਹੀ ਸੰਸਾਰਕਤਾ ਦੇ ਟਾਕਰੇ ਗੁਰਬਾਣੀ ਅਤੇ ਗੁਰਮਤਿ ਤੋਂ ਪ੍ਰਾਪਤ ਹੋਣ ਵਾਲੀ ਸੂਝ ਨੂੰ ਗੁਣਕਾਰੀ ਸਿੱਧ ਕਰਨ ਲਈ ਤੱਤਪਰ ਸੀ। ਇਸ ਨੂੰ ਧੁਰ ਤੱਕ ਲੈ ਜਾਣ ਦਾ ਅਟੱਲ ਅਰਥ ਇਹ ਬਣਦਾ ਸੀ ਕਿ ਬਸਤੀਵਾਦੀ ਰਾਜ ਦੀ ਸਥਾਪਨਾ, ਸੱਤਾ, ਸਾਸ਼ਨ, ਸੋਸ਼ਣ ਅਤੇ ਸਜ਼ਾ ਨੂੰ ਵੰਗਾਰਨ ਤੋਂ ਸੰਕੋਚ ਕੀਤਾ ਜਾਵੇ। ਜਿਸ ਤੋਂ ਉਸ ਦਾ ਵਰਗ-ਚਰਿੱਤਰ ਅਤੇ ਵਰਗ-ਚੇਤਨਾ ਉਸ ਨੂੰ ਪੂਰੀ ਤਰ੍ਹਾਂ ਤੋੜਦੇ ਸਨ। ਸੋ ਗੁਰਮਤਿ ਅਤੇ ਗੁਰਬਾਣੀ ਦੇ ਰਹੱਸ ਵਿਚ ਅਥਾਹ ਆਸਥਾ ਰੱਖਣ

ਵਾਲੇ ਵਿਅਕਤੀਗਤ ਅਨੁਭਵ ਨੂੰ ਪੇਸ਼ ਕਰਨ ਦੀ ਥਾਂ, ਉਹ ਇਸ ਤੋਂ ਪ੍ਰਾਪਤ ਹੋਣ ਵਾਲੇ ਸੁਹਜ ਨੂੰ ਮਸਤੀ ਵਿਚ ਢਾਲ ਕੇ ਸੰਤੋਖ ਕਰ ਸਕਦਾ ਸੀ। ਅੰਗਰੇਜ਼ੀ ਦੀ ਰੁਮਾਂਚਕ ਕਵਿਤਾ ਵਿਚਲੇ ਪ੍ਰਕਿਰਤੀ-ਚਿਤਰਣ ਅਤੇ ਸੂਫ਼ੀ ਸ਼ਾਇਰੀ ਤੋਂ ਡੁੱਲ੍ਹ ਡੁੱਲ੍ਹ ਪੈਂਦੇ ਸੁਆਦ ਦੇ ਮਿਸ਼ਰਣ ਨਾਲ ਉਸ ਦੀ ਕਾਵਿ ਰਚਨਾ ਚਕਾਚੌਂਧ ਕਰ ਦੇਣ ਵਾਲੇ ਪ੍ਰਭਮੰਡਲ ਦੀ ਧਾਰਨੀ ਵੀ ਹੋ ਸਕਦੀ ਸੀ।

ਡਾ. ਅਤਰ ਸਿੰਘ ਨੂੰ ਵਿਅਕਤੀਗਤ ਅਨੁਭਵ ਦੀ ਥਾਂ ਇਸ ਪੜਾਅ 'ਤੇ ਧਰਮ ਨਿਰਪੇਖ ਭਾਵਨਾ ਦਾ ਪਾਸਾਰ ਵਧੇਰੇ ਨਜ਼ਰ ਆਇਆ। ਗੁਰਮਤਿ ਅਤੇ ਗੁਰਬਾਣੀ ਵਾਲੀ ਆਸਥਾ ਨੂੰ ਸੁਹਜ ਤੱਕ ਘਟਾ ਕੇ, ਇਸ ਵਿਚ ਅੰਗਰੇਜ਼ੀ ਦੀ ਰੁਮਾਂਚਕ ਕਵਿਤਾ ਦੇ ਪ੍ਰਕਿਰਤੀ-ਚਿਤਰਣ ਅਤੇ ਸੂਫ਼ੀ ਸ਼ਾਇਰੀ ਤੋਂ ਪ੍ਰਾਪਤ ਹੋਣ ਵਾਲੇ ਸੁਆਦ ਨੂੰ ਮਸਤੀ ਵਿਚ ਢਾਲ ਕੇ, ਅਤਰ ਸਿੰਘ ਅਨੁਸਾਰ ਕਵੀ ਰੂਹਾਨੀਅਤ ਦੇ ਖੇਤਰ ਵਿਚ ਧਰਮ-ਨਿਰਪੇਖਤਾ ਨੂੰ ਸਪੇਸ ਮੁਹੱਈਆ ਕਰ ਰਿਹਾ ਸੀ। ਨਿਰਸੰਦੇਹ ਸੇਖੋਂ ਦੀ ਧਾਰਨਾ ਦੇ ਤੁਲ ਇਸ ਵਿਚ ਲਚਕ ਵਧੇਰੇ ਸੀ ਪਰ ਜਿਸ ਜ਼ਮੀਨ ਤੋਂ ਭਾਈ ਵੀਰ ਸਿੰਘ ਕਾਵਿ ਰਚਨਾ ਕਰਨਾ ਲੋੜਦਾ ਸੀ ਉਸੇ ਦਾ ਹੀ ਇਸ ਵਿਚ ਜਾਇਜ਼ਾ ਪ੍ਰਾਪਤ ਹੈ। ਜਿਸ ਜ਼ਮੀਨ 'ਤੇ ਵਿਚਰਦੇ ਪਾਠਕ ਤੱਕ ਉਹ ਆਪਣੇ ਪ੍ਰਗਟਾ ਦੇ ਸੰਚਾਰ ਦਾ ਅਭਿਲਾਖੀ ਸੀ, ਉਹ ਇਸ ਤੋਂ ਅਲੱਗ-ਥਲੱਗ ਰਹਿ ਜਾਂਦੀ ਸੀ। ਇਹੋ ਕਾਰਨ ਹੈ ਕਿ ਸੇਖੋਂ ਅਨੁਸਾਰ ਭਾਈ ਸਾਹਿਬ ਦੇ ਪਹਿਲੇ ਸੰਗ੍ਰਹਿ ਦੇ ਪਾਠ ਤੋਂ ਹੀ ਤੀਬਰਤਾ ਦਾ ਪ੍ਰਬਲ ਅਹਿਸਾਸ ਹੁੰਦਾ ਹੈ। ਵੀਹਵਿਆਂ ਵਿਚ ਛਪੇ ਉਸ ਦੇ ਅਗਲੇ ਦੋ ਸੰਗ੍ਰਹਿ ਇਸ ਤੋਂ ਵੰਚਿਤ ਪ੍ਰਤੀਤ ਹੁੰਦੇ ਹਨ। ਤੀਹ ਸਾਲ ਬਾਅਦ 'ਮੇਰੇ ਸਾਈਆਂ ਜੀਉ' ਨਾਮੀਂ ਆਪਣਾ ਅੰਤਲਾ ਸੰਗ੍ਰਹਿ ਜੇ ਉਹ ਨਾ ਵੀ ਛਾਪਦਾ ਤਾਂ ਕਿਤੇ ਚੰਗਾ ਹੋਣਾ ਸੀ। ਇਸ ਪੱਖ ਬਾਰੇ ਅਤਰ ਸਿੰਘ ਨੇ ਚੁੱਪ ਸਾਧ ਰੱਖੀ ਸੀ। ਨਾ ਇਸ ਦੇ ਹੱਕ ਵਿਚ ਨਾ ਵਿਰੋਧ ਵਿਚ ਉਸ ਨੇ ਕੋਈ ਵਿਚਾਰ ਪੇਸ਼ ਕੀਤਾ। ਇਸ ਆਧਾਰ 'ਤੇ ਇਹ ਕਹਿਣਾ ਸ਼ਾਇਦ ਅਯੋਗ ਨਹੀਂ ਹੋਵੇਗਾ ਕਿ ਆਪਣੀ ਕਵਿਤਾ ਵਿਚ ਆਧੁਨਿਕਤਾ ਦਾ ਪ੍ਰਵੇਸ਼ ਕਰਵਾਉਣ ਹਿੱਤ ਜਿੰਨੇ ਕਦਮ ਭਾਈ ਸਾਹਿਬ ਨੇ ਅਗਾਂਹ ਪੁੱਟੇ, ਉਤਨੇ ਹੀ ਉਹ ਪਿਛਾਂਹ ਵੀ ਪੁੱਟਦਾ ਗਿਆ।

? ਪੰਜਾਬੀ ਕਾਵਿ ਵਿਚ ਆਧੁਨਿਕਤਾ ਦਾ ਪ੍ਰਵੇਸ਼ ਕਿੱਥੋਂ ਮੰਨਿਆ ਜਾਵੇ? ਪੂਰਨ ਸਿੰਘ ਵਿਚ ਇਹ ਪ੍ਰਵੇਸ਼ ਅਗਾਂਹ ਜਾਂਦਾ ਹੈ, ਪਿਛਾਂਹ ਜਾਂ ਉਤਾਂਹ?

– ਸਮੱਗਰ ਰੂਪ ਵਿਚ ਤਾਂ ਇਹ ਪ੍ਰਵੇਸ਼ ਭਾਈ ਵੀਰ ਸਿੰਘ ਤੋਂ ਹੀ ਮੰਨਿਆ ਜਾ ਸਕਦਾ ਹੈ। ਵੈਸੇ ਇਕ ਪੜਾਅ 'ਤੇ ਇਹੋ ਜਿਹੀ ਆਵਾਜ਼ ਵੀ ਉੱਠੀ ਸੀ ਕਿ ਇਸ ਦਾ ਸਿਹਰਾ ਸ਼ਾਹ ਮੁਹੰਮਦ ਨੂੰ ਜਾਂਦਾ ਹੈ। ਸ਼ਾਹ ਮੁਹੰਮਦ ਦੇ 'ਜੰਗਨਾਮਾ: ਸਿੰਘਾਂ ਤੇ ਫਰੰਗੀਆਂ' ਵਿਚ ਸਿੱਖ ਰਾਜ ਦੇ ਬਸਤੀਵਾਦੀ

ਰਾਜ ਹੱਥੋਂ ਢਹਿ ਢੇਰੀ ਹੋ ਜਾਣ ਦੀ ਹਿਰਦੇਵੇਦਕ ਵਿਥਿਆ ਦਰਜ ਹੈ। ਜਿਵੇਂ ਮੈਂ ਆਪਣੇ ਤਿੰਨ-ਚਾਰ ਲੇਖਾਂ ਵਿਚ ਦਰਸਾਉਣ ਦਾ ਯਤਨ ਕੀਤਾ ਹੈ, ਸ਼ਾਹ ਮੁਹੰਮਦ ਨੇ ਇਹ ਵਿਥਿਆ ਪੰਜਾਬ ਦੇ ਮੁਹਾਜ਼ ਤੋਂ ਲਿਖੀ। ਉਸ ਦਾ ਦਾਅਵਾ ਸੀ ਕਿ ਇਸ ਵਿਪਤਾ ਦੇ ਵਾਪਰਣ ਵੇਲੇ ਤੱਕ ਪੰਜਾਬ ਵਿਚ ਰਚਵੇਂ ਸਭਿਆਚਾਰ ਦੀ ਬੁਨਿਆਦ ਰੱਖੀ ਜਾ ਚੁੱਕੀ ਸੀ। ਇਕ ਪ੍ਰਕਾਰ ਦੀ ਸਾਂਝੀ ਕੌਮੀ ਭਾਵਨਾ ਦਾ ਆਗਾਜ਼ ਵੀ ਹੋਣ ਲੱਗਾ ਪਿਆ ਸੀ। ਇਸ ਦਾ ਸਿਹਰਾ ਮਹਾਰਾਜਾ ਰਣਜੀਤ ਸਿੰਘ ਨੂੰ ਜਾਂਦਾ ਸੀ ਜਿਸ ਨੂੰ ਉਸ ਨੇ ਮਹਾਂਬਲੀ ਦੀ ਉਪਾਧੀ ਨਾਲ ਨਿਵਾਜਿਆ। ਪਰ ਆਰੰਭ ਵਿਚ ਮਹਾਰਾਜਾ ਅਸ਼ੋਕ ਅਤੇ ਹਾਤਮਤਾਈ ਬਾਦਸ਼ਾਹ ਵਰਗੇ ਸਦਭਾਵੀਆਂ ਨਾਲ ਤੁਲਨਾ ਕਰਨ ਦੀ ਥਾਂ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਤੁਲਨਾ ਮੱਧ ਏਸ਼ੀਆ ਦੇ ਜਰਵਾਣਿਆਂ ਨਾਲ ਕੀਤੀ। ਇਸ ਤੋਂ ਕਨਸੋਅ ਹੋਣ ਲੱਗ ਪੈਂਦੀ ਹੈ ਕਿ ਕਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜਪਾਟ ਵਿਚ ਕੋਈ ਬਿਹਤਰੀ ਦੇਖਣ ਦਾ ਵੀ ਚਾਹਵਾਨ ਸੀ। ਕਈ ਘਾਟੇ ਉਸ ਨੂੰ ਜ਼ਰੂਰ ਨਜ਼ਰ ਆਏ ਹੋਣਗੇ ਜਿਨ੍ਹਾਂ ਬਾਰੇ ਵਡੇਰੇ ਸਰੋਕਾਰਾਂ ਨੂੰ ਧਿਆਨ ਵਿਚ ਰੱਖ ਕੇ ਉਹ ਚੁੱਪ ਰਿਹਾ। ਸਿੱਖ ਰਾਜ ਦੇ ਬਸਤੀਵਾਦੀ ਰਾਜ ਹੱਥੋਂ ਢਹਿ ਢੇਰੀ ਹੋ ਜਾਣ ਉਪਰੰਤ ਪੰਜਾਬ ਅਨਿਸ਼ਚਿਤ ਸਮੇਂ ਤੱਕ ਜਿਸ ਅਗਾਮੀਂ ਹੋਣੀ ਦਾ ਭਾਗੀ ਜਾਪਿਆ ਉਸ ਨੂੰ ਸ਼ਾਹ ਮੁਹੰਮਦ ਨੇ ਇਉਂ ਬਿਆਨ ਕੀਤਾ ਹੈ:

ਹੈਸੀ ਖ਼ੂਨ ਦੀ ਇਹ ਜ਼ਮੀਨ ਪਿਆਸੀ
ਹੋਈ ਸੁਰਖ਼ ਸ਼ਰਾਬ ਦੇ ਰੰਗ ਮੀਆਂ
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ
ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।

ਨਿਸਚੇ ਹੀ ਬਸਤੀਵਾਦੀ ਰਾਜ ਦੇ ਆ ਜਾਣ ਉਪਰੰਤ ਇਸ ਦੇ ਕਰਤੱਵ ਬਾਰੇ ਬਣੀ ਉਸ ਦੀ ਬੇਪਰਤੀਤੀ, ਸ਼ਾਹ ਮੁਹੰਮਦ ਨੂੰ ਕੌਮੀ ਸ਼ਾਇਰ ਸਿੱਧ ਕਰ ਦਿੰਦੀ ਹੈ। ਬਸਤੀਵਾਦੀ ਰਾਜ ਵਿਰੁੱਧ ਸੰਘਰਸ਼ ਲਈ ਉਸ ਜ਼ਮੀਨ ਵਲ ਸੰਕੇਤ ਪਰ ਏਥੇ ਕੋਈ ਨਹੀਂ ਜਿਸ ਨੇ ਪੰਜ-ਛੇ ਦਹਾਕੇ ਬਾਅਦ ਜਾ ਕੇ ਕਿਤੇ ਆਪਣਾ ਵਜੂਦ ਇਖ਼ਤਿਆਰ ਕਰਨਾ ਸੀ। ਬਸਤੀਵਾਦੀ ਰਾਜ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜਪਾਟ ਤੋਂ ਬਿਹਤਰ ਉਸ ਦੇ ਤਸੱਵਰ ਵਿਚ ਕੋਈ ਬਿੰਬ ਸੀ, ਇਸ ਬਾਰੇ ਅਨਿਸਚਾ ਬਣਿਆ ਰਹਿੰਦਾ ਹੈ। ਸਮਾਜਕ ਵਰਤਾਰੇ, ਔਰਤ-ਮਰਦ ਸਬੰਧ ਆਦਿ ਬਾਰੇ ਭੂਪਵਾਦੀ ਮੁੱਲਾਂ ਤੋਂ ਅੱਗੇ ਉਸ ਦੀ ਸੋਚ ਜਾਂਦੀ ਸੀ, ਇਸ ਬਾਰੇ ਵੀ ਅਨਿਸਚਾ ਬਣਿਆ ਰਹਿੰਦਾ ਹੈ। ਇਸ ਸਮੁੱਚੀ ਚਰਚਾ ਦੇ ਆਧਾਰ 'ਤੇ ਸ਼ਾਹ ਮੁਹੰਮਦ ਦਾ ਪੰਜਾਬ ਦਾ ਕੌਮੀ ਸ਼ਾਇਰ ਬਣੇ ਰਹਿਣਾ ਨਿਸ਼ਚਿਤ ਹੋ ਜਾਂਦਾ ਹੈ। ਕੇਵਲ ਇਸ ਬਿਨਾ ਤੇ ਹੀ ਨਹੀਂ ਕਿ ਉਸ ਨੇ ਸੁਤੰਤਰ ਸਿੱਖ ਰਾਜ ਦੇ ਢਹਿ ਢੇਰੀ ਹੋ ਜਾਣ ਦੀ ਵਿਥਿਆ ਪੰਜਾਬ ਦੇ ਸਾਂਝੇ ਮੁਹਾਜ਼ ਤੋਂ ਬਿਆਨ ਕੀਤੀ, ਇਸ ਤੋਂ ਬਿਨਾਂ

ਵੀ ਕਿ ਜਦੋਂ ਤੱਕ ਸਾਂਝੇ ਪੰਜਾਬ ਦਾ ਸੁਪਨਾ ਮਨ ਨੂੰ ਧੂਹ ਪਾਉਂਦਾ ਹੈ, ਉਸ ਦੀ ਰਚਨਾ ਅੱਗੇ ਸਾਡਾ ਸਿਰ ਝੁਕਿਆ ਰਹੇਗਾ। ਆਧੁਨਿਕ ਕਵਿਤਾ ਦਾ ਬਾਨੀ ਕਹਿ ਕੇ ਅਸੀਂ ਉਸ 'ਤੇ ਆਪਣੇ ਜਾਣੇ ਅਹਿਸਾਨ ਕਰ ਰਹੇ ਹੋਵਾਂਗੇ ਜਦ ਕਿ ਉਹ ਹਰੇਕ ਤਰ੍ਹਾਂ ਦੇ ਅਹਿਸਾਨ ਤੋਂ ਉੱਪਰ ਹੈ।

ਪੂਰਨ ਸਿੰਘ ਵਿਚ ਆਧੁਨਿਕਤਾ ਦਾ ਪ੍ਰਵੇਸ਼ ਅਗਾਂਹ, ਪਿਛਾਂਹ ਅਤੇ ਉਤਾਂਹ ਤਿੰਨੋ ਹੀ ਅਵਸਥਾਵਾਂ ਭੋਗਦਾ ਹੈ। ਜਿਵੇਂ ਡਾ. ਅਤਰ ਸਿੰਘ ਨੇ ਬੜੇ ਹੁਲਾਸ ਵਿਚ ਪੈ ਕੇ ਬਿਆਨ ਕੀਤਾ ਕਿ ਉਸ ਦੀ ਕਵਿਤਾ ਵਿਚ ਧਰਮ ਨਿਰਪੇਖਤਾ, ਜਿਸ ਤੋਂ ਏਥੇ ਨਿਸਚੇ ਹੀ ਉਸ ਦਾ ਭਾਵ ਸੰਸਾਰਕਤਾ ਤੋਂ ਹੈ, ਆਪਣੇ ਭਰ ਜੋਬਨ ਨੂੰ ਪਹੁੰਚ ਜਾਂਦੀ ਹੈ। ਪ੍ਰਕਿਰਤੀ ਹੀ ਉਸ ਲਈ ਸਭ ਕੁਝ ਹੋ ਨਿਬੜਦੀ ਹੈ, ਜਿਸ ਦੇ ਮੈਦਾਨਾਂ ਵਿਚ ਘੁੰਮਣਾ, ਬਿਰਛਾਂ ਨਾਲ ਝੂਟਣਾ, ਦਰਿਆਵਾਂ ਵਿਚ ਤਰਨਾ ਅਤੇ ਪਸ਼ੂਆਂ ਸੰਗ ਵਿਚਰਣਾ ਅਦੁੱਤੀ ਜੀਵਨ ਬਤੀਤ ਕਰਨ ਦੇ ਤੁੱਲ ਹੈ। ਇਸ ਖ਼ੁਮਾਰੀ ਵਿਚ ਤਾਂ ਉਸ ਨੂੰ ਦੈਵੀ ਤਰ੍ਹਾਂ ਦੀ ਕਿਸੇ ਕਰਤਾਰੀ ਸ਼ਕਤੀ, ਪਰਮਾਤਮਾ ਕਹੋ ਭਾਵੇਂ ਪਾਰ-ਬ੍ਰਹਮ, ਦੀ ਵੀ ਲੋੜ ਨਹੀਂ ਰਹਿੰਦੀ। ਜੇ ਕਦੀ ਕਦਾਈਂ ਉਸ ਦੇ ਦੀਦਾਰ ਦੀ ਤਾਂਘ ਉੱਠਦੀ ਹੈ ਤਾਂ ਉਹ ਆਪਣੇ ਆਪ ਨੂੰ ਇਸ ਦੇ ਅਯੋਗ ਹੀ ਪਾਉਂਦਾ ਹੈ। ਇਸ ਕਾਰਨ ਪੂਰਨ ਸਿੰਘ ਆਪਣੇ ਆਪ ਨੂੰ ਤਰਸਯੋਗ ਅਵਸਥਾ ਦਾ ਧਾਰਨੀ ਕਹਿੰਦਾ ਹੈ। ਵਾਸਤਵ ਵਿਚ ਇਹ ਉਸ ਦਾ ਗੌਰਵ ਹੈ ਕਿਉਂਕਿ ਉਹ ਕਰਤਾਰੀ ਸ਼ਕਤੀ ਜਿਸ ਨੂੰ ਵਧੇਰੇ ਹੀ ਰਹੱਸਮਈ ਮਸਤੀ ਅਤੇ ਇੰਦ੍ਰੇਕ ਅਨੰਦ ਦਾ ਸ੍ਰੋਤ ਦਰਸਾ ਕੇ ਭਾਈ ਵੀਰ ਸਿੰਘ ਸੰਸਾਰ ਵੱਲੋਂ ਧਿਆਨ ਮੋੜ ਲੈਂਦਾ ਹੈ, ਪੂਰਨ ਸਿੰਘ ਉਸ ਤਰ੍ਹਾਂ ਨਹੀਂ ਕਰਦਾ। ਇਸ ਦੀ ਪ੍ਰਕਿਰਤੀ ਨੂੰ ਉਹ ਬਾਲਕ ਵਾਂਗ ਖੇਡਦੇ ਚਮਤਕਾਰ ਵਜੋਂ ਨਿਹਾਰਨਾ ਚਾਹੁੰਦਾ ਹੈ ਅਤੇ ਪਸ਼ੂ ਦੀ ਨਿਰਛੱਲਤਾ ਦੇ ਆਵੇਗ ਵਿਚ ਲੋਪ ਹੋ ਜਾਣਾ ਚਾਹੁੰਦਾ ਹੈ। ਜੇ ਇਹ ਮੰਨ ਲਿਆ ਜਾਵੇ ਕਿ ਬੱਚੇ ਦੀ ਮਾਨਸਿਕਤਾ ਕੁਲ ਜਹਾਨ ਨੂੰ ਖੇਡ ਵਜੋਂ ਚਿਤਵ ਕੇ ਅਤੇ ਪਸ਼ੂ ਦੀ ਨਿਰਛੱਲਤਾ ਧੋਖਾਧੜੀ ਅਤੇ ਕਪਟ ਨੂੰ ਲੋਪ ਸਮਝ ਕੇ ਜੀਵਨ ਦੇ ਬਿਹਤਰ ਹੋਣ ਦਾ ਇਕਰਾਰ ਮੁਹੱਈਆ ਕਰਦੀ ਹੈ, ਖ਼ਾਸ ਤੌਰ 'ਤੇ ਅਜੋਕੇ ਮੋੜ 'ਤੇ ਜਦ ਪਰਿਆਵਣ ਲਈ ਮਾਰੂ ਖ਼ਤਰਾ ਬਣਿਆ ਹੋਇਆ ਹੈ ਤਾਂ ਪੂਰਨ ਸਿੰਘ ਅਗਾਂਹ ਦੇ ਨਾਲ ਆਧੁਨਿਕਤਾ ਦੇ ਪ੍ਰਵੇਸ਼ ਤੋਂ ਉਤਾਂਹ ਵੀ ਜਾਂਦਾ ਪ੍ਰਤੀਤ ਹੁੰਦਾ ਹੈ।

ਇਸ ਤੋਂ ਪਿਛਾਂਹ ਜਾਣ ਦੇ ਖ਼ਤਰੇ ਤੋਂ ਵੀ ਉਹ ਅਣਭੋਲ ਰਹਿੰਦਾ ਹੈ ਜਿਥੇ ਤਿਲਕ ਕੇ ਉਸ ਦੀ ਅਵਸਥਾ, ਉਸ ਦੇ ਆਪਣੇ ਮੰਨਣ ਅਨੁਸਾਰ ਤਰਸਯੋਗ ਵੀ ਬਣ ਜਾਂਦੀ ਹੈ। ਇਹ ਭਾਣਾ ਉਸ ਵਕਤ ਵਾਪਰਦਾ ਹੈ ਜਦੋਂ ਉਸ ਦੀ ਸੁਣਨ ਸ਼ਕਤੀ ਦੇਖਣ ਸ਼ਕਤੀ ਨੂੰ ਨਿਰਬਲ ਕਰ ਰਹੀ ਹੁੰਦੀ ਹੈ। ਜ਼ਿੰਦਗੀ ਦੁਫਾੜਾਂ, ਟੱਕਰਾਂ, ਟਕਰਾਵਾਂ ਅਤੇ ਦਬਾਵਾਂ ਪ੍ਰਤੀ ਅਵੇਸਲੀ

ਹੋ ਜਾਂਦੀ ਹੈ। ਉਹ ਜਾਚ ਜੋ ਗੁਰਬਾਣੀ ਵਿਚ ਚਰਮ ਸੀਮਾ ਨੂੰ ਪਹੁੰਚੀ ਹੋਈ ਹੈ, ਉਸ ਲਈ ਭੁਲਾਵਾ ਬਣ ਜਾਂਦੀ ਹੈ। ਬਸਤੀਵਾਦੀ ਰਾਜ ਵੇਲੇ ਬੇਨਿਆਜ਼ੀ ਹੀ ਉਸ ਦਾ ਰਚਵਾਂ ਅੰਗ ਨਹੀਂ ਬਣ ਜਾਂਦੀ ਸਗੋਂ ਗੁਰੂ ਸਹਿਬਾਨ ਦੀ ਦਿੱਖ ਅਤੇ ਦੱਖ ਨੂੰ ਵੀ ਮੁਲਾਇਮ, ਰਸਭਿੰਨੀ, ਸ਼ਹਿਦ ਭਰੀ, ਅੱਧ ਮੀਟਿਆਂ ਨੈਣਾਂ ਵਾਲੀ ਦਰਸਾ ਕੇ ਸਬਰ ਕਰ ਲੈਂਦੀ ਹੈ।

? ਕੀ ਪੰਜਾਬੀ ਗਲਪ, ਨਾਟਕ, ਕਵਿਤਾ ਅਤੇ ਵਾਰਤਕ ਵਿਚ ਆਧੁਨਿਕਤਾ ਦੀ ਮਿਕਦਾਰ ਇਕਸਾਰ ਹੈ? ਆਧੁਨਿਕਤਾ ਦਾ ਵਧੇਰੇ ਪ੍ਰਮਾਣਕ ਸਰੂਪ ਤੁਹਾਨੂੰ ਕਿਸ ਵਿਧਾ ਵਿਚ ਦਿਖਾਈ ਦਿੰਦਾ ਹੈ?

– ਪੰਜਾਬੀ ਗਲਪ, ਨਾਟਕ, ਕਵਿਤਾ ਅਤੇ ਵਾਰਤਕ ਵਿਚ ਆਧੁਨਿਕਤਾ ਦਾ ਨਿਰਸੰਦੇਹ ਪ੍ਰਵੇਸ਼ ਹੋਇਆ ਹੈ। ਪਰ ਇਹ ਇਕਸਾਰ ਨਹੀਂ ਅਤੇ ਨਾ ਇਨ੍ਹਾਂ ਦੇ ਵਿਲੱਖਣ ਵਜੂਦ ਦਾ ਇਕਸਾਰ ਹੋਣਾ ਯੋਗ ਹੋਣਾ ਸੀ। ਇਨ੍ਹਾਂ ਦੇ ਵਿਲੱਖਣ ਵਜੂਦ ਨੂੰ ਸਮਝਣ ਲਈ ਸੰਤ ਸਿੰਘ ਸੇਖੋਂ ਨੇ ਇਕਾਂਗੀ ਦੀ ਜੋ ਤੁਲਨਾ ਬਦਲੋਟੀ ਨਾਲ ਕੀਤੀ ਉਸ ਨੂੰ ਵਧੇਰੇ ਪ੍ਰਸੰਗਾਂ ਵਿਚ ਫੈਲਾਉਣਾ ਯੋਗ ਹੋਵੇਗਾ। ਸੇਖੋਂ ਹੋਰਾਂ ਅਨੁਸਾਰ ਅਕਾਸ਼ ਵਿਚ ਬਣੀ ਇਕ ਇਕੱਲੀ ਬਦਲੋਟੀ ਦੇਖਣ ਵਾਲੇ ਦਾ ਧਿਆਨ ਉਸੇ ਵਕਤ ਹੀ ਖਿੱਚਦੀ ਹੈ ਜਦ ਉਸ ਦੇ ਕਿਸੇ ਪਾਸਿਉਂ ਬਿਜਲੀ ਚਮਕ ਜਾਵੇ ਅਤੇ ਉਸ ਦੀ ਕਾਲੀ ਭਾਅ ਨੂੰ ਹੋਰ ਤਰ੍ਹਾਂ ਦੀ ਰੰਗਤ ਦੇ ਦੇਵੇ। ਬਿਜਲੀ ਦੀ ਚਮਕ ਆਮ ਜੀਵਨ ਵਿਚ ਉਨ੍ਹਾਂ ਪਲਾਂ ਦੀ ਤਰਜਮਾਨੀ ਕਰਦੀ ਹੈ ਜੋ ਇਸ ਵਿਚ ਵਾਪਰੀ ਕਿਸੇ ਘਟਨਾ, ਉਸ ਨਾਲ ਜੁੜੇ ਦੋ ਤਿੰਨ ਜੀਵਾਂ ਅਤੇ ਫਲਸਰੂਪ ਇਸ ਕਾਰਨ ਜੋ ਉਨ੍ਹਾਂ ਨੂੰ ਸੁੱਖ-ਦੁੱਖ, ਗ਼ਮੀ-ਖ਼ੁਸ਼ੀ ਦਾ ਅਹਿਸਾਸ ਹੋਵੇ ਉਸ ਨੂੰ ਭਾਵਪੂਰਤ ਬਣਾ ਦੇਵੇ। ਇਕਾਂਗੀ ਵਿਚ ਵਿਧਾ, ਵਿਧੀ ਅਤੇ ਸ਼ੈਲੀ ਕੁਝ ਇਸ ਤਰ੍ਹਾਂ ਦਾ ਕਰਤੱਵ ਨਿਭਾਉਣਾ ਲੋੜਦੀ ਹੈ।

ਇਸ ਤੁਲਨਾ ਨੂੰ ਹੋਰ ਪ੍ਰਸੰਗਾਂ ਵਿਚ ਵਿਸਤ੍ਰਿਤ ਕਰਨਾ ਹੋਵੇ ਤਾਂ ਦੂਜੀ ਵਿਵਸਥਾ ਉਹ ਬਣਦੀ ਹੈ ਜੋ ਨਿੱਕੀ ਕਹਾਣੀ ਦੇ ਵਧੇਰੇ ਅਨੁਕੂਲ ਹੈ। ਭਾਵ ਜੇ ਲਿਸ਼ਕ ਵਲ ਧਿਆਨ ਦੇਣ ਦੀ ਬਜਾਏ, ਦੇਖਣ ਵਾਲੇ ਦਾ ਧਿਆਨ ਉਸ ਬਦਲੋਟੀ 'ਤੇ ਟਿਕ ਜਾਵੇ ਜਿਸ ਦੀ ਕਾਲੀ ਭਾਅ ਵਿਚ ਕੋਈ ਰੰਗਤ ਆ ਸਮਾਈ ਹੈ ਤਾਂ ਨਿੱਕੀ ਕਹਾਣੀ ਦੇ ਅਨੁਕੂਲ ਵਿਵਸਥਾ ਬਣ ਜਾਂਦੀ ਹੈ। ਕਹਿਣ ਤੋਂ ਭਾਵ ਇਹ ਹੈ ਕਿ ਲੇਖਕ ਵੱਲੋਂ ਕਿਸੇ ਵਿਚਾਰ, ਕਿਸੇ ਖ਼ਿਆਲ, ਕਿਸੇ ਚਿੰਤਨ-ਪ੍ਰੇਰਿਕ ਭਾਵ ਨੂੰ ਪੇਸ਼ ਕਰਨ ਲਈ ਸਪੇਸ ਰਾਖਵੀਂ ਹੋ ਜਾਂਦੀ ਹੈ। ਇਕਾਂਗੀ ਵਿਚ ਅਜਿਹੀ ਸਪੇਸ ਨੂੰ ਹਥਿਆਉਣ ਦੀ ਮਨਾਹੀ ਹੁੰਦੀ ਹੈ। ਲੇਖਕ ਤੋਂ ਵੱਖ ਖਲੋ ਕੇ ਪਾਤਰਾਂ ਨੇ ਹੀ ਉਥੇ ਉਸ ਘਟਨਾ ਨੂੰ ਸਿਰੇ ਚਾੜਨਾ ਹੈ ਜਿਸ ਖਾਤਰ ਉਨ੍ਹਾਂ ਨੂੰ ਤਸੱਵਰ ਵਿਚ ਲਿਆਂਦਾ ਗਿਆ ਹੁੰਦਾ ਹੈ। ਆਪਣੇ ਵੱਲੋਂ ਜੇ ਲੇਖਕ ਕੁਝ ਪੇਸ਼ ਕਰੇਗਾ ਤਾਂ ਉਸ ਨੂੰ ਆਰੋਪਣ ਹੀ ਸਮਝਿਆ ਜਾਵੇਗਾ। ਜੇ ਬਦਲੋਟੀਆਂ ਬੱਦਲ ਬਣ

ਗਈਆਂ ਹੋਣ, ਘਣਘੋਰ ਘਟਾਵਾਂ ਵਿਚ ਭਾਵੇਂ ਉਨ੍ਹਾਂ ਅਜੇ ਬਦਲਣਾ ਹੋਵੇ, ਬਿਜਲੀ ਦੀ ਚਮਕ ਇਕ ਤੋਂ ਮਗਰੋਂ ਦੂਜੇ ਬੱਦਲ ਤੋਂ ਆਉਂਦੀ ਹੋਵੇ ਤਾਂ ਵਿਵਸਥਾ ਪੂਰੇ ਨਾਟਕ ਅਨੁਕੂਲ ਹੋ ਜਾਂਦੀ ਹੈ। ਪੂਰੇ ਨਾਟਕ ਵਿਚ ਇਕਾਂਗੀ ਦੇ ਦੋ ਤਿੰਨ ਪਾਤਰਾਂ ਤੋਂ ਵਧੇਰੇ ਗਿਣਤੀ ਵਿਚ ਪਾਤਰ ਹੁੰਦੇ ਹਨ, ਉਨ੍ਹਾਂ ਦੇ ਵਜੂਦ ਵੀ ਵਧੇਰੇ ਭਿੰਨਤਾ ਦਰਸਾਉਂਦੇ ਹਨ। ਉਨ੍ਹਾਂ ਦੇ ਬੋਲਾਂ-ਕੁਬੋਲਾਂ, ਕਾਰਜਾਂ, ਸਨਮੁੱਖ ਸਥਿਤੀਆਂ ਦਾ ਵਧੇਰੇ ਸਪੇਸ ਨੂੰ ਅਰਪਿਤ ਹੋਣਾ ਕੁਦਰਤੀ ਹੋ ਜਾਂਦਾ ਹੈ। ਇਸ ਤੋਂ ਵੀ ਵਧੇਰੇ ਸੰਘਣੇ ਬੱਦਲਾਂ ਦੀ ਮਿਕਦਾਰ ਉਨ੍ਹਾਂ ਦੇ ਅਕਾਸ਼ 'ਤੇ ਪ੍ਰਗਟ ਹੋਣ ਤੋਂ ਲੈ ਕੇ, ਘਣਘੋਰ ਘਟਾਵਾਂ ਵਜੋਂ ਬਰਸ ਜਾਣ ਤੱਕ ਦੇ ਆਸਾਰ ਤੇ ਨਾਵਲ ਦਾ ਹੱਕ ਬਣ ਜਾਂਦਾ ਹੈ। ਵਧੇਰੇ ਗਿਣਤੀ ਵਿਚ ਪਾਤਰਾਂ ਨੂੰ ਸਿਰਜਣਾ, ਉਨ੍ਹਾਂ ਦੀਆਂ ਵਧੇਰੇ ਭਿੰਨ ਅਵਸਥਾਵਾਂ ਨੂੰ ਚਿਤਰਣਾ, ਇਨ੍ਹਾਂ ਦੇ ਚਿਤਵਣ ਰਾਹੀਂ ਚਿੰਤਨ ਦਾ ਪਰਿਪੇਖ ਉਸਾਰਨਾ, ਇਸ ਸਭ ਕੁਝ ਦਾ ਹੱਕ ਨਾਵਲਕਾਰ ਲਈ ਰਾਖਵਾਂ ਹੋ ਜਾਂਦਾ ਹੈ।

ਕਵੀ ਨੂੰ ਇਨ੍ਹਾਂ ਵਿਵਸਥਾਵਾਂ ਦੀ ਵਿਆਪਕ ਲੋੜ ਨਹੀਂ। ਸੁੱਖ ਵਿਚ ਕਲਪਨਾ, ਦੁੱਖ ਵਿਚ ਸਿਮਰਿਤੀ ਅਤੇ ਦੋਨਾਂ ਦੇ ਮੁਕਾਬਲਤਨ ਮੁਕਤ ਅਵਸਥਾ ਵਿਚ ਦ੍ਰਿਸ਼ਟੀ ਨੇ ਉਸ ਦੀ ਸਹਾਇਤਾ ਲਈ ਬਹੁੜ ਜਾਣਾ ਹੁੰਦਾ ਹੈ। ਇਸ ਤੋਂ ਸਪੱਸ਼ਟ ਹੀ ਇਹ ਅਨੁਮਾਨ ਹੋ ਸਕਦਾ ਹੈ ਕਿ ਜਿਸ ਵੇਗ, ਤੀਬਰਤਾ ਅਤੇ ਪ੍ਰਬਲਤਾ ਨਾਲ ਪੰਜਾਬੀ ਕਵਿਤਾ ਵਿਚ ਆਧੁਨਿਕਤਾ ਦਾ ਪ੍ਰਵੇਸ਼ ਹੋਇਆ ਹੈ, ਉਸ ਦਾ ਗਲਪ, ਨਾਟਕ ਅਤੇ ਵਾਰਤਾ ਟਾਕਰਾ ਨਹੀਂ ਕਰਦੇ। ਇਹ ਜ਼ਰੂਰ ਹੈ ਕਿ ਜਿਸ ਮਿਆਦ ਅਤੇ ਮਿਕਦਾਰ ਦੇ ਭਾਗੀ ਇਹ ਪ੍ਰਵੇਸ਼ ਨਾਵਲ ਅਤੇ ਨਾਟਕ ਵਿਚ ਹੋ ਸਕੇ ਹਨ ਉਹ ਕਵਿਤਾ ਦੇ ਹਿੱਸੇ ਨਹੀਂ ਆਈ। ਕੀ ਇਹੋ ਕਾਰਨ ਤਾਂ ਨਹੀਂ ਕਿ ਇਸ ਪ੍ਰਵੇਸ਼ ਦੇ ਮੋਢੀਆਂ, ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਨੇ ਕਾਵਿ-ਰਚਨਾ ਤੱਕ ਹੀ ਆਪਣੀ ਸਿਰਜਣਾ ਨੂੰ ਸੀਮਿਤ ਨਾ ਰੱਖਿਆ? ਗਲਪ ਵੀ ਉਨ੍ਹਾਂ ਰਚੀ ਅਤੇ ਇਸ ਤੋਂ ਅਗਾਂਹ ਵਾਰਤਕ ਵੀ ਤਾਂ ਜੋ ਰਾਹ ਵਿਚ ਮਾਧਿਅਮ ਕੋਈ ਔਕੜ ਬਣ ਕੇ ਨਾ ਖਲੋ ਜਾਵੇ।

? ਮਿਕਦਾਰ ਅਤੇ ਮਿਆਦ ਦੀ ਅਲਾਮਤ ਵਾਲੇ ਇਸ ਪ੍ਰਵੇਸ਼ ਦਾ ਪੰਜਾਬੀ ਗਲਪ ਵਿਚ ਕੀ ਕਰਤੱਵ ਰਿਹਾ?

– ਜੇ ਮੁੱਢਲੇ ਪੰਜਾਬੀ ਗਲਪ ਵਲ ਧਿਆਨ ਦੇਈਏ ਤਾਂ ਲੱਗਦਾ ਹੈ ਕਿ ਵੇਲੇ ਦੀ ਰਾਜਸੀ ਅਤੇ ਸਮਾਜਕ ਵਿਵਸਥਾ ਨੂੰ ਸੁਧਾਰਣ ਲਈ ਵਿੱਢੇ ਗਏ ਅੰਦੋਲਨ ਪ੍ਰਤੱਖ ਹੀ ਇਸ ਵਿਚ ਆਪਣੀ ਹਾਜ਼ਰੀ ਲਵਾਉਂਦੇ ਰਹੇ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੰਘ ਸਭਾ ਨੇ ਸਿੱਖ ਸਮਾਜ ਵਿਚੋਂ ਕੁਰੀਤੀਆਂ ਕੱਢਣ ਲਈ ਜੋ ਘਾਲਣਾ ਆਰੰਭੀ ਉਸ ਦੀ ਕਨਸੋਅ ਬੁਲੰਦ ਆਵਾਜ਼ ਵਿਚ ਉੱਭਰੀ। ਸ਼ਾਇਦ ਭਾਈ ਵੀਰ ਸਿੰਘ ਦੀ ਅਭਿਲਾਸ਼ਾ ਵੀ ਤਾਂ ਇਸ

ਨੂੰ ਉਭਾਰਨ ਦੀ ਸੀ। ਇਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਦੇ ਦੋਨੋਂ ਨਾਵਲ 'ਬਾਬਾ ਤੇਗ ਸਿੰਘ' ਅਤੇ 'ਪ੍ਰੇਮ ਲਗਨ' ਅਕਾਲੀ ਦਲ ਵੱਲੋਂ ਆਰੰਭੇ ਸੰਘਰਸ਼ ਦਾ ਮਧਿਅਮ ਬਣ ਗਏ। ਜਿੱਥੇ ਸਿੱਖ ਭਾਈਚਾਰੇ ਲਈ ਇਨ੍ਹਾਂ ਲਿਖਤਾਂ ਦਾ ਮਹੱਤਵ ਸਾਹਿਤਕ ਨਾਲੋਂ ਕਿਤੇ ਵਧੇਰੇ ਧਾਰਮਿਕ ਅਤੇ ਸਮਾਜਕ ਹੋ ਨਿੱਬੜਿਆ ਉਥੇ ਗ਼ੈਰ ਸਿੱਖ ਭਾਈਚਾਰੇ ਲਈ ਜੇ ਕੋਈ ਮਹੱਤਵ ਬਣਿਆ ਤਾਂ ਉਹ ਨਿਰੋਲ ਸੰਪ੍ਰਦਾਇਕ ਸੀ। ਸਿੱਖ ਸੰਪਰਦਾ ਦੀ ਮਾਨਸਿਕਤਾ ਤੋਂ ਜਾਣੂ ਹੋਣ ਖ਼ਾਤਰ ਤਾਂ ਜੋ ਬਾਕੀ ਦੀਆਂ ਸੰਪਰਦਾਵਾਂ ਨੂੰ ਜੋ ਇਸ ਤੋਂ ਖ਼ਤਰਾ ਹੋ ਸਕਦਾ ਸੀ, ਉਸ ਪ੍ਰਤੀ ਸਾਵਧਾਨ ਹੋਇਆ ਜਾ ਸਕੇ, ਗ਼ੈਰ-ਸਿੱਖ ਪਾਠਕ ਇਨ੍ਹਾਂ ਨੂੰ ਪੜ੍ਹਨਾ ਸਹੇੜ ਲੈਂਦੇ ਸਨ।

ਨਾਨਕ ਸਿੰਘ ਅਤੇ ਸੁਰਿੰਦਰ ਸਿੰਘ ਨਰੂਲਾ ਦੇ ਗਲਪ ਨੇ ਇਸ ਸਾਵਧਾਨੀ ਨੂੰ ਦਿਲਚਸਪੀ ਵਿਚ ਬਦਲ ਦਿੱਤਾ। ਭਾਵੇਂ ਉਨ੍ਹਾਂ ਦੀਆਂ ਲਿਖਤਾਂ ਸਮਾਜ ਸੁਧਾਰ ਅਤੇ ਰਾਜਸੀ ਪਰਿਵਰਤਨ ਦੀ ਅਭਿਲਾਸ਼ਾ ਨਾਲ ਓਤਪੋਤ ਸਨ ਜਿਵੇਂ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਜਾਂ ਸੁਰਿੰਦਰ ਸਿੰਘ ਨਰੂਲਾ ਦਾ 'ਪਿਉ ਪੁੱਤਰ' ਅਤੇ 'ਰੰਗ ਮਹੱਲ' ਪਰ ਉਹ ਵੱਖਰਤਾ ਦੀ ਥਾਂ ਸਾਂਝ ਦਾ ਪੱਖ ਪੂਰਦੇ ਸਨ। ਇਸ ਦਾ ਵੱਡਾ ਕਾਰਨ ਸ਼ਾਇਦ ਇਹ ਸੀ ਕਿ ਜੋ ਆਧੁਨਿਕਤਾ ਉਹ ਇਨ੍ਹਾਂ ਵਿਚ ਸਮੋਣ ਦਾ ਉਪਰਾਲਾ ਕਰਦੇ ਸਨ ਉਹ ਨਿਰੋਲ ਪੰਜਾਬੀ ਜੀਵਨ ਨੂੰ ਪਰਿਭਾਸ਼ਤ ਨਹੀਂ ਸੀ ਕਰਦੀ। ਭਾਰਤੀ ਜੀਵਨ, ਜਿਵੇਂ ਉਹ ਉੱਤਰੀ ਭਾਰਤ ਦੇ ਪ੍ਰਾਂਤਾਂ ਵਿਚ, ਨਵੇਂ ਵਿਰੋਧਾਂ ਨੂੰ ਅਰਪਿਤ ਹੋ ਰਿਹਾ ਸੀ, ਉਸ ਵਲ ਵੀ ਧਿਆਨ ਬਰਾਬਰ ਬਣਿਆ ਹੋਇਆ ਸੀ। ਪ੍ਰਾਂਤ ਤੋਂ ਦੇਸ਼ ਵਲ ਜੋ ਪੰਜਾਬੀ ਨਾਵਲ ਕਲਾ ਦਾ ਪੰਧ ਬਣਦਾ ਸੀ ਉਸ ਨੂੰ ਸਾਕਾਰ ਕਰਨਾ ਵੀ ਇਨ੍ਹਾਂ ਦਾ ਬਰਾਬਰ ਸਰੋਕਾਰ ਸੀ। ਵੱਖੋ-ਵੱਖ ਧਰਾਤਲਾਂ 'ਤੇ ਵਿਚਰ ਕੇ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ ਅਤੇ ਗੁਰਦਿਆਲ ਸਿੰਘ ਨੇ ਵਧੇਰੇ ਜਟਿਲ ਅਨੁਭਵਾਂ ਵਲ ਲਿਜਾਂਦੇ ਪੰਧ ਦੀ ਅਭਿਲਾਸ਼ਾ ਕੀਤੀ। ਆਧੁਨਿਕਤਾ ਜਿਵੇਂ ਨਵੇਂ ਤੋਂ ਨਵੇਂ ਰੂਪ ਵਿਚ ਪ੍ਰਵੇਸ਼ ਕਰ ਰਹੀ ਸੀ, ਉਸ ਦੀ ਥਾਹ ਪਾਉਣ ਵਲ ਉਨ੍ਹਾਂ ਰੁਚੀ ਵਿਖਾਈ। ਪਰ ਇਨ੍ਹਾਂ ਦੀਆਂ ਤਤਕਾਲੀ ਲਿਖਤਾਂ ਇਸ ਅਭਿਲਾਸ਼ਾ ਅਤੇ ਰੁਚੀ ਨੂੰ ਖੰਡਿਤ ਕਰਦੀਆਂ ਜਾਪਦੀਆਂ ਹਨ। ਖ਼ੁਦ ਦੇ ਆਤਮ-ਮੋਹ ਵਿਚ ਪੈ ਕੇ ਜਿੱਥੇ ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟਿਵਾਣਾ ਮਿਥਿਆ ਵਿਚ ਉਲਝ ਜਾਣ ਨੂੰ ਆਪਣਾ ਆਸ਼ਾ ਬਣਾ ਬੈਠੇ ਹਨ ਉਥੇ ਗੁਰਦਿਆਲ ਸਿੰਘ ਆਪਣੇ ਗਲਪ ਦੇ ਮੋਹ ਅਧੀਨ ਨਾਵਲ ਦੀ ਥਾਂ ਪ੍ਰਾ-ਨਾਵਲ ਲਿਖਣ ਵਲ ਮੁੜ ਗਿਆ ਹੈ 'ਪਰਸਾ' ਨੂੰ ਜੇ 'ਅਣਹੋਏ' ਦੇ ਪ੍ਰਸੰਗ ਵਿਚ ਇਸ ਦ੍ਰਿਸ਼ਟੀ ਤੋਂ ਨਾ ਵਾਚਿਆ ਜਾਵੇ, ਤਾਂ ਇਸ ਦਾ ਖ਼ਾਸ ਮਹੱਤਵ ਨਹੀਂ ਬਣਦਾ।

ਇਹ ਮੋਹ ਆਪਣੇ ਆਪ ਤੋਂ ਕਿਸੇ ਪ੍ਰਤਿਭਾਵਾਨ ਵਿਅਕਤੀ ਵਲ ਮੁੜ

ਸਕਦਾ ਹੈ ਜੇ ਉਸ ਦੀ ਪਰਾਪਤੀ ਵਿਚ ਘਾਲਣਾ ਦੀ ਉਹ ਚਰਮ ਸੀਮਾ ਨਜ਼ਰ ਆਉਣ ਲੱਗ ਪਵੇ ਜਿਸ ਦੀ ਖ਼ੁਦ ਨੇ ਕਲਪਨਾ ਕੀਤੀ ਹੋਵੇ ਤਾਂ ਇੰਦਰ ਸਿੰਘ ਖ਼ਾਮੋਸ਼ ਦੇ 'ਕਾਫ਼ਰ ਮਸੀਹਾ' ਵਰਗਾ ਨਾਵਲ ਲਿਖ ਹੋ ਜਾਂਦਾ ਹੈ। ਬੜੀ ਮਿਹਨਤ ਤੇ ਸਿਰੜ ਨਾਲ ਲਿਖਿਆ ਇਹ ਨਾਵਲ ਲਿਉ ਤਾਲਸਤਾਏ ਦੇ ਜੀਵਨ 'ਤੇ ਆਧਾਰਿਤ ਹੈ। ਹਜ਼ਾਰਾਂ ਏਕੜ ਭੋਂਇ ਦੀ ਮਾਲਕੀ, ਮਾਇਕ ਖ਼ੁਸ਼ਹਾਲੀ ਅਤੇ ਹਰ ਤਰ੍ਹਾਂ ਦੀ ਐਸ਼ੋ-ਇਸ਼ਰਤ ਦੇ ਬਾਵਜੂਦ ਉਹ ਆਤਮਿਕ ਅਤੇ ਭਾਵਕ ਪਰੇਸ਼ਾਨੀਆਂ ਤੋਂ ਬਹੁਤ ਕੁੰਠਿਤ ਰਿਹਾ। ਉਸ ਦੇ ਖਤਾਂ ਅਤੇ ਘਰੇਲੂ ਜੀਵਨ ਨਾਲ ਸਬੰਧਿਤ ਪੰਨਿਆਂ ਵਿਚ ਉਸ ਨੇ ਆਪਣੇ ਸੰਤਾਪ ਦਾ ਜੋ ਵਰਣਨ ਕੀਤਾ ਹੈ ਉਸ 'ਤੇ ਆਧਾਰਤ ਕਰਕੇ ਇਸ ਨੀਝ ਚਿਤਰਣ ਦਾ ਪੰਜਾਬੀ ਜੀਵਨ ਵਿਚ ਢਲੇ ਪੰਜਾਬੀ ਬੰਦੇ ਦੇ ਸੰਤਾਪ ਅਤੇ ਕਲੇਸ਼ ਨਾਲ ਕੋਈ ਸਬੰਧ ਬਣਦਾ ਹੈ? ਜਵਾਬ ਇਹੋ ਹੀ ਹੋ ਸਕਦਾ ਹੈ ਕਿ ਜਿਸ ਤਰ੍ਹਾਂ ਦੇ ਪਾਠ ਦੇ ਤੌਰ 'ਤੇ ਇਹ ਨਾਵਲ ਪ੍ਰਾਪਤ ਹੈ ਉਸ ਦਾ ਤਾਂ ਇਸ ਤਰ੍ਹਾਂ ਦਾ ਸਬੰਧ ਨਹੀਂ ਬਣਦਾ। ਜਿਸ ਪੰਜਾਬ ਦੇ ਜੰਮਪਲ ਨੇ ਆਪਣੇ ਆਪ ਨੂੰ ਆਪਣੇ ਆਪ ਦਾ ਦਰਪਣੀ ਬਿੰਬ ਬਣਾਉਣ ਦਾ ਤਰਸਯੋਗ ਯਤਨ ਕੀਤਾ ਉਸ ਦੇ ਜੀਵਨ ਨਾਲ ਜੇ ਇਹ ਬਾਵਸਤਾ ਹੁੰਦਾ ਤਾਂ ਅਜਿਹੇ ਨਾਵਲ ਦਾ ਕਿਤੇ ਵਧੇਰੇ ਮੁੱਲ ਹੋਣਾ ਸੀ।

ਜਿਸ ਪੰਜਾਬੀ ਜੰਮਪਲ ਵਲ ਇਹ ਸੰਕੇਤ ਹੈ ਉਹ ਅੰਮ੍ਰਿਤਾ ਸ਼ੇਰਗਿੱਲ ਦਾ ਬਾਪ ਉਮਰਾਉ ਸਿੰਘ ਸੀ। ਵੱਡੀ ਜ਼ਮੀਨੀ ਜਾਇਦਾਦ ਦਾ ਮਾਲਕ ਹੋ ਕੇ ਵੀ ਉਹ ਆਵਾਜ਼ਾਰ ਰਹਿੰਦਾ ਸੀ। ਤਾਲਸਤਾਏ ਵਾਂਗ ਵਿਚਰ ਕੇ, ਏਥੋਂ ਤੱਕ ਕਿ ਉਸ ਵਰਗੀ ਪੋਸ਼ਾਕ ਪਹਿਨ ਕੇ ਉਹ ਸਮਝਦਾ ਸੀ ਕਿ ਉਸ ਦਾ ਸੰਤਾਪ ਅਤੇ ਕਲੇਸ਼ ਘਟ ਜਾਵੇਗਾ। ਜਦ ਇਸ ਦਾ ਕੋਈ ਲਾਭ ਪ੍ਰਤੀਤ ਨਹੀਂ ਸੀ ਹੁੰਦਾ, ਦੰਪਤੀ ਜੀਵਨ ਤੋਂ ਨਿਰਾਸ਼ ਉਹ ਛੱਤ 'ਤੇ ਜਾ ਚੜ੍ਹਦਾ ਸੀ। ਦੂਰਬੀਨ ਰਾਹੀਂ ਉਹ ਘੰਟਿਆਂ ਬੱਧੀ ਤਾਰਿਆਂ 'ਤੇ ਨਿਗਾਹ ਟਿਕਾਈ ਰੱਖਦਾ ਸੀ, ਇਸ ਉਮੀਦ ਨਾਲ ਕਿ ਉਸ ਦੇ ਕੁੰਠਿਤ ਮਨ ਨੂੰ ਤਾਰਾ ਮੰਡਲ ਨਾਲ ਇਕਸੁਰ ਹੋ ਕੇ ਚੈਨ ਮਿਲ ਜਾਵੇਗੀ। ਨੀਚੇ ਘਰ ਵਿਚਲੀ ਤਲਖ਼ੀ ਕਿਤੇ ਪਿਛਾਂਹ ਰਹਿ ਜਾਵੇਗੀ। ਪੁਰਾਤਨ ਗ੍ਰੰਥਾਂ ਦਾ ਵੀ ਉਹ ਵਿਦਵਾਨ ਸੀ ਪਰ ਉਨ੍ਹਾਂ ਦੇ ਅਧਿਐਨ ਨੂੰ ਆਪਣੀ ਕਿਸੇ ਮੌਲਿਕ ਲਿਖਤ ਵਿਚ ਢਾਲਣ ਤੋਂ ਅਸਮਰਥ ਸੀ। ਉਸ ਦੀ ਬੇਟੀ ਨੇ ਜੋ ਉਸ ਦਾ ਚਿੱਤਰ ਉਲੀਕਿਆ ਉਸ ਵਿਚ ਉਹ ਤਿਆਰ-ਬਰ-ਤਿਆਰ ਹੋ ਕੇ ਲਿਖਣ ਮੇਜ਼ ਕੋਲ ਬੈਠਾ ਹੈ। ਧਿਆਨ ਉਸ ਦਾ ਕਾਗ਼ਜ਼ਾਂ ਦੇ ਢੇਰ 'ਤੇ ਕੇਂਦਰਿਤ ਹੈ ਜੋ ਉਸ ਦੇ ਸਾਹਮਣੇ ਪਿਆ ਹੈ। ਲਿਖਣ ਲਈ ਉਹ ਇਕਾਗਰ-ਚਿੱਤ ਹੋਇਆ ਵੀ ਦਿਸਦਾ ਹੈ ਪਰ ਇਕ ਅੱਖਰ ਵੀ ਉਸ ਤੋਂ ਲਿਖਿਆ ਨਹੀਂ ਜਾਂਦਾ। ਅਖ਼ੀਰਲੀ ਉਮਰ ਵਿਚ ਤਾਂ ਕਿਹਾ ਜਾਂਦਾ ਹੈ ਕਿ ਉਸ ਦੀ ਯਾਦ ਸ਼ਕਤੀ ਜਾਂਦੀ ਰਹੀ ਸੀ। ਕੋਈ ਨਾ ਕੋਈ ਗ੍ਰੰਥ ਚੁੱਕੀ ਉਹ ਬਾਹਰ ਨਿਕਲ ਜਾਂਦਾ

ਸੀ। ਸੰਤਾਪ ਅਤੇ ਕਲੇਸ਼ ਤੋਂ ਕੁੰਠਿਤ ਹੋਏ ਦਾ ਦਿਹਾਂਤ ਨਾਲ ਹੀ ਇਨ੍ਹਾਂ ਤੋਂ ਉਸ ਦਾ ਖਹਿੜਾ ਛੁੱਟ ਸਕਿਆ।

ਇਕ ਹੋਰ ਨੁਕਤੇ ਤੋਂ ਵੀ ਇਸ ਤਰ੍ਹਾਂ ਦੇ ਵਿਸ਼ਾ-ਵਸਤੂ ਦੇ ਸਹਾਰੇ ਲਿਖੇ ਨਾਵਲ ਬਾਰੇ ਇਤਰਾਜ਼ ਸੰਭਵ ਹੈ। ਉਹ ਮਹਾਨ ਚਿੱਤਰਕਾਰ ਵਾਨ ਗਾਗ ਦੇ ਜੀਵਨ ਬਾਰੇ ਲਿਖੇ ਇਰਵਿੰਗ ਸਟੋਨ ਦੇ ਨਾਲਵ 'ਲਸਟ ਫਾਰ ਲਾਈਫ਼ (ਜਿਊਣ ਦੀ ਰੀਝ) ਦੇ ਪ੍ਰਸੰਗ ਵਿਚ ਉਠਾਉਣਾ ਜਾਇਜ਼ ਪ੍ਰਤੀਤ ਹੁੰਦਾ ਹੈ। ਇਹ ਨਾਵਲ ਉਨ੍ਹਾਂ ਖ਼ਤਾਂ 'ਤੇ ਅਧਾਰਤ ਹੈ ਜੋ ਵਾਨ ਗਾਗ ਨੇ ਆਪਣੇ ਭਰਾ ਨੂੰ ਲਿਖੇ ਸਨ। 'ਲੈਟਰਜ਼ ਟੂ ਥੀਉ' ਦੇ ਸਿਰਲੇਖ ਹੇਠ ਛਪੇ ਇਹ ਖ਼ਤ ਅਜਿਹਾ ਪਾਠ ਮੁਹੱਈਆ ਕਰਦੇ ਹਨ ਜਿਨ੍ਹਾਂ ਦਾ ਹਰੇਕ ਸ਼ਬਦ ਅੱਖਾਂ ਵਿਚ ਹੰਝੂ ਜਾਂ ਬੁੱਲ੍ਹਾਂ ਤੇ ਮੁਸਕਾਨ ਲਿਆ ਕੇ ਹੀ ਪੜ੍ਹਿਆ ਜਾ ਸਕਦਾ ਹੈ। ਚਿੱਤਰਕਾਰ ਨੇ ਇਨ੍ਹਾਂ ਹਰਫ਼ਾਂ ਨੂੰ ਖ਼ੂਨ ਵਿਚ ਡੁੱਬ ਕੇ ਲਿਖਿਆ ਹੈ, ਜਿਨ੍ਹਾਂ ਨੂੰ ਆਪਣੇ ਹੰਝੂਆਂ ਅਤੇ ਮੁਸਕਰਾਹਟਾਂ ਵਿਚ ਢਾਲ ਕੇ ਹੀ ਅਹਿਸਾਸ ਹੋ ਸਕਦਾ ਹੈ ਕਿ ਕਿਉਂ ਚਿੱਤਰਕਾਰੀ ਵਿਚ ਵਾਨ ਗਾਗ ਹੁਣ ਤੱਕ ਦਾ ਸਭ ਤੋਂ ਮਹਾਨ ਕਲਾਕਾਰ ਹੋ ਗੁਜ਼ਰਿਆ ਹੈ। ਇਰਵਿੰਗ ਸਟੋਨ ਦਾ ਨਾਵਲ, ਜਿਸ ਨੂੰ ਲੱਖਾਂ ਪਾਠਕਾਂ ਨੇ ਪੜ੍ਹਿਆ ਅਤੇ ਸਲਾਹਿਆ ਹੈ, ਇਨ੍ਹਾਂ ਖ਼ਤਾਂ ਦੇ ਨੇੜੇ-ਤੇੜੇ ਨਹੀਂ ਪਹੁੰਚਦਾ।

ਬਲਦੇਵ ਸਿੰਘ ਦੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਬਾਰੇ ਵੀ ਮੇਰੇ ਮਨ ਵਿਚ ਇਸ ਤਰ੍ਹਾਂ ਦਾ ਰਲਵਾਂ-ਮਿਲਵਾਂ ਇਤਰਾਜ਼ ਉੱਠਦਾ ਹੈ ਜਿਸ ਤਰ੍ਹਾਂ ਦੇ ਸਿੱਧ ਪੱਧਰੇ ਪਾਠ ਵਜੋਂ ਇਹ ਪ੍ਰਾਪਤ ਹੈ ਉਸ ਤੋਂ ਤਾਂ ਮਹਿਸੂਸ ਕਰਨਾ ਵਾਜਿਬ ਲੱਗਦਾ ਹੈ ਕਿ ਦੇਸ਼ ਵਿਚ ਜ਼ੋਰ ਪਕੜ ਰਹੀ ਦਲਿਤ ਵਰਗ ਦੀ ਰਾਜਸੀ ਧਿਰ ਦੀ ਹਉਮੈ ਨੂੰ ਤ੍ਰਿਪਤ ਕਰਨਾ ਹੀ ਇਸ ਦਾ ਮੁੱਖ ਮੰਤਵ ਹੈ। ਇਹ ਗੱਲ ਆਧੁਨਿਕਤਾ ਦੇ ਪ੍ਰਵੇਸ਼ ਨਾਲ ਤਾਂ ਮੇਲ ਖਾਂਦੀ ਹੈ ਪਰ ਅਲਪ ਰੂਪ ਵਿਚ ਹੀ ਕਿਉਂਕਿ ਹੁਣ ਤੱਕ ਜੋ ਸਮਾਜਕ ਮਾਨਤਾ ਬਣੀ ਹੋਈ ਹੈ, ਜਿਸ ਤੇ ਵਿਦਵਤਾ ਨੇ ਪਹਿਰਾ ਦਿੱਤਾ ਹੈ, ਉਹ ਇਸ ਦੇ ਉਲਟ ਜਾਂਦੀ ਹੈ। ਉਨ੍ਹਾਂ ਦੇ ਸਨਮੁੱਖ ਹੋ ਕੇ ਬਲਦੇਵ ਸਿੰਘ ਦੇ ਨਾਵਲ ਵਿਚਲੀ ਸਮੱਸਿਆ ਕੋਈ ਵੰਗਾਰ ਪੇਸ਼ ਨਹੀਂ ਕਰਦੀ ਜੋ ਇਹ ਕਰ ਸਕਦੀ ਸੀ ਪੰਜਾਬ ਦੇ ਇਤਿਹਾਸਿਕ ਪ੍ਰਸੰਗ ਨੂੰ ਮੁੱਖ ਰੱਖ ਕੇ ਜੇ ਇਹ ਉਸ ਵਿਧਾ ਵਿਧੀ ਅਨੁਸਾਰ ਲਿਖਿਆ ਨਾਵਲ ਹੋ ਨਿਬੜਦਾ ਜਿਸ ਦਾ ਸਭ ਤੋਂ ਕਮਾਲ ਦਾ ਪ੍ਰਮਾਣ ਪੁਰਤਗਾਲ ਦੇ ਮਹਾਨ ਲੇਖਕ ਹੋਸਿ ਸੈਰਾਮੈਗੋ ਦੇ ਨਾਵਲ 'ਦਾ ਹਿਸਟਰੀ ਆਫ਼ ਦਾ ਸੀਜਜ਼ ਆਫ ਲਿਸਬਨ' ਤੋਂ ਮਿਲ ਜਾਂਦਾ ਹੈ।

ਨਾਵਲ ਵਿਚ ਹੁੰਦਾ ਇਹ ਹੈ ਕਿ ਛਪਣ ਤੋਂ ਪਹਿਲਾਂ ਜਾਣੇ-ਮਾਣੇ ਸੋਧਕ ਕੋਲ ਇਕ ਪੁਰਾਤਨ ਖਰੜਾ ਪਹੁੰਚਦਾ ਹੈ। ਪ੍ਰਕਾਸ਼ਕ ਵੱਲੋਂ ਖ਼ਾਸ ਹਦਾਇਤ ਹੈ ਕਿ ਇਸ ਵਿਚ ਕੋਈ ਗਲਤੀ ਨਾ ਰਹਿ ਜਾਵੇ। ਜਦੋਂ ਕਿਤਾਬੀ ਰੂਪ ਵਿਚ ਇਹ ਪਾਠਕ ਜਗਤ ਤੱਕ ਪਹੁੰਚੇ ਤਾਂ ਇਹ ਪੂਰੀ ਤਰ੍ਹਾਂ ਦੋਸ਼-ਮੁਕਤ

ਹੋਵੇ। ਅਣਵਿਆਹਿਆ ਅੱਧਖੜ ਉਮਰ ਨੂੰ ਪਹੁੰਚਿਆ ਸੋਧਕ, ਜਿਸ ਨੇ ਗ਼ਲਤੀਆਂ ਸੋਧਣ ਤੋਂ ਹੀ ਰੁਜ਼ਗਾਰ ਦਾ ਪ੍ਰਬੰਧ ਕੀਤਾ ਹੈ, ਇਸ ਖਰੜੇ ਨੂੰ ਪੜ੍ਹਦਾ ਪੜ੍ਹਦਾ, ਕੁੱਲ ਸੰਜ਼ੀਦਗੀ ਦੇ ਬਾਵਜੂਦ, ਗ਼ੈਰ-ਸੰਜੀਦਾ ਹੋ ਜਾਂਦਾ ਹੈ। ਖਰੜੇ ਵਿਚ ਜਦ ਇਹ ਵਾਕ ਆਉਂਦਾ ਹੈ ਕਿ 'ਜਦ ਈਸਾਈ ਸੂਰਬੀਰ ਲਿਸਬਨ ਦੇ ਸ਼ਹਿਨਸ਼ਾਹ ਦੀ ਮਦਦ ਲਈ ਪਹੁੰਚੇ' ਤਾਂ ਉਹ ਇਸ ਵਿਚ 'ਨਹੀਂ' ਸ਼ਬਦ ਦਾ ਵਾਧਾ ਕਰ ਦਿੰਦਾ ਹੈ। ਕਿਤਾਬੀ ਰੂਪ ਵਿਚ ਖਰੜੇ ਦੇ ਛਪਣ ਤੋਂ ਪਹਿਲਾਂ ਇਹ ਗ਼ਲਤੀ ਫੜੀ ਜਾਂਦੀ ਹੈ। ਪ੍ਰਕਾਸ਼ਨ ਲਈ ਜ਼ਿੰਮੇਵਾਰ ਔਰਤ ਜੋ ਤਨ ਦੀ ਹੀ ਖ਼ੂਬਸੂਰਤ ਨਹੀਂ ਸਗੋਂ ਮਨ ਦੀ ਵੀ ਬੜੀ ਹੁਸੀਨ ਹੈ, ਸੋਧਕ ਨੂੰ ਕੋਈ ਸਜ਼ਾ ਨਹੀਂ ਦਿੰਦੀ, ਉਸ ਨੂੰ ਉਹ ਅਜਿਹਾ ਖਰੜਾ ਤਿਆਰ ਕਰਨ ਲਈ ਪ੍ਰੇਰਦੀ ਹੈ ਜਿਸ ਵਿਚ ਲਿਸਬਨ ਦੇ ਸ਼ਹਿਨਸ਼ਾਹ ਨੂੰ ਈਸਾਈ ਸੂਰਬੀਰਾਂ ਦੀ ਮਦਦ ਨਾ ਪਹੁੰਚਣ ਕਾਰਨ ਜੋ ਭਾਵੀ ਬਣੀ ਉਸ ਦੀ ਵਿਥਿਆ ਬਿਆਨ ਹੋ ਜਾਵੇ। ਸੋਧਕ ਇਸ ਪ੍ਰਯਾਸ ਨਾਲ ਜੁੜ ਜਾਂਦਾ ਹੈ। ਜੋ ਖਰੜਾ ਤਿਆਰ ਹੁੰਦਾ ਹੈ ਉਹ ਉਸ ਮਹਾਂਨਗਰ ਦੇ ਜੀਵਨ ਬਾਰੇ ਅਜਿਹੇ ਭੇਦ ਖੋਲ੍ਹਦਾ ਹੈ ਜਿਨ੍ਹਾਂ ਦਾ ਹੁਣ ਤੱਕ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਔਰਤ ਐਨੀ ਮਤਵਾਲੀ ਹੋ ਜਾਂਦੀ ਹੈ ਕਿ ਉਮਰਾਂ ਵਿਚ ਢੇਰ ਅੰਤਰ ਦੇ ਬਾਵਜੂਦ ਉਹ ਸੋਧਕ ਨੂੰ ਪਿਆਰ ਕਰਨ ਲੱਗ ਪੈਂਦੀ ਹੈ।

ਬਲਦੇਵ ਦੇ ਇਸ ਨਾਵਲ ਵਿਚਲੀ ਸਥਿਤੀ ਨੂੰ ਗਿਆਨ ਦੇ ਉਹ ਕਵਾੜ ਖੋਲ੍ਹਣ ਲਈ ਵਰਤਿਆ ਜਾ ਸਕਦਾ ਸੀ ਜੋ ਪੰਜਾਬ ਦੇ, ਖ਼ਾਸ ਤੌਰ 'ਤੇ ਸਿੱਖ ਗੁਰੂ ਸਹਿਬਾਨ ਦੇ ਇਤਿਹਾਸ ਤੇ ਪਰਤ-ਦਰ-ਪਰਤ ਪਰਦਾ ਪਾਉਂਦੇ ਹਨ। 'ਯੁੱਧ ਨਾਦ' ਵਿਚ ਇਸ ਤਰ੍ਹਾਂ ਦਾ ਪ੍ਰਯਾਸ ਮਨਮੋਹਨ ਬਾਵਾ ਨੇ ਪ੍ਰਤੱਖ ਹੀ ਕਰ ਦਿਖਾਇਆ ਹੈ। ਖ਼ਾਸ ਮਹੱਤਵ ਵਾਲਾ ਨਾਵਲ ਦਾ ਦੂਜਾ ਅੱਧ ਹੈ ਜੋ ਪੰਜਾਬ ਦੇ ਮੁਹਾਜ਼ ਤੋਂ ਸਕੰਦਰ ਦੇ ਹਮਲੇ ਅਤੇ ਉਸ ਦੀ ਵਾਪਸੀ ਉਪਰੰਤ ਚੰਦਰ ਗੁਪਤ ਮੌਰੀਆ ਦੇ ਮਨਸੂਬੇ ਨੂੰ ਬੇਨਕਾਬ ਕਰ ਦਿੰਦਾ ਹੈ। ਆਧੁਨਿਕਤਾ ਦੇ ਪ੍ਰਵੇਸ਼ ਨਾਲ ਜੋ ਸੂਝ ਅਤੇ ਸੋਝੀ ਆਉਣੀ ਚਾਹੀਦੀ ਸੀ ਪੁਰਾਤਨ ਘਟਨਾ ਉਸ ਦੇ ਸਮੱਸਿਆਕਾਰ ਨੂੰ ਪਰਤੱਖ ਕਰਕੇ ਰੱਖ ਦਿੰਦੀ ਹੈ।

? ਆਧੁਨਿਕਤਾ ਦਾ ਮਾਰਕਸੀ ਪਰਿਪੇਖ ਕੀ ਬਣਦਾ ਹੈ?

– ਆਧੁਨਿਕੀਕਰਣ, ਆਧੁਨਿਕਤਾ ਅਤੇ ਆਧੁਨਿਕਤਾਵਾਦ, ਤਿੰਨੋਂ ਹੀ ਮਾਰਕਸਵਾਦੀ ਫਲਸਫ਼ੇ ਅਤੇ ਵਿਚਾਰਧਾਰਾ ਦੇ ਘੇਰੇ ਵਿਚ ਆਉਂਦੇ ਹਨ। ਮਾਰਕਸਵਾਦੀ ਫ਼ਲਸਫ਼ੇ ਅਨੁਸਾਰ ਕੁੱਲ ਕਾਇਨਾਤ ਦਵੰਦਾਤਮਿਕ ਪਦਾਰਥਵਾਦ ਅਨੁਕੂਲ ਵਿਗਸੀ ਹੈ। ਨਿਰਜਿੰਦ ਮਾਦੇ ਤੋਂ ਲੈ ਕੇ ਮਾਨਵ ਜਾਤੀ ਤੱਕ ਦੇ ਵਿਗਾਸ ਦਾ ਆਧਾਰ ਪਦਾਰਥਵਾਦੀ ਹੈ, ਦੈਵੀ ਨਹੀਂ ਜਿਵੇਂ ਕਿ ਧਰਮ ਅਤੇ ਅਧਿਆਤਮਵਾਦ ਇਸ ਨੂੰ ਸਿੱਧ ਕਰਨ ਦੇ ਆਹੁਰ ਵਿਚ ਹਨ। ਇਹ ਵਿਗਾਸ ਦਵੰਦਾਤਮਿਕ ਢੰਗ ਨਾਲ ਨੇਪਰੇ ਚੜ੍ਹਿਆ ਹੈ

ਜੋ ਨਾ ਨਿਰੰਤਰ, ਨਾ ਦਾਇਰਾਨੁਮਾ, ਨਾ ਇਲਹਾਮੀ ਹੈ। ਜੋ ਧਰਮ, ਮਿਥਿਹਾਸ, ਅਧਿਆਤਮ ਅਤੇ ਰਹੱਸ ਦੇ ਰੂਪ ਵਿਚ ਇਲਹਾਮੀ ਪ੍ਰਤੀਤ ਹੁੰਦਾ ਹੈ, ਉਹ ਵੀ ਦਰਅਸਲ ਇਸ ਪਦਾਰਥਵਾਦੀ ਵਿਗਾਸ ਦਾ ਹੀ ਪਰਛਾਵਾਂ ਹੈ।

ਕਾਇਨਾਤ ਤੋਂ ਜਦ ਮਨੁੱਖ ਜਾਤੀ ਇਸ ਵਿਗਾਸ ਦਾ ਮਾਧਿਅਮ ਬਣੀ ਤਾਂ ਇਸ ਨੇ ਇਤਿਹਾਸਕ ਪਦਾਰਥਵਾਦ ਦੇ ਪ੍ਰਮਾਣਾਂ ਪ੍ਰਤੀਮਾਨਾਂ ਦੀ ਪਾਲਣਾ ਕਰਨੀ ਆਰੰਭ ਕਰ ਦਿੱਤੀ। ਕਾਇਨਾਤ ਦੇ ਵਿਚ ਵਿਚਾਲੇ ਮਾਨਵੀ ਆਧਾਰ ਬਣਾ ਕੇ ਇਸ ਨੇ ਵਰਗਾਂ ਦੇ ਟੱਕਰ ਟਕਰਾਅ ਅਨੁਸਾਰ ਵਿਕਾਸ ਕਰਨਾ ਆਰੰਭ ਕਰ ਦਿੱਤਾ। ਇਸ ਦੀ ਲੋਅ ਵਿਚ ਵਿਕਾਸ ਵਧੇਰੇ ਤੋਂ ਵਧੇਰੇ ਵਿਗਾਸ ਦੀ ਥਾਂ ਲੈਂਦਾ ਗਿਆ ਜੋ ਪੈਦਾਵਾਰੀ ਰਾਹੀਂ ਕੁਦਰਤੀ ਵਸੀਲਿਆਂ ਤੋਂ ਮਨੁੱਖੀ ਲੋੜਾਂ ਦੀ ਪੂਰਤੀ ਰਾਹੀਂ ਨੇਪਰੇ ਚੜ੍ਹਦਾ ਹੈ। ਇਸ ਪੈਦਾਵਾਰੀ ਪ੍ਰਬੰਧ ਦਾ ਸੁਭਾਅ ਵਰਗਗਤ ਹੈ, ਕੁਦਰਤੀ ਵਸੀਲਿਆਂ ਦਾ ਮਾਲਕ ਵਰਗ, ਪੈਦਾਵਾਰੀ ਸੰਦਾਂ ਨੂੰ ਵਰਤਣ ਵਾਲੀ ਲੋਕਾਈ ਤੱਕ ਉਪਲਬੱਧ ਕਰਕੇ ਸੱਤਾ, ਸਾਸ਼ਨ, ਸੋਸ਼ਣ ਅਤੇ ਸਜ਼ਾ ਦਾ ਅਧਿਕਾਰੀ ਹੋ ਨਿਬੜਦਾ ਹੈ। ਪੈਦਾਵਾਰੀ ਸੰਦਾਂ ਨੂੰ ਵਰਤਣ ਵਾਲੀ ਲੋਕਾਈ ਕਿਰਤ ਵਿਚ ਤ੍ਰਿਪਤੀ ਭਾਲਦੀ ਹੈ ਜਦ ਕਿ ਸੱਤਾਧਾਰੀ ਵਰਗ ਨੂੰ ਸਾਸ਼ਨ ਅਤੇ ਸੋਸ਼ਣ ਰਾਹੀਂ ਇਸ ਦੀ ਉਪਲਬੱਧੀ ਹੁੰਦੀ ਹੈ। ਧਰਮ, ਅਧਿਆਤਮ, ਗਿਆਨ ਦੇ ਤਿੰਨ ਖੇਤਰਾਂ ਦੇ ਨਾਲ ਸਾਹਿਤ ਉਪਰੋਕਤ ਤ੍ਰਿਪਤੀ ਅਤੇ ਉਪਲਬੱਧੀ ਵਿਚਕਾਰ ਸਾਲਸੀ ਦਾ ਕੰਮ ਕਰਦਾ ਆਇਆ ਹੈ। ਸੋ ਮਾਰਕਸਵਾਦੀ ਫ਼ਲਸਫ਼ੇ ਅਤੇ ਵਿਚਾਰਧਾਰਾ ਅਨੁਸਾਰ ਸਾਹਿਤ ਸਾਲਸੀ ਕਿਰਿਆ ਹੈ, ਇਕ ਪਾਸੇ ਸਮਕਾਲ ਦੂਜੇ ਪਾਸੇ ਸਦੀਵੀ ਕਾਲ ਵਿਚਕਾਰ ਨਾਤਾ ਜੋੜਨ ਵਾਲੀ ਜੋ ਬੋਲੀ ਨੂੰ ਮਾਧਿਅਮ ਵਜੋਂ ਵਰਤਦੀ ਹੈ। ਬੋਲੀ ਦੇ ਵਰਤਣ ਵਿਚ ਨਿਪੁੰਨਤਾ, ਇਸ ਨਿਪੁੰਨਤਾ ਦੇ ਫਲਸਰੂਪ ਵਿਧਾ ਵਿਧੀ ਵਿਚ ਜੀਵਨ-ਅਨੁਭਵ ਨੂੰ ਢਾਲਣ ਦੀ ਸਮਰੱਥਾ, ਲੇਖਕ ਨੂੰ ਕਾਨੂੰਨ, ਰਾਜਨੀਤੀ ਅਤੇ ਸਮਾਜ ਪ੍ਰਬੰਧ ਦੇ ਸਰਗਰਮ ਸਾਲਸਾਂ ਨਾਲੋਂ ਕਿਤੇ ਉਤਾਂਹ ਲੈ ਜਾਂਦੀ ਹੈ। ਨੇਤਾ ਅਤੇ ਪੈਗ਼ੰਬਰ ਦੇ ਵਿਚ ਵਿਚਾਲੇ ਜਿਹੇ ਉਸ ਦਾ ਸਥਾਨ ਨਿਸਚਿਤ ਕਰ ਦਿੰਦੀ ਹੈ। ਵਰਗ ਸੁਭਾਅ ਅਤੇ ਵਰਗ ਚਰਿੱਤਰ ਦੇ ਲਖ਼ਸ਼ ਨੂੰ ਅੰਤਿਮ ਮਹੱਤਵ ਪ੍ਰਦਾਨ ਕਰਦਾ ਹੋਇਆ, ਮਾਰਕਸਵਾਦ ਦੇ ਪਰਿਪੇਖ ਤੋਂ ਲੇਖਕ ਦੇ ਕਰਤੱਵ ਨੂੰ ਪਛਾਣਨ ਵਾਲਾ ਪ੍ਰਥਮ ਚਿੰਤਕ ਪਲੈਖਾਨੋਵ ਉਸ ਦੇ ਇਸ ਉੱਤਮ ਸਥਾਨ ਨੂੰ ਅਪ੍ਰਵਾਨ ਕਰਦਾ ਹੈ। ਪਰ ਇਸ ਖੇਤਰ ਵਿਚ ਸੰਸਾਰ ਪ੍ਰਸਿੱਧੀ ਦਾ ਸੁਆਮੀ ਬਣ ਜਾਣ ਵਾਲੇ ਗਿਉਰਗੀ ਲੁਕਾਚ ਦੀ ਦ੍ਰਿਸ਼ਟੀ ਵਿਚ ਲੇਖਕ ਦੀ ਹਸਤੀ ਇਸ ਪ੍ਰਕਾਰ ਦੀ ਪ੍ਰਚੰਡਤਾ ਦਾ ਦਮ ਭਰਦੀ ਹੈ। ਲੁਕਾਚ ਅਨੁਸਾਰ ਉਤਲੇ ਵਰਗਾਂ ਵਿਚ ਜੰਮੇ ਪਲੇ ਅਤੇ ਪਰਵਾਨ ਚੜ੍ਹੇ ਲੇਖਕ ਲੋਕਾਈ ਦੇ ਅੰਸ਼ਕ ਭਾਗ ਦੇ ਸਮਰਥਕ ਬਣ ਕੇ ਸਦੀਵੀ ਨਹੀਂ ਤਾਂ

ਚਿਰੰਜੀਵੀ ਮਹਾਨਤਾ ਤੋਂ ਹੱਥ ਨਹੀਂ ਧੋ ਬੈਠਦੇ। ਸੋਫ਼ੋਕਲੀਜ਼ ਵਰਗਾ ਪੁਰਾਤਨ ਨਾਟਕਕਾਰ ਕਿਸੇ ਸਰਾਪੇ ਬਾਦਸ਼ਾਹ ਦੀ ਕਹਾਣੀ ਪਾ ਕੇ, ਮੱਧਕਾਲ ਦਾ ਸ਼ੈਕਸਪੀਅਰ ਬੁੱਧੀ ਅਤੇ ਭਾਵਨਾ ਦੇ ਦੁਫਾੜ ਨੂੰ ਭੋਗਦੇ ਸ਼ਹਿਜ਼ਾਦੇ ਨੂੰ ਚਿੱਤਰ ਕੇ ਅਤੇ ਤਾਲਸਤਾਏ ਵਰਗਾ ਨਾਵਲਕਾਰ ਅਮੀਰਾਂ ਦੀ ਐਸ਼ਵਰਜ ਵਿਚ ਛੁਪੀ ਪੀੜਾ ਨੂੰ ਬੇਪਰਦਾ ਕਰਕੇ, ਕੁੱਲ ਲੋਕਾਈ ਦੇ ਮਨ ਨੂੰ ਟੁੰਬਣ ਦੇ ਸਮਰੱਥ ਹੋ ਜਾਂਦਾ ਹੈ। ਇਸ ਲਈ ਆਵੱਸ਼ਕ ਹੋ ਜਾਂਦਾ ਹੈ ਮਨੁੱਖ ਦੇ ਵਿਹਾਰ ਅਤੇ ਅਹਿਸਾਸ, ਜਾਤੀ ਅਤੇ ਸਮਾਜੀ ਜੀਵਨ ਅਤੇ ਅੰਤਰਮੁੱਖਤਾ ਤੇ ਬਾਹਰਮੁੱਖਤਾ ਵਿਚਕਾਰ ਸਮਤੋਲ ਬਣਾਈ ਰੱਖਣਾ। ਅਜਿਹੀ ਵਿਤਰੇਕਤਾ ਦਾ ਪੱਖ ਪੂਰਨ ਤੋਂ ਸੰਕੋਚ ਕਰਨਾ ਜੋ ਮਨੁੱਖ ਨੂੰ ਪਥਰਾਇਆ ਸਿੱਧ ਕਰ ਦੇਵੇ। ਅਜਿਹੀ ਅੰਤਰਮੁੱਖਤਾ ਤੋਂ ਉਰਵਾਰ ਰਹਿਣਾ ਜੋ ਗੁਨਾਹ ਦੀ ਉੱਤਮਤਾ ’ਤੇ ਹੀ ਸਭ ਕੁਝ ਕੁਰਬਾਨ ਕਰ ਦੇਣ ਦੀ ਪ੍ਰੇਰਣਾ ਦੇਣ ਲੱਗ ਪਵੇ ਕਿਉਂਕਿ ਆਧੁਨਿਕਤਾਵਾਦੀ ਲੇਖਕਾਂ, ਦਸਤੋਵਸਕੀ, ਕਾਫ਼ਕਾ, ਜੇਮਜ਼ ਜਾਇਸ ਅਤੇ ਵਰਜੀਨੀਆ ਵੁਲਫ ਵਿਚ ਉਸ ਨੂੰ ਇਹ ਰੁਚੀ ਜਿਸ ਨੂੰ ਉਹ ਰੋਗੀ ਕਹਿਣ ਤੱਕ ਚਲਾ ਗਿਆ, ਪ੍ਰਧਾਨ ਪ੍ਰਤੀਤ ਹੋਈ ਇਸ ਲਈ ਉਸ ਦੀ ਇਹ ਧਾਰਨਾ ਬਣ ਗਈ ਕਿ ਇਤਿਹਾਸਕ ਪਦਾਰਥਵਾਦ, ਆਧੁਨਿਕਤਾਵਾਦ ਨਾਲੋਂ ਕਿਤੇ ਉੱਤਮ ਅਤੇ ਸ੍ਰੇਸ਼ਟ, ਰਚਨਾਤਮਿਕ ਅਤੇ ਗੁਣਕਾਰੀ ਵਿਧਾ ਵਿਧੀ ਹੈ।

ਇਸ ਚਰਚਾ ਤੋਂ ਮਾਰਕਸਵਾਦ ਦੀ ਆਧੁਨਿਕੀਕਰਣ, ਆਧੁਨਿਕਤਾ ਅਤੇ ਆਧੁਨਿਕਤਾਵਾਦ ਬਾਰੇ ਜੋ ਦ੍ਰਿਸ਼ਟੀ ਬਣਦੀ ਹੈ ਉਸ ਦੀ ਸਮਰੱਥਾ ਸਮੇਤ ਸੀਮਾ ਨੂੰ ਪਛਾਨਣਾ ਸੰਭਵ ਹੋ ਜਾਂਦਾ ਹੈ। ਇਸ ਅਨੁਸਾਰ ਆਧੁਨਿਕੀਕਰਣ ਇਕ ਪਾਸੇ ਆਵੱਸ਼ਕ ਹੈ। ਕੁਦਰਤ ਦੀ ਗੋਦ ਵਿਚ ਆਪਣੀ ਦੁਰਗਤ ਨੂੰ ਜਾਨਣ ਤੋਂ ਬਿਨਾਂ ਅਚੇਤ ਜ਼ਿੰਦਗੀ ਬਤੀਤ ਕਰਦੀ ਸਨਅਤੀਕਰਣ ਅਤੇ ਸ਼ਹਿਰੀਕਰਣ ਬਦੌਲਤ ਗ੍ਰਾਮੀਣ ਲੋਕਾਈ ਸੁਚੇਤ ਬਣ ਜਾਂਦੀ ਹੈ। ਮਜ਼ਦੂਰ ਇਕਾਈ ਵਿਚ ਬਦਲ ਕੇ ਉਹ ਆਪਣੀ ਦੁਰਗਤ ਤੋਂ ਨਿਜਾਤ ਪਾਉਣ ਦਾ ਇਕਰਾਰ ਦੇਣ ਲੱਗ ਪੈਂਦੀ ਹੈ। ਦੂਜੇ ਪਾਸੇ ਇਹ ਅਣਉਚਿੱਤ ਵੀ ਹੈ ਕਿਉਂਕਿ ਜੋ ਇਸ ਦੇ ਆਗਮਨ ਨਾਲ ਸੰਤਾਪ ਵਿਚ ਵਾਧਾ ਹੋ ਜਾਂਦਾ ਹੈ, ਵਿਤਰੇਕਤਾ ਦਾ ਆਕਾਰ ਪਾਸਾਰ ਵਿਚ ਬਦਲ ਜਾਂਦਾ ਹੈ ਅਤੇ ਮਨੁੱਖਾਂ ਦੇ ਮਸ਼ੀਨਾਂ ਵਿਚ ਵਟ ਜਾਣ ਦੀ ਨੌਬਤ ਖੜ੍ਹੀ ਹੋ ਜਾਂਦੀ ਹੈ। ਤਾਂ ਜੋ ਇਹ ਨੌਬਤ ਭਾਰੂ ਨਾ ਹੋ ਜਾਵੇ, ਮਨੁੱਖਤਾ ਦੇ ਦਰਦ ਅਤੇ ਦੁੱਖ ਦੀ ਪਛਾਣ ਕਰਨ ਵਾਲੇ ਲੇਖਕਾਂ ਦਾ ਫਰਜ਼ ਬਣਦਾ ਹੈ ਕਿ ਵਿਤਰੇਕਤਾ, ਅਮਨੁੱਖੀਕਰਨ ਅਤੇ ਮਸ਼ੀਨੀਕਰਨ ਦੀਆਂ ਅੰਤਿਮ ਪਰਤਾਂ ਨਾ ਫਰੋਲਣ। ਆਪਣੀ ਆਧੁਨਿਕਤਾ ਨੂੰ ਮਸ਼ੀਨੀਕਰਣ ਤੱਕ ਸੀਮਿਤ ਕਰੀ ਰੱਖਣ। ਆਪਣੇ ਆਧੁਨਿਕਤਾਵਾਦ ਵਿਚ ਮਾਰੂ ਅਤੇ ਢਾਹੂ ਰੁਚੀਆਂ, ਕਾਮ-ਸਬੰਧਾਂ ਵਿਚ ਆਈ ਅਰਾਜਕਤਾ, ਸਰਬਨਾਸ਼ ਦੀ ਰਾਜਨੀਤੀ

ਵਿਚੋਂ ਸਰਬ ਕਲਿਆਣ ਲੱਭਣ ਦੀ ਕਾਮਨਾ ਨੂੰ ਬਿਲਕੁਲ ਨਾ ਚਿਤਰਣ। ਇਹ ਵੱਖਰੀ ਗੱਲ ਹੈ ਕਿ ਅਜੋਕੇ ਜੀਵਨ ਦੇ ਚਿੱਤਰਪੱਟ ’ਤੇ ਇਨ੍ਹਾਂ ਦੀ ਹਾਜ਼ਰੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਪ੍ਰਕਾਰ ਆਧੁਨਿਕ ਕਾਲ ਦੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਮਾਰਕਸਵਾਦ ਚਿਤਵਣ ਅਤੇ ਚਿਤਾਰਣ, ਸਿਮਿਰਤੀ ਅਤੇ ਕਲਪਨਾ ’ਤੇ ਬੰਦਸ਼ਾਂ ਲਗਾਉਣ ਦਾ ਦਾਅਵੇਦਾਰ ਬਣ ਜਾਂਦਾ ਹੈ। ਇਨ੍ਹਾਂ ਦਾ ਦਾਅਵਾ ਕਰਨ ਵਾਲਿਆਂ ਦਾ ਮੱਤ ਤਾਂ ਇਹ ਹੈ ਕਿ ਇਹ ਬੰਦਿਸ਼ਾਂ ਲੋਕ ਕਲਿਆਣ ਖਾਤਰ ਹਨ। ਪ੍ਰੰਤੂ ਇਸ ਮੱਤ ਵਿਚ ਕਿੰਨੀ ਕੁ ਕੁੱਮਤ ਅਤੇ ਕਿੰਨੀ ਕੁ ਸੁਮੱਤ ਹੈ, ਇਹ ਸੋਚਣ ਵਾਲੀ ਗੱਲ ਹੈ।

? ਆਧੁਨਿਕਤਾ ਦੇ ਨਵ-ਮਾਰਕਸਵਾਦੀ ਪਰਿਪੇਖ ਦਾ ਇਸ ਨਾਲੋਂ ਕੀ ਅੰਤਰ ਹੈ?

– ਨਵ-ਮਾਰਕਸਵਾਦ ਦਾ ਵਿਗਾਸ ਉਸ ਪੜਾਅ ਤੋਂ ਹੁੰਦਾ ਹੈ ਜਿੱਥੇ ਇਤਿਹਾਸਿਕ ਪਦਾਰਥਵਾਦ ਕਾਇਨਾਤ ਵਿਚ ਮਨੁੱਖ ਜਾਤੀ ਦੇ ਕਰਤੱਵ ਨੂੰ ਪ੍ਰਥਮ ਠਹਿਰਾਅ ਕੇ ਕੁਦਰਤ ਨੂੰ ਪਦਾਰਥਕ ਸੋਮਿਆਂ ਤੱਕ ਘਟਾ ਦਿੰਦਾ ਹੈ। ਇਨ੍ਹਾਂ ਨੂੰ ਲੋੜਾਂ ਦੀ ਪੂਰਤੀ ਖ਼ਾਤਰ ਵਸਤਾਂ ਵਿਚ ਢਾਲਿਆ ਜਾਂਦਾ ਹੈ ਜਿਸ ਅਮਲ ਦੌਰਾਨ ਸੱਤਾ, ਸਾਸ਼ਨ, ਸੋਸ਼ਨ ਅਤੇ ਸਜ਼ਾ ਨਾਲ ਲਾਮਵੰਦ ਹੋਇਆ ਕਾਬਜ਼ ਵਰਗ ਬਾਕੀ ਲੋਕਾਈ ’ਤੇ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ। ਨਵ-ਮਾਰਕਸਵਾਦ ਅਨੁਸਾਰ, ਜਿਸ ਦਾ ਉਲੇਖ, ਕਾਰਲ ਮਾਰਕਸ ਦੇ ਦਿਹਾਂਤ ਉਪਰੰਤ ਪਰ ਐਂਗਲਜ਼ ਦੇ ਜਿਉਂਦਿਆਂ, ਅਤਾਲਵੀ ਚਿੰਤਕ ਅਨਤੋਨੀਓ ਲੈਬਰੀਉਲਾ ਨੇ ਕੀਤਾ, ਕੁਦਰਤ, ਵਸਤਾਂ ਦੀ ਉਪਜ ਖ਼ਾਤਰ ਲੋੜੀਂਦੇ ਪਦਾਰਥਕ ਸੋਮਿਆਂ ਤੱਕ ਘੱਟ ਘਟਾ ਕੇ ਨਹੀਂ ਰਹਿ ਜਾਂਦੀ। ਇਹ ਉਸ ਤਰ੍ਹਾਂ ਦਾ ਧਰਾਤਲ ਵੀ ਬਣੀ ਰਹਿੰਦੀ ਹੈ, ਜਿਸ ’ਤੇ ਔਰਤਾਂ ਮਰਦ ਜਨਮ ਧਾਰਦੇ ਹਨ, ਕਾਮ-ਸਬੰਧਾਂ ਵਿਚ ਪੈਂਦੇ ਹਨ, ਔਲਾਦ ਪੈਦਾ ਕਰਦੇ ਹਨ, ਆਪਣੀ ਔਧ ਹੰਢਾ ਕੇ ਮੌਤ ਸਹੇੜ ਲੈਂਦੇ ਹਨ।

ਗੱਲ ਕੀ ਬਾਹਰੀ ਇਤਿਹਾਸਕ ਸੰਘਰਸ਼ ਜਿੰਨਾ ਹੀ ਮਹੱਤਵ ਅਤੇ ਮੁੱਲ ਦਾ ਧਾਰਨੀ ਆਂਤ੍ਰਿਕ ਸੰਘਰਸ਼ ਹੋ ਨਿਬੜਦਾ ਹੈ ਜੋ ਕੁਦਰਤ ਨਾਲ ਬਣੀ ਅੰਤਰ-ਕਿਰਿਆ ਦੇ ਫਲਸਰੂਪ ਪ੍ਰਾਣੀਆਂ ਦੇ ਮਨਾਂ ਵਿਚ ਚਲਦਾ ਹੈ। ਧਰਤੀ ’ਤੇ ਪਏ ਦਾਅ ਵਹਿੰਦੇ ਦਰਿਆ, ਖੜੇ ਦਾਅ ਉੱਗਦੇ ਬਿਰਖ਼, ਧਿਆਨ ਨੂੰ ਨ੍ਹੇਰ ਵਿਚ ਲੈ ਜਾਂਦੀਆਂ ਖੱਡਾਂ, ਇਸ ਨੂੰ ਉਤਾਂਹ ਵਲ ਲੈ ਜਾਂਦੇ ਬੱਦਲ, ਚੰਦ, ਸੂਰਜ, ਤਾਰੇ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ, ਉਨ੍ਹਾਂ ਦੇ ਮਨੋਭਾਵਾਂ, ਹਾਵਾਂ ਹੌਕਿਆਂ, ਲੈਆਂ, ਧੁਨੀਆਂ, ਤਰਜ਼ਾਂ ਅਤੇ ਅਨੇਕਾਂ ਪਰਤਾਂ ਨੂੰ ਬਣਨ, ਬਿਨਸਣ ਦਾ ਅਵਸਰ ਪ੍ਰਦਾਨ ਕਰਦੇ ਰਹਿੰਦੇ ਹਨ। ਇਹ ਸਭ ਕੁਝ ਨਾਚਾਂ, ਕਲਾ-ਕਿਰਤਾਂ, ਸਾਹਿਤਕ ਰਚਨਾਵਾਂ ਆਦਿ ਵਿਚ ਪਰਗਟ ਹੁੰਦਾ ਰਹਿੰਦਾ ਹੈ ਜੋ ਜ਼ਿੰਦਗੀ ਦੇ ਸੰਘਰਸ਼ ਵਿਚ

ਆਧਾਰ ਵੀ ਅਤੇ ਇਸ ਦੀ ਤਲਖ਼ੀ ਨੂੰ ਅਣਭੋਲ ਕਰ ਦੇਣ ਦਾ ਬਹਾਨਾ ਵੀ ਬਣਦਾ ਹੈ। ਨਤੀਜੇ ਵਜੋਂ ਇਹ ਉਸਾਰ ਤੱਕ ਸਿਮਟ ਕੇ ਨਹੀਂ ਰਹਿ ਜਾਂਦਾ ਬਲਕਿ ਕੁੱਲ ਜੀਵਨ ਵਿਚ ਪੱਸਰ ਜਾਂਦਾ ਹੈ। ਜੋ ਜੀਵਨ ਦਾ ਲਖ਼ਸ਼ ਵਿਜੈ ਨਹੀਂ ਸਗੋਂ ਜਿਵੇਂ ਅਨਤੋਨੀਓ ਗ੍ਰਾਮਸ਼ੀ ਨੇ ਦਰਸਾਇਆ, ਪ੍ਰਭੁਤਾ ਹੈ। ਰਾਜਸੀ ਅਰਥ ਵਾਲੇ ਇਸ ਸ਼ਬਦ ਨੂੰ ਉਸ ਨੇ ਉਹ ਭਾਵ ਪ੍ਰਦਾਨ ਕਰ ਦਿੱਤਾ ਜਿਸ ਕਾਰਨ ਨਵ-ਮਾਰਕਸਵਾਦੀ ਚਿੰਤਨ ਵਿਚ ਇਸ ਦਾ ਪ੍ਰਥਮ ਸਥਾਨ ਬਣ ਗਿਆ। ਪੁਰਾਤਨ ਸੁਹਜ ਸ਼ਾਸਤਰ ਵਿਚ ਜੋ ਅਰਸਤੂ ਵੱਲੋਂ ਪ੍ਰਚਲਤ ਕੀਤੇ ਗਏ 'ਵਿਰੇਚਨ' ਨਾਮੀ ਹਰਫ਼ ਦਾ ਸੀ ਉਹੀ ਨਵ-ਮਾਰਕਸਵਾਦੀ ਪਰਿਪੇਖ ਵਿਚ ਪ੍ਰਭੁਤਾ ਦਾ ਬਣਦਾ ਹੈ, ਸਾਹਿਤ-ਅਧਿਐਨ ਵਿਧੀਆਂ ਨੂੰ ਅਕਾਦਮਿਕ ਰੰਗਤ ਪ੍ਰਦਾਨ ਕਰਨ ਵਾਲੇ ਅਜੋਕੇ ਦਾਇਰੇ ਅਰਸਤੂ ਵੱਲੋਂ ਘੜੇ ਇਸ ਹਰਫ਼ ਦੇ ਮਾਇਆਜਾਲ ਤੋਂ ਮੁਕਤ ਨਹੀਂ ਹੋ ਸਕੇ। ਮੁਕਤੀ ਪ੍ਰਦਾਨ ਕਰਨ ਦੀ ਸਮਰਥਾ ਗ੍ਰਾਮਸ਼ੀ ਵੱਲੋਂ ਪ੍ਰਚੱਲਤ ਕੀਤੇ ਇਸ ਹਰਫ਼ ਵਿਚ ਹੀ ਨਿਹਿਤ ਲਗਦੀ ਹੈ ਬਸ਼ਰਤੇ ਕਿ ਇਸ ਨੂੰ ਉਨ੍ਹਾਂ ਕੁੱਲ ਭਾਵਾਂ ਸਮੇਤ ਅਪਣਾਇਆ ਜਾਵੇ ਜੋ ਇਸ ਦੇ ਕਰਤਾ ਨੇ ਇਸ ਵਿਚ ਪਰੋਏ ਹਨ।

ਜੇ ਇਹ ਮੰਨ ਕੇ ਚੱਲੀਏ ਕਿ ਸਾਹਿਤਕ ਕਿਰਤ ਨੇ ਪ੍ਰਭੁਤਾ ਦੇ ਸਮਰੱਥ ਹੋਣ ਨੂੰ ਆਪਣਾ ਲਖ਼ਸ਼ ਮਿੱਥ ਲਿਆ ਹੈ ਤਾਂ ਸੁਤੇ ਸਿੱਧ ਹੀ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਇਸ ਨੇ ਜੀਵਨ-ਅਨੁਭਵ ਨੂੰ ਅਗਾਂਹ ਤੋਂ ਨਿਹਾਰਨਾ ਹੈ ਪਿਛਾਂਹ ਤੋਂ ਨਹੀਂ ਜੋ ਸਨਾਤਨੀ ਮਾਰਕਸਵਾਦ ਦਾ ਲਖ਼ਸ਼ ਪ੍ਰਤੀਤ ਹੁੰਦਾ ਹੈ, ਆਧੁਨਿਕੀਕਰਣ ਦੇ ਪ੍ਰਸੰਗ ਵਿਚ ਇਸ ਦਾ ਮਤਲਬ ਇਹ ਹੋਇਆ ਕਿ ਇਸ ਦੇ ਫਲਸਰੂਪ ਜੋ ਤਬਦੀਲੀਆਂ ਆ ਰਹੀਆਂ ਹਨ ਸਮਾਜਕ ਜੀਵਨ ਵਿਚ ਉਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਹੀ ਬਸ ਨਹੀਂ ਕਰ ਜਾਣਾ ਚਾਹੀਦਾ। ਮਾਨਸਿਕਤਾ ਵਿਚ ਇਨ੍ਹਾਂ ਦੇ ਜੋ ਪ੍ਰਤੀਬਿੰਬ ਬਣ ਰਹੇ ਹਨ, ਪ੍ਰੇਤ ਬਣ ਕੇ ਜੋ ਲੋਕਾਈ ਨੂੰ ਰਵਾਇਤ, ਵਿਰਾਸਤ, ਅਤੀਤ ਆਦਿ ਜੋਗੇ ਕਰ ਛੱਡਦੇ ਹਨ ਉਨ੍ਹਾਂ ਦੀ ਵੀ ਪਛਾਣ ਕਰਨੀ ਆਵੱਸ਼ਕ ਹੈ। ਨਿਸ਼ਾਨਦੇਹੀ ਕਰਕੇ, ਪਛਾਣ ਹਾਸਲ ਕਰਕੇ ਉਨ੍ਹਾਂ ਨੂੰ ਬੇਪਰਦ ਵੀ ਕਰਨਾ ਹੈ, ਉਖਾੜਨਾ ਵੀ ਹੈ ਤਾਂ ਜੋ ਉਨ੍ਹਾਂ ਦੀ ਥਾਂ ਪ੍ਰਭੁਤਾ ਦੀ ਲਖਾਇਕ ਸਾਹਿਤ-ਰਚਨਾ ਨੂੰ ਸਪੇਸ ਮੁਹੱਈਆ ਹੋ ਜਾਵੇ। ਇਹ ਕਰਤੱਵ ਬੋਲੀ ਦੇ ਸੰਸਾਰ ਵਿਚ ਵਿਚਰ ਕੇ ਕੀਤਾ ਜਾਣਾ ਹੈ, ਇਸ ਅਭਿਲਾਸ਼ਾ ਨੇ ਹੀ ਲੇਖਕ ਦੀ ਅਗਵਾਈ ਕਰਨੀ ਹੈ, ਕਿਸੇ ਰਾਜਸੀ ਧਿਰ ਨੇ ਨਹੀਂ, ਕਿਸੇ ਪਾਰਟੀ ਜਾਂ ਸੰਸਥਾ ਨੇ ਨਹੀਂ, ਨਾ ਹੀ ਰਾਜਸੱਤਾ ਹਥਿਆ ਚੁੱਕੀ ਕਿਸੇ ਸ਼ਕਤੀ ਨੇ। ਇਸ ਪ੍ਰਸੰਗ ਵਿਚ ਵਾਲਟਰ ਬੈਂਜਾਮਿਨ ਦੀ ਇਹ ਧਾਰਨਾ ਬੜੀ ਪ੍ਰਮਾਣਕ ਪ੍ਰਤੀਤ ਹੁੰਦੀ ਹੈ ਕਿ ਬਿਨਾ ਯੋਗ ਵਿਧਾ ਵਿਧੀ ਦੇ, ਲੋਹੜੇ ਦਾ ਕ੍ਰਾਂਤੀਕਾਰੀ ਸੰਦੇਸ਼ ਵੀ ਕ੍ਰਾਂਤੀ-ਵਿਰੋਧੀ ਹੋ ਨਿਬੜਦਾ ਹੈ। ਆਧੁਨਿਕਤਾ ਦੇ ਚਿਤਵਣ

ਚਿਤਾਰਣ ਵਿਚ ਇਸ ਦਾ ਪਰਿਣਾਮ ਇਹ ਹੋਇਆ ਕਿ ਉਸ ਨੂੰ ਪੜ ਯਥਾਰਥਵਾਦੀ ਵਿਧਾ ਵਿਧੀ ਇਸ ਮੰਤਵ ਲਈ ਵਧੇਰੇ ਕਾਰਗਰ ਪ੍ਰਤੀਤ ਹੋਈ ਉਨ੍ਹਾਂ ਲੇਖਕਾਂ ਦੀ ਨਾਅਰੇਬਾਜ਼ੀ ਨਾਲੋਂ ਜੋ ਸਿੱਧ ਪੱਧਰੇ ਢੰਗ ਨਾਲ ਕੋਈ ਇਨਕਲਾਬੀ ਸੰਦੇਸ਼ ਦੇਣ ਲਈ ਤੱਤਪਰ ਰਹਿੰਦੇ ਸਨ। ਇਸ ਪ੍ਰਸੰਗ ਵਿਚ ਉਸ ਦੀ ਇਕ ਹੋਰ ਧਾਰਨਾ ਵੀ ਅੱਖੋਂ ਪਰੋਖੇ ਕਰਨ ਵਾਲੀ ਨਹੀਂ ਜੋ ਪਰਤੱਖਣ ਨਾਲ ਸਬੰਧ ਰੱਖਦੀ ਸੀ। ਉਸ ਦਾ ਕਹਿਣਾ ਸੀ ਕਿ ਸੁਣਨ ਸ਼ਕਤੀ ਦੇ ਸਹਾਰੇ ਜੋ ਲੇਖਕ ਕੋਈ ਬਿਰਤਾਂਤ ਸਿਰਜਦਾ ਹੈ ਉਹ ਸਦੀਆਂ ਤੋਂ ਨਿਰੰਤਰ ਵਿਗਸ ਰਹੇ ਜੀਵਨ ਅਨੁਭਵ ਦੀ ਸੂਝ ਤਾਂ ਪ੍ਰਦਾਨ ਕਰ ਦਿੰਦਾ ਹੈ। ਘਟਨਾਵਾਂ ਵਿਚ ਕਾਲਿਕੀ ਵਕਫ਼ਾ, ਵਿੱਥਮਈ ਵੰਨ-ਸੁਵੰਨਤਾ ਇਸ ਮੰਤਵ ਲਈ ਯੋਗ ਮਧਿਅਮ ਸਿੱਧ ਹੁੰਦੇ ਹਨ। ਪਰ ਵਰਤਮਾਨ ਮਸ਼ੀਨੀਕਰਣ, ਸਨਅਤੀਕਰਣ ਅਤੇ ਸ਼ਹਿਰੀਕਰਣ ਨੇ ਜੀਵਨ ਵਿਚ ਜੋ ਅੰਤਾਂ ਦੀ ਟੁੱਟ ਭੱਜ ਪੈਦਾ ਕਰ ਦਿੱਤੀ ਹੈ, ਉਸ ਦਾ ਪਰਤੱਖਣ ਦੇਖਣ ਦੀ ਸਮਰੱਥਾ ਰਾਹੀਂ ਨੇਪਰੇ ਚੜ੍ਹਨਾ ਜ਼ਰੂਰੀ ਹੈ। ਕੁੱਲ ਦੁਫਾੜਾਂ, ਵਿਸੰਗਤੀਆਂ, ਤ੍ਰੇੜਾਂ ਜੋ ਮਨੁੱਖੀ ਸਬੰਧਾਂ ਵਿਚ ਸਮਾ ਚੁੱਕੀਆਂ ਹਨ, ਬੇਪਰਤੀਤੀਆਂ ਜੋ ਇਨ੍ਹਾਂ ਦਾ ਪਰਿਣਾਮ ਹੋ ਨਿਬੜੀਆਂ ਹਨ, ਉਨ੍ਹਾਂ ਨੂੰ ਭਾਂਪਣ ਲਈ ਸੁਣਨ ਦੀ ਥਾਂ ਦੇਖਣ ਦੀ ਸਮਰੱਥਾ ਦੀ ਲੋੜ ਹੈ। ਦੇਖਣ ਦੀ ਸਮਰੱਥਾ ਨਿਰੋਲ ਅੱਖ ਵਾਲੀ ਨਹੀਂ ਇਕ ਵਸਤ 'ਤੇ ਕੇਂਦਰਿਤ ਹੋ ਕੇ ਵਿਚ ਵਿਚਾਲੇ ਜੋ ਵਿਸਥਾਰ ਹੈ ਉਸ ਨੂੰ ਅਣਡਿੱਠ ਕਰ ਦਿੰਦੀ ਹੈ, ਸਗੋਂ ਕੈਮਰੇ ਵਾਲੀ ਜੋ ਇਸ ਨੂੰ ਵੀ ਦੇਖਣਯੋਗ ਬਣਾ ਦਿੰਦੀ ਹੈ।

ਸਾਵਧਾਨੀ ਰੱਖਣ ਵਾਲੀ ਗੱਲ ਇਥੇ ਇਹ ਹੈ ਕਿ ਵਿਧਾ ਵਿਧੀ ਨੂੰ ਪ੍ਰਮਾਣਿਤ ਕਰਨ ਵਾਲੀਆਂ ਜੁਗਤਾਂ ਕੇਵਲ ਰੂਪਕ ਬਣ ਕੇ ਨਾ ਰਹਿ ਜਾਣ ਜਿਸ ਤਰ੍ਹਾਂ ਦੀ ਕੁਤਾਹੀ ਰੂਪਵਾਦ ਦੇ ਸਮਰਥਕਾਂ ਤੋਂ ਹੋ ਜਾਂਦੀ ਹੈ। ਇਨ੍ਹਾਂ ਜੁਗਤਾਂ ਦਾ ਨਿਰਮਾਣਕਾਰੀ ਬਣਨਾ ਜ਼ਰੂਰੀ ਹੈ ਜਿਸ ਲਈ ਵਾਲਟਰ ਬੈਂਜਾਮਿਨ ਤਾਂ ਲੇਖਕ ਲਈ ਜਾਤੀ ਜੀਵਨ ਵਿਚ ਵਿਖੰਡਿਤ ਅਤੇ ਬੇਤਰਤੀਬੇ ਰਹਿਣ ਸਹਿਣ ਨੂੰ ਗੁਣਕਾਰੀ ਕਹਿਣ ਤੋਂ ਸੰਕੋਚ ਨਹੀਂ ਕਰਦਾ ਜੇ ਇਸ ਨਾਲ ਨਿਰਮਾਣਕਾਰੀ ਜੁਗਤਾਂ ਦੇ ਘੜਨ ਵਿਚ ਮਦਦ ਮਿਲਦੀ ਹੋਵੇ। ਇਸ ਤੋਂ ਭਿੰਨ ਸੀ ਅਡੋਰਨੋ ਦੀ ਧਾਰਨਾ ਜੋ ਜੁਗਤਾਂ ਦੇ ਨਿਰਮਾਣਕਾਰੀ ਨਾ ਸਿੱਧ ਹੋਣ ਦੀ ਸੂਰਤ ਵਿਚ ਉਨ੍ਹਾਂ ਦੇ ਮਹਿਜ਼ ਰੂਪਕ ਬਣਨ ਨੂੰ ਤਰਜੀਹ ਦਿੰਦਾ ਸੀ। ਨਵ-ਮਾਰਕਸਵਾਦ ਦੀ ਲੋਅ ਵਿਚ ਇਹ ਵਿਰੋਧਾਭਾਸ ਦੀ ਲਖਾਇਕ ਹੈ। ਫਾਸ਼ੀਵਾਦ ਦੇ ਝੱਖੜ ਅੱਗੇ ਪੈਰਿਸ ਨੂੰ ਛੱਡ ਕੇ ਬੈਂਜਾਮਿਨ ਦਾ ਨਾ ਰੂਸ ਵਿਚ ਨਾ ਇਜ਼ਰਾਇਲ ਵਿਚ ਸ਼ਰਨ ਭਾਲਣਾ, ਨਾ ਅਮਰੀਕਾ ਜਾ ਕੇ ਸਿਰ ਛੁਪਾਉਣਾ ਦੂਜੇ ਪਾਸੇ ਅਡੋਰਨੋ ਦਾ ਬੇਘਰ ਹੋਣ ਨੂੰ ਹੀ ਘਰਵਾਸ ਸਮਝਣਾ, ਆਪਣੇ ਚਿੰਤਨ ਲਈ ਇਸੇ ਦਾ ਸਹਾਰਾ ਢੂੰਡਣਾ, ਇਹ ਇਸ ਵਿਰੋਧਾਭਾਸ ਦੇ ਪੱਖ ਸਨ...।

? ਏਥੇ ਆ ਕੇ ਉੱਤਰ-ਆਧੁਨਿਕਤਾ ਦਾ ਕੀ ਤਰਕ ਬੇਤਰਕ ਬਣਦਾ ਹੈ?

– ਹਰ ਪਲ, ਭਾਵ ਮਨੋਭਾਵ, ਹਰ ਥਾਂ ਗੁਣ ਦੀ ਤਲਾਸ਼ ਨਵ-ਮਾਰਕਸਵਾਦੀ ਪਰਿਪੇਖ ਦਾ ਅਨਿੱਖੜਵਾਂ ਅੰਗ ਹੋ ਨਿਬੜਦੀ ਹੈ। ਅਲੰਕਾਰਕ ਢੰਗ ਨਾਲ ਕਿਹਾ ਜਾ ਸਕਦਾ ਹੈ ਕਿ ਰਾਤ ਨੂੰ ਦਿਨ ਦਾ ਅਤੇ ਨੀਂਦ ਨੂੰ ਜਾਗਣ ਦਾ ਰੂਪ ਦੇਣਾ ਇਸ ਦੇ ਸਰੋਕਾਰ ਤੋਂ ਬਾਹਰ ਨਹੀਂ ਰਹਿੰਦਾ। ਇਸ ਸਰੋਕਾਰ ਵਿਚ ਢਲ ਕੇ ਜਿਉਣਾ ਸੁਭਾਵਕ ਹੋ ਸਕਦਾ ਹੈ ਜੇ ਚਿੰਤਨ, ਚੇਤਨਾ ਅਤੇ ਚਿੰਤਾ ਨੇ ਹੀ ਸਭ ਕਾਸੇ ਦਾ ਨਿਬੇੜਾ ਕਰਨਾ ਹੋਵੇ। ਇਸ ਨਿਬੇੜੇ ਲਈ ਦੇਹ ਵੀ ਤਾਂ ਦਰਕਾਰ ਹੈ ਜੋ ਸਕਰਮਕ/ਅਕਰਮਕ ਅਵਸਥਾ ਵਿਚ ਭੋਗਦਿਆਂ ਹੀ ਇਸ ਪ੍ਰਯਾਸ ਵਿਚ ਸਾਂਝ ਪਾ ਸਕਦੀ ਹੈ। ਉਤਰ-ਆਧੁਨਿਕਤਾ ਦਾ ਤਰਕ ਇਹ ਬਣ ਜਾਂਦਾ ਹੈ ਕਿ ਦੇਹ ਨੂੰ ਸਕਰਮਕ ਅਵਸਥਾ ਦੇ ਪ੍ਰਤੀਕੂਲ ਨਾ ਜਾਣ ਦਿੱਤਾ ਜਾਵੇ। ਪਰਮ-ਬਿਰਤਾਂਤ ਵਿਚ ਬੇਪਰਤੀਤੀ ਦਾ ਇਹੋ ਆਧਾਰ ਬਣਦਾ ਹੈ। ਅਲਪ-ਬਿਰਤਾਂਤ ਵਿਚ ਬੇਪਰਤੀਤੀ ਵੀ ਇਸੇ ਨਾਲ ਜੁੜੀ ਹੋਈ ਹੈ। ਦੇਸ਼ ਪਿਆਰ, ਧਰਮ, ਵਿਚਾਰਧਾਰਾ ਆਦਿ ਜੋ ਕੁੱਲ ਲੋਕਾਈ ਨੂੰ ਸਾਂਝੇ ਅਹਿਸਾਸ, ਵਿਸ਼ਵਾਸ ਅਤੇ ਵਿਚਾਰ ਵਿਚ ਢਾਲਣ ਲਈ ਉਤਸੁਕ ਹੁੰਦੇ ਹਨ ਉਨ੍ਹਾਂ ਨੂੰ ਉੱਤਰ-ਆਧੁਨਿਕ ਪਰਿਪੇਖ ਭਰਮ ਸਮਝਣ ਲੱਗ ਪੈਂਦਾ ਹੈ ਜੋ ਜੀਵਨ ਦੀਆਂ ਵਾਸਤਵਿਕ ਪ੍ਰਸਥਿਤੀਆਂ ਤੋਂ ਅਲੱਗ ਥਲੱਗ ਕਰਨਾ ਲੋੜਦੇ ਹਨ। ਇਨ੍ਹਾਂ ਦੀ ਥਾਂ ਅਸਲ ਮਹੱਤਵ ਦਾ ਅਧਿਕਾਰ ਸਥਾਨਕ ਸੰਸਥਾਵਾਂ, ਅਲਪ ਸੰਸਥਾਵਾਂ ਨੂੰ ਮਿਲ ਜਾਂਦਾ ਹੈ ਜੋ ਕਿਸੇ ਪ੍ਰਤੀਬੱਧਤਾ ਦੀ ਮੰਗ ਨਹੀਂ ਕਰਦੀਆਂ, ਉਨ੍ਹਾਂ ਦੇ ਨਿਯਮਾਂ ਦਾ ਪਾਲਣ ਹੀ ਕਾਫ਼ੀ ਹੈ।

ਜੀਵਨ ਅਨੁਭਵ ਲਈ ਉੱਤਰ ਆਧੁਨਿਕ ਪਰਿਪੇਖ ਕਲਿਆਣਕਾਰੀ ਤਦ ਹੀ ਸਿੱਧ ਹੋ ਸਕਦਾ ਹੈ ਜੇ ਸੱਤਾ, ਸਾਸ਼ਨ, ਸੋਸ਼ਣ ਅਤੇ ਸਜ਼ਾ ਦਾ ਕਿਤੇ ਬੋਲਬਾਲਾ ਨਾ ਹੋਵੇ। ਵਾਸਤਵਿਕ ਵਿਵਸਥਾ ਪਰ ਇਸ ਦੇ ਬਿਲਕੁਲ ਉਲਟ ਹੈ। ਜੇ ਇਹ ਸਮਝ ਲਿਆ ਜਾਵੇ ਕਿ ਕਾਇਨਾਤ ਵਿਚ ਇਹ ਵਿਵਸਥਾ ਵਾਸਤਵਿਕ ਰੂਪ ਵਿਚ ਪ੍ਰਚਲਿਤ ਹੈ ਅਤੇ ਸਮਾਜਕ ਵਿਵਸਥਾ ਲਈ ਉਸ ਦਾ ਅਨੁਕਰਣ ਕਰਨਾ ਯੋਗ ਹੋਵੇਗਾ ਤਾਂ ਇਸ ਦਾ ਕੁਝ ਨਾ ਕੁਝ ਤਰਕ ਬਣ ਜਾਂਦਾ ਹੈ, ਪ੍ਰੰਤੂ ਰਸਮੀ ਤੌਰ ’ਤੇ ਹੀ ਜੋ ਪ੍ਰਯਾਸ ਵਿਚ ਨਹੀਂ ਢਲਦਾ। ਜੋ ਪ੍ਰਯਾਸ ਵਿਚ ਢਲ ਕੇ ਸਾਹਮਣੇ ਆਇਆ ਹੈ ਉਹ ਇਸ ਦੇ ਬਿਲਕੁਲ ਵਿਪਰੀਤ ਹੈ। ਮਿਸਾਲ ਦੇ ਤੌਰ ’ਤੇ ਜਿਸ ਤਰ੍ਹਾਂ ਕੁਦਰਤੀ ਬਨਸਪਤੀ ਦਾ ਘਾਣ ਹੋਇਆ ਹੈ, ਉਸ ਨੇ ਉਪਰੋਕਤ ਅਨੁਕਰਣ ਨੂੰ ਸਾਰਥਿਕ ਸਿੱਧ ਕਰਨ ਦੀ ਥਾਂ ਪਰਿਆਵਣ ਨੂੰ ਹੀ ਵੱਡਾ ਖ਼ਤਰਾ ਖੜਾ ਕਰ ਦਿੱਤਾ ਹੈ। ਕੁਦਰਤੀ ਬਨਸਪਤੀ ਦੀ ਥਾਂ ਜੋ ਇਸ ਦਾ ਬਨਾਉਟੀ ਰੂਪ ਘੜਿਆ ਗਿਆ ਹੈ ਉਹ ਆਕਰਸ਼ਣ ਦੀ ਥਾਂ ਵਿਕਰਸ਼ਣ ਦਾ ਕਾਰਨ ਹੈ। ਸਹਿਕ ਸਿਕੰਦੜੀ ਬਨਸਪਤੀ ਦੀ ਤਸਵੀਰ ਉਘਾੜਨ ਦੀ ਥਾਂ, ਇਹ

ਨਿਰਜਿੰਦ ਵਿਡੰਬਨਾ ਦਾ ਹੀ ਪ੍ਰਭਾਵ ਦਿੰਦੀ ਹੈ।

ਇਹੋ ਭਾਣਾ ਪਸ਼ੂ ਜਗਤ ਨਾਲ ਵਾਪਰਿਆ ਹੈ। ਜਾਨ ਬਰਜਰ ਦੇ ਬਹੁਤ ਹੀ ਮੁੱਲਵਾਨ ਲੇਖ ‘ਵਾਈ ਨਾਟ ਟੂ ਸੀ ਦਾ ਐਨੀਮਲਜ਼’ (ਪਸ਼ੂਆਂ ਨੂੰ ਦੇਖੀਏ ਕਿਉਂ ਨਾ) ਅਨੁਸਾਰ ਪਾਲਤੂ ਪਸ਼ੂ ਜ਼ਰੂਰ ਜੰਗਲ ਵਿਚ ਘਾਹ ਫੂਸ ਚਰ ਕੇ ਗੁਜ਼ਾਰਾ ਕਰਨ ਵਾਲੇ ਜਾਨਵਰਾਂ ਨਾਲੋਂ ਰਿਸ਼ਟ-ਪੁਸ਼ਟ ਨਜ਼ਰ ਆਉਂਦੇ ਹਨ। ਪਰ ਜੋ ਅਹਿਸਾਸ ਮਨੁੱਖ ਨੂੰ ਜੰਗਲ ਵਿਚ ਘੁੰਮਦੇ ਜਾਨਵਰ ਨੂੰ ਦੇਖ ਕੇ ਹੁੰਦਾ ਹੈ, ਜਿਹੜੀ ਨਿਰਛੱਲਤਾ ਦਾ ਸੁਪਨਾ ਉਨ੍ਹਾਂ ਦੇ ਸਾਹਮਣੇ ਹੋਣ ਨਾਲ ਸਾਕਾਰ ਨਜ਼ਰ ਆਉਂਦਾ ਹੈ, ਉਹ ਪਾਲਤੂ ਪਸ਼ੂਆਂ ਤੇ ਦੇਖ ਭਾਲ ਨਿਛਾਵਰ ਕਰਕੇ ਪ੍ਰਾਪਤ ਨਹੀਂ ਹੁੰਦਾ। ਹੁਣ ਜਦ ਕਿ ਪਸ਼ੂ ਜਗਤ ਦਾ ਨਾਸ਼ ਕਰਕੇ, ਆਪਣੀ ਹਉਮੈ ਦੀ ਤ੍ਰਿਪਤੀ ਲਈ ਚਿੜੀਆ ਘਰਾਂ ਵਿਚ ਉਨ੍ਹਾਂ ਦੇ ਨਮੂਨੇ ਕੈਦ ਕਰ ਲਏ ਜਾਂਦੇ ਹਨ, ਉਸ ਤੋਂ ਅਗਾਂਹ ਪਲਾਸਟਿਕ ਦੇ ਬਣਾ ਕੇ ਵਿਕਰੀ ਘਰਾਂ ਵਿਚ ਸਜਾ ਦਿੱਤੇ ਜਾਂਦੇ ਹਨ ਤਾਂ ਸਥਿਤੀ ਹੋਰ ਵੀ ਤਰਸਯੋਗ ਬਣ ਜਾਂਦੀ ਹੈ। ਤਰਸ ਦਾ ਭਾਗੀ ਪਸ਼ੂ ਜਗਤ ਹੀ ਨਹੀਂ ਹੋ ਨਿਬੜਦਾ ਜਿਸ ਦਾ ਘਾਣ ਹੁੰਦਾ ਹੈ ਸਗੋਂ ਮਨੁੱਖ ਜਾਤੀ ਵੀ ਇਸ ਤੋਂ ਅਣਛੋਹ ਨਹੀਂ ਰਹਿੰਦੀ ਜਿਸ ਦੀ ਸੁਪਨਈ ਨਿਛੱਲਤਾ ਦੇ ਬਾਹਰੀ ਪ੍ਰਤੀਕ ਨਿਰਜਿੰਦ ਸ਼ਕਲਾਂ ਤੱਕ ਘੱਟ ਜਾਂਦੇ ਹਨ।

ਵਿਸ਼ਵੀਕਰਣ, ਨਿੱਜੀਕਰਨ ਅਤੇ ਉਦਾਰੀਕਰਨ ਦਾ ਜੋ ਅਮਲ ਚੱਲਿਆ ਹੈ ਉਸ ਨਾਲ ਤਾਂ ਲੋਕਾਈ ਦੇ ਵਡੇਰੇ ਭਾਗ ਦੀ ਹੋਣੀ ਵੀ ਬਨਸਪਤੀ ਅਤੇ ਪਸ਼ੂ ਜਗਤ ਵਾਲੀ ਬਣਦੀ ਜਾਂਦੀ ਹੈ। ਜਿਵੇਂ ਉਤਪਾਦਨ ਦੀ ਖਾਤਰ ਉਤਪਾਦਨ ਦਾ ਅਮਲ ਪ੍ਰਚੱਲਤ ਹੈ, ਵਿਕਰੀ ਦੀ ਖ਼ਾਤਰ ਜੋ ਇਸ਼ਤਿਹਾਰਬਾਜ਼ੀ ਹੁੰਦੀ ਹੈ, ਉਸ ਦਾ ਔਰਤ ਦੀ ਦੇਹ ਨਾਲ ਨਾਤਾ ਜੋੜਿਆ ਜਾਂਦਾ ਹੈ, ਖ਼ਪਤ ਨੂੰ ਕਾਮੁਕ ਅਨੰਦ ਵਾਲਾ ਦਰਸਾਇਆ ਜਾਂਦਾ ਹੈ। ਇਹ ਜਿਉਂਦੇ ਜਾਗਦੇ ਪ੍ਰਾਣੀਆਂ ਨੂੰ ਖਿਡਾਉਣਿਆਂ ਵਿਚ ਤਬਦੀਲ ਕਰਨ ਦਾ ਆਹੁਰ ਹੈ। ਇਸ ਵਿਚ ਜੋ ਬਰਬਰਤਾ ਨਿਹਿਤ ਹੈ ਉਸ ਤੇ ਪਰਦਾ ਪਾਉਣ ਦੀ ਖ਼ਾਤਰ ‘ਇਤਿਹਾਸ ਦਾ ਅੰਤ’ ਦਾ ਪ੍ਰਭ ਮੰਡਲ ਐਲਾਨ ਦਿੱਤਾ ਜਾਂਦਾ ਹੈ, ਇਸ ਦਾ ਮਤਲਬ ਇਹ ਕਦਾਚਿਤ ਨਹੀਂ ਬਣਦਾ ਕਿ ਜਾਗਰਣ, ਧਰਮ ਅਤੇ ਵਿਚਾਰਧਾਰਾ ਦੇ ਪਰਮ ਬਿਰਤਾਂਤ ਜੋ ਬੁਨਿਆਦੀ ਤਬਦੀਲੀਆਂ ਦੇ ਇਕਰਾਰ ਨਾਲ ਲੈਸ ਹੁੰਦੇ ਹਨ, ਲੋਪ ਹੋ ਕੇ ਰਹਿ ਗਏ ਹਨ। ਇਹ ਤਾਂ ਉਸ ਮੰਤਵ ਦੀ ਬਰਬਰਤਾ ਨੂੰ ਢਕਣ ਦਾ ਸਾਧਨ ਹੀ ਹੁੰਦਾ ਹੈ ਜੋ ਮੰਡੀ ਦੀ ਕਠੋਰਤਾ ਤੋਂ ਉੱਠ ਕੇ ਸਭ ਕੁਝ ਨੂੰ ਆਪਣੀ ਲਪੇਟ ਵਿਚ ਲੈ ਲੈਣ ਦੇ ਆਹੁਰ ਵਿਚ ਹੈ।

ਇਹ ਉੱਤਰ-ਆਧੁਨਿਕਤਾ ਦਾ ਬੇਤਰਕ ਹੈ ਜੋ ਕੁਝ ਦੇਰ ਭੁਲਾਵਾ ਫੈਲਾਅ ਕੇ ਅੰਤ ਨੂੰ ਬੇਪਰਦਾ ਹੋਣ ਲੱਗ ਪਿਆ ਹੈ। ਇਸ ਵਿਚ ਜੋ ਅਮੋੜ ਨਿਹਿਤ ਹੈ ਉਸ ਦੀ ਬੇਪਰਦਗੀ ਹੋਣ ਲੱਗ ਪਈ ਹੈ। ਇਸ ਬੇਪਰਦਗੀ ਦੀ ਜੇ ਸਭ

ਤੋਂ ਕਾਰਗਰ ਮਿਸਾਲ ਲੱਭਣੀ ਹੋਵੇ ਤਾਂ ਸੈਰਾਮੈਗੋ ਦੇ ਨਵ-ਪ੍ਰਕਾਸ਼ਿਤ ਨਾਵਲ 'ਇੰਟਰਮਿਟੈਂਸ ਆਫ਼ ਡੈੱਥ' (ਮੌਤ ਦਾ ਮੁਲਤਵੀ ਹੋਣਾ) ਤੋਂ ਮਿਲ ਜਾਂਦੀ ਹੈ। ਉਤਪਾਦਨ ਦੀ ਖ਼ਾਤਰ ਉਤਪਾਦਨ ਦੇ ਫਲਸਰੂਪ ਜੋ ਬੇਹਿਸਾਬ ਵਸਤਾਂ ਬਣਦੀਆਂ ਹਨ, ਸਮੇਤ ਆਪਣੀ ਵਿਕਰੀ ਅਤੇ ਖਪਤ ਦੇ, ਉਹ ਤਦ ਹੀ ਬਣ ਬਿਨਸ ਸਕਦੀਆਂ ਹਨ ਜੇ ਮੌਤ ਸਮਾਪਤ ਹੋ ਜਾਵੇ। ਹਰ ਕੋਈ ਜੀਵਿਤ ਰਹੇ ਅਤੇ ਵਿਕਰੀ ਤੇ ਖਪਤ ਦੇ ਅਮਲ ਨੂੰ ਨੇਪਰੇ ਚਾੜ੍ਹਦਾ ਰਹੇ। ਨਾਵਲ ਵਿਚ ਕੁਝ ਇਸ ਤਰ੍ਹਾਂ ਹੁੰਦਾ ਹੈ ਕਿ ਮੌਤ ਦਾ ਵਾਪਰਨਾ ਮੁਲਤਵੀ ਹੋ ਜਾਂਦਾ ਹੈ। ਆਰੰਭ ਵਿਚ ਤਾਂ ਇਹ ਐਲਾਨ ਵੱਡੇ ਹੁਲਾਸ ਨੂੰ ਜਨਮ ਦਿੰਦਾ ਹੈ ਕਿਉਂ ਜੋ ਅਥਾਹ ਉਤਪਾਦਨ, ਵਿਕਰੀ ਅਤੇ ਖਪਤ ਨੂੰ ਕੋਈ ਤੋਟ ਨਹੀਂ ਆਵੇਗੀ। ਕੁਝ ਦੇਰ ਉਪਰੰਤ ਇਸ ਤਰਕ ਦਾ ਬੇਤਰਕ ਸਾਹਮਣੇ ਆਉਣ ਲੱਗਦਾ ਹੈ। ਜਦ ਕਿਸੇ ਮਰਨਾ ਹੀ ਨਹੀਂ ਤਾਂ ਦਵਾਈਆਂ ਦਾ ਆਡੰਬਰ ਕਿੱਧਰ ਜਾਵੇਗਾ? ਜੇ ਅੰਤਿਮ ਸਮਾਂ ਹੀ ਨਹੀਂ ਆਉਣਾ ਤਾਂ ਧਰਮ ਦਾ ਪ੍ਰਯੋਜਨ ਕੀ ਹੋਵੇਗਾ? ਇਸ ਤੱਥ ਸੱਚ ਦਾ ਗਿਆਨ ਹੋਣ ਲੱਗ ਪੈਂਦਾ ਹੈ ਕਿ ਜੋ ਸਰਬਨਾਸ਼ ਮੌਤ ਨਾਲ ਜੁੜਿਆ ਸਮਝਿਆ ਜਾਂਦਾ ਹੈ, ਉਸ ਨਾਲੋਂ ਕਿਤੇ ਭੈਭੀਤ ਤਾਂ ਅੰਤਹੀਣ ਜ਼ਿੰਦਗੀ ਹੈ।

? ਪੰਜਾਬੀ ਵਿਚ ਉੱਤਰ-ਆਧੁਨਿਕਤਾ ਦੀ ਪ੍ਰਤੀਧੁਨੀ ਪ੍ਰਫੁੱਲਤ ਕਿਉਂ ਨਹੀਂ ਹੋ ਸਕੀ?

– ਪੰਜਾਬੀ ਵਿਚ ਉੱਤਰ-ਆਧੁਨਿਕਤਾ ਦੀ ਧੁਨੀ ਨੇ ਪਿਛਲੀ ਸਦੀ ਵਿਚ ਨੱਵੇਵਿਆਂ ਦੇ ਤਕਰੀਬਨ ਮੱਧ ਤੋਂ ਉੱਠਣਾ ਸ਼ੁਰੂ ਕੀਤਾ। ਇਹ ਉਹ ਵੇਲਾ ਸੀ ਜਦ ਲਗਭਗ ਪਿਛਲੇ ਡੇਢ ਦਹਾਕੇ ਤੋਂ ਚੱਲ ਰਿਹਾ ਆਤੰਕ ਖ਼ਤਮ ਹੋ ਗਿਆ ਸੀ। ਆਤੰਕ ਦੇ ਖ਼ਾਤਮੇ ਅਤੇ ਹਿੰਸਾ ਦਾ ਲੋਪ ਹੋ ਜਾਣ ਨਾਲ ਉਮੀਦ ਤਾਂ ਇਹ ਕਰਨੀ ਬਣਦੀ ਸੀ ਕਿ ਸਮੇਂ ਦੇ ਹਾਣ ਦੀ ਪ੍ਰਭੂਤਾ ਪੰਜਾਬ ਵਾਸੀਆਂ ਦੇ ਜੀਵਨ ਨੂੰ ਸਾਂਝੇ ਸੰਗਠਿਤ ਪਾਸੇ ਵਲ ਲਿਜਾਣ ਦੇ ਸਮਰੱਥ ਹੋ ਸਕੇਗੀ। ਹੋਇਆ ਇਸ ਦੇ ਉਲਟ, ਭਾਵ ਇਕ ਪ੍ਰਕਾਰ ਦੀ ਧੌਂਸ ਨੇ ਇਸ ਤਰ੍ਹਾਂ ਦੀ ਪ੍ਰਭੂਤਾ ਦੀ ਥਾਂ ਲੈ ਲਈ। ਪ੍ਰਚੱਲਤ ਭਾਵਨਾ ਇਹ ਬਣ ਗਈ ਕਿ ਸਰਕਾਰ ਦੀ ਮਿਹਰਬਾਨੀ ਤੋਂ ਬਿਨਾਂ ਨਿੱਤਾਪ੍ਰਤੀ ਜ਼ਿੰਦਗੀ ਦਾ ਕੁਝ ਸੰਵਾਰਿਆ ਨਹੀਂ ਜਾ ਸਕਦਾ। ਅਫ਼ਸਰਸ਼ਾਹੀ ਦੀ ਸਹਾਇਤਾ ਨਾਲ ਗੁਜ਼ਾਰੇ ਦੀ ਕੋਈ ਵਿਵਸਥਾ ਜੁਟਾਈ ਜਾ ਸਕਦੀ ਹੈ। ਸਰਕਾਰ ਅਤੇ ਅਫ਼ਸਰਸ਼ਾਹੀ ਨੇ ਅੱਗੋਂ ਧਾਰਮਿਕ ਸੰਸਥਾਵਾਂ ਅਤੇ ਸੰਚਾਰ ਮਾਧਿਅਮਾਂ ਨਾਲ ਨਾਤਾ ਜੋੜਿਆ ਹੋਇਆ ਹੈ। ਜਿਥੇ ਧਾਰਮਿਕ ਸੰਸਥਾਵਾਂ ਮਾਣ ਮਰਿਆਦਾ ਦਾ ਵਾਸਤਾ ਪਾਉਂਦੀਆਂ ਹਨ ਉਥੇ ਸੰਚਾਰ ਮਾਧਿਅਮ ਦਾ ਸੰਦੇਸ਼ ਇਹ ਹੈ ਕਿ ਜੀਵਨ ਦੇ ਰਾਜਸੀ ਅਤੇ ਸਮਾਜੀ ਪੱਖ ਤਾਂ ਕੀ, ਉਸ ਦੇ ਭਾਵੁਕ ਅਤੇ ਕਾਮੁਕ ਪੱਖ ਨੂੰ ਵੀ ਮਾਣ ਮਰਿਯਾਦਾ ਤੋਂ ਆਜ਼ਾਦ ਹੋਣ ਦੀ ਲੋੜ ਹੈ। ਗੱਲ ਕੀ ਇਕ ਦਲਦਲੀ ਵਿਵਸਥਾ ਬਣੀ ਹੋਈ ਹੈ ਜੋ ਜਿੰਨੀ ਤਿਲਕਵੀਂ ਹੈ, ਉਤਨੀ ਹੀ ਚਿਊਕਣੀ ਹੈ।

ਇਸ ਦਲਦਲੀ ਵਿਵਸਥਾ ਦੇ ਧਰਾਤਲ ਤੋਂ ਜੋ ਸਾਹਿਤ-ਸਿਰਜਣਾ ਹੋ ਰਹੀ ਹੈ ਉਹ ਇਸ ਦੇ ਤਰਕ ਬੇਤਰਕ ਨੂੰ ਪੂਰੀ ਤਰ੍ਹਾਂ ਚਿਤਵਣ ਅਤੇ ਚਿਤਾਰਣ ਦੇ ਯੋਗ ਨਹੀਂ ਹੋ ਸਕੀ। ਪਹਿਲੀ ਗੱਲ ਤਾਂ ਇਹ ਹੈ ਕਿ ਕਵਿਤਾ ਅਤੇ ਨਿੱਕੀ ਕਹਾਣੀ ਨੇ ਇਸ ਵਿਵਸਥਾ ਨਾਲ ਜੂਝਣ ਦਾ ਵਧੇਰੇ ਬੀੜਾ ਚੁੱਕਿਆ ਹੈ। ਜਿਵੇਂ ਅਲੰਕਾਰਕ ਢੰਗ ਨਾਲ ਪਹਿਲਾਂ ਦਰਸਾਇਆ ਜਾ ਚੁੱਕਾ ਹੈ ਕਿ ਇਕ ਇਕੱਲੀ ਬਦਲੋਟੀ ਨੂੰ ਤਸੱਵਰ ਵਿਚ ਲਿਆਉਣ ਨਾਲ ਕਿ ਛਣਕ ਭਰ ਦੀ ਚਮਕ ਨੇ ਬੱਦਲਵਾਈ ਨਾਲ ਢਕੇ ਆਕਾਸ਼ ਦੇ ਕੁੱਲ ਤਲਿਸਮ ਨੂੰ ਜਾਣ ਲਿਆ ਹੈ ਜਾਂ ਇਕ ਅੱਧ ਬਦਲੋਟੀ ਦੇ ਸੱਚਮੁੱਚ ਹੀ ਰੁਸ਼ਨਾ ਜਾਣ ਤੋਂ ਘਣਘੋਰ ਘਟਾਵਾਂ ਦੀ ਔਧ ਨੂੰ ਪਛਾਣ ਲਿਆ ਹੈ, ਭੁਲਾਵੇ ਵਾਲੀ ਗੱਲ ਹੈ। ਦੂਜੇ ਕਵਿਤਾ ਅਤੇ ਕਹਾਣੀ ਵਿਚ ਜਿਵੇਂ ਪੰਜਾਬੀ, ਗ਼ੈਰ-ਪੰਜਾਬੀ ਅਤੇ ਪਰਵਾਸੀ ਮੁਹਾਜ਼ਾਂ ਤੋਂ ਇਸ ਦਾ ਚਿਤਰਣ, ਚਿਤਾਰਣ ਅਤੇ ਚਿਤਵਣ ਹੋ ਰਿਹਾ ਹੈ, ਉਹ ਕਿਸੇ ਸੰਜੀਦਾ ਸੰਵਾਦ ਦਾ ਧਾਰਨੀ ਨਹੀਂ ਬਣ ਗਿਆ। ਮਿਸਾਲ ਦੇ ਤੌਰ 'ਤੇ ਬੰਜਰ ਜ਼ਮੀਨ, ਬੰਜਰ ਜ਼ਮੀਨ ਵਰਗੀ ਦੇਹ, ਰੋਗ ਗ੍ਰਸਤ ਦੇਹ ਜਿਸ ਦੀ ਇਹ ਅਟੱਲ ਹੋਣੀ ਹੈ, ਮਾਨਸਿਕਤਾ ਜੋ ਜਰਖੇਜ਼ ਵਿਰਸਾ ਵਿਰਾਸਤ ਨੂੰ ਬੰਜਰ ਜ਼ਮੀਨ ਵਾਂਗ ਲੈਂਦੀ ਹੈ, ਭਾਸ਼ਾ ਜੋ ਆਪਣੀ ਲਚਕ, ਮਿਠਾਸ, ਲੋਕ-ਪ੍ਰਿਅਤਾ ਗੁਆ ਕੇ ਥੇਹ ਦੇ ਸਮਾਨ ਹੋ ਰਹੀ ਹੈ, ਇਹ ਕੁਝ ਪ੍ਰਤੀਕ ਹਨ ਜੋ ਪੰਜਾਬੀ ਮੁਹਾਜ਼ ਤੋਂ ਰਚੀ ਜਾਂਦੀ ਕਵਿਤਾ ਵਿਚ ਆਪਣੀ ਹਾਜ਼ਰੀ ਲਵਾਉਂਦੇ ਹਨ।

ਇਸ ਨਾਲ ਬਿਨਾਂ ਕਿਸੇ ਸੰਵਾਦ ਵਿਚ ਪੈਣ ਤੋਂ ਰਚੀ ਜਾ ਰਹੀ ਗ਼ੈਰ-ਪੰਜਾਬੀ ਮੁਹਾਜ਼ ਤੇ ਕਵਿਤਾ ਜੋ ਪਿਆਰ, ਅਧਿਆਤਮ, ਸੁਹਜ, ਸਤਯਮ ਅਤੇ ਸੁੰਦਰਮ ਦਾ ਦਮ ਭਰਦੀ ਹੈ। ਪਰ ਪਿਆਰ ਹੈ ਜੋ ਸੰਕਲਪ ਨਾਲ ਪ੍ਰਨਾਇਆ ਹੋਣ ਕਾਰਨ, ਕਿਸੇ ਉਮੰਗ ਨੂੰ ਆਵਾਜ਼ ਨਹੀਂ ਦਿੰਦਾ ਜੋ ਦਿਲ ਤੋਂ ਜਿਗਰ ਤੱਕ ਲੱਥ ਗਈ ਹੋਵੇ। ਅਧਿਆਤਮ ਹੈ ਜੋ ਪ੍ਰਮਾਣਕ ਔਕੜ ਨਾਲ ਸਿੱਝਣ ਦੀ ਥਾਂ ਓਪਰੀ ਜਿਹੀ ਮੁਸ਼ਕਲ-ਪਸੰਦੀ ਅਤੇ ਤਰਲ ਜਿਹੀ ਪੇਚੀਦਗੀ ਨਾਲ ਵਾਸਤਾ ਦਰਸਾ ਕੇ ਹੀ ਸੰਤੁਸ਼ਟ ਹੋ ਜਾਂਦੀ ਹੈ। ਸੁਹਜ, ਸਤਯਮ ਅਤੇ ਸੁੰਦਰਮ ਨਾਲ ਲਗਾਵ ਦਰਸਾਉਣ ਵਾਲੀ ਕਵਿਤਾ ਪ੍ਰਕਿਰਤੀਕਰਣ ਅਤੇ ਮਿੱਥੀਕਰਣ ਦੇ ਦਾਇਰੇ ਵਿਚ ਹੀ ਘੁੰਮਦੀ ਰਹਿੰਦੀ ਹੈ। ਪਰਵਾਸ ਦੇ ਧਰਾਤਲ 'ਤੇ ਰਚੀ ਜਾਣ ਵਾਲੀ ਕਵਿਤਾ ਜਾਂ ਹੇਰਵੇ ਅਤੇ ਜਾਂ ਸਨਕਤਾ ਦਾ ਹੁੰਗਾਰਾ ਭਰਦੀ ਹੈ। ਪੱਛਮੀ ਵਰਤਾਰੇ ਵਿਚ ਦਰਪੇਸ਼ ਗੁੰਝਲਾਂ ਨਾਲ ਖਹਿ ਕੇ, ਪੰਜਾਬੀ ਵਰਤਾਰੇ ਨਾਲ ਸ਼ਨਾਖ਼ਤ ਬਣਾਉਣ ਵਾਲੀ ਕਵਿਤਾ ਰਚੀ ਤਾਂ ਜਾ ਰਹੀ ਹੈ ਪਰ ਇਹ ਅਜੇ ਹਾਸ਼ੀਏ 'ਤੇ ਹੀ ਹੈ। ਵਿੱਢ ਪਾਉਣ ਦੇ ਸਮਰੱਥ ਇਹ ਅਜੇ ਨਹੀਂ ਹੋਈ। ਕੁਦਰਤੀ ਤੌਰ 'ਤੇ

ਉੱਤਰ ਆਧੁਨਿਕਤਾ ਦੇ ਤਰਕ ਬੇਤਰਕ ਨੂੰ ਫਰੋਲਣ ਵਾਲੀ ਸਾਹਿਤ-ਸਿਰਜਣਾ ਪੰਜਾਬੀ ਵਿਚ ਅਜੇ ਪ੍ਰਫੁੱਲਤ ਨਹੀਂ ਸਮਝੀ ਜਾ ਸਕਦੀ। ਇਸ ਦੇ ਪ੍ਰਫੁੱਲਤ ਹੋਣ ਦੀ ਆਸ ਜ਼ਰੂਰ ਕੀਤੀ ਜਾ ਸਕਦੀ ਹੈ।

? ਅਜੋਕਾ ਵਿਸ਼ਵੀਕ੍ਰਿਤ ਮਾਹੌਲ ਪੰਜਾਬੀ ਸਾਹਿਤ ਲਈ ਕਿਹੜੀਆਂ ਚੁਣੌਤੀਆਂ ਪੇਸ਼ ਕਰ ਰਿਹਾ ਹੈ?

– ਪੰਜਾਬੀ, ਗ਼ੈਰ-ਪੰਜਾਬੀ ਅਤੇ ਪਰਵਾਸੀ ਖੰਡ ਜਿਨ੍ਹਾਂ ਦੇ ਧਰਾਤਲਾਂ ਤੋਂ ਪੰਜਾਬੀ ਸਾਹਿਤ ਰਚਿਆ ਜਾ ਰਿਹਾ ਹੈ, ਉਨ੍ਹਾਂ ਟਾਪੂਆਂ ਵਾਂਗ ਹਨ ਜਿਨ੍ਹਾਂ ਉਦਾਲੇ ਵਿਸ਼ਵੀਕ੍ਰਿਤ ਮਾਹੌਲ ਠਾਠਾਂ ਮਾਰ ਰਿਹਾ ਹੈ। ਤੀਜੇ ਮਿਲੈਨੀਅਮ ਦੇ ਆਰੰਭ ਹੋਣ ਨਾਲ ਤਾਂ ਇਨ੍ਹਾਂ ਠਾਠਾਂ ਦੇ ਤੂਫ਼ਾਨਾਂ ਵਿਚ ਬਦਲ ਜਾਣ ਦਾ ਅੰਦੇਸ਼ਾ ਪੈਦਾ ਹੋ ਗਿਆ ਹੈ। ਕਾਮਨਾ ਇਹੋ ਕੀਤੀ ਜਾ ਸਕਦੀ ਹੈ ਕਿ ਇਹ ਤੂਫ਼ਾਨ ਸੁਨਾਮੀ ਵਰਗੇ ਕਹਿਰ ਦਾ ਰੂਪ ਨਾ ਧਾਰਨ ਕਰਨ, ਜਿਸ ਨਾਲ ਸਭ ਕੁਝ ਮਲੀਆ ਮੇਟ ਹੋ ਕੇ ਰਹਿ ਜਾਵੇ।

ਜਿਸ ਨੂੰ ਸਭ ਤੋਂ ਵਧੇਰੇ ਖ਼ਤਰਾ ਹੈ ਉਹ ਅਨੁਭਵ ਦਾ ਨਿਵੇਕਲਾ ਅਹਿਸਾਸ, ਵਿਰੋਧੀ ਵਰਤਾਰਿਆਂ ਵਿਚ ਆਪਣੀ ਥਾਂ ਨਿਸ਼ਚਿਤ ਕਰਕੇ, ਉਨ੍ਹਾਂ ਨਾਲ ਅੰਤਰ-ਕਿਰਿਆ ਸਥਾਪਤ ਕਰ ਸਕਣਾ। ਦੋਨਾਂ ਦੀ ਸੱਤਾ ਨੂੰ ਚੁਣੌਤੀ ਦੇ ਕੇ ਆਪਣੀ ਪ੍ਰਭੂਤਾ ਕਾਇਮ ਰੱਖ ਸਕਣਾ ਜਾਂ ਕਾਇਮ ਰੱਖਣ ਦੀ ਅਭਿਲਾਸ਼ਾ ਨੂੰ ਲੋਪ ਨਾ ਹੋਣ ਦੇਣਾ। ਜੇ ਲੋਪ ਹੋ ਗਈ ਹੋਵੇ ਤਾਂ ਦੂਰ-ਦੁਰਾਡੇ ਦੇਸ਼ਾਂ ਵਿਚ ਇਸ ਆਸ ਨਾਲ ਵਿਚਰਣਾ ਕਿ ਇਸ ਅਭਿਲਾਸ਼ਾ ਦੀ ਪੁਨਰ-ਸੁਰਜੀਤੀ ਹੋ ਸਕੇ।

ਅਜੋਕੇ ਇਤਿਹਾਸਕ ਮੋੜ ਤੇ ਇਸ ਤਰ੍ਹਾਂ ਦੀ ਅਭਿਲਾਸ਼ਾ ਨੂੰ ਸਾਂਭਣਾ, ਸੁਰੱਖਿਅਤ ਕਰਨਾ ਜਾਂ ਲੋਪ ਹੋਣ ਦੀ ਸੂਰਤ ਵਿਚ ਮੁੜ ਜਗਾ ਲੈਣਾ ਵਧੇਰੇ ਹੀ ਔਖੀ ਘੜੀ ਦੀ ਅਲਾਮਤ ਨੂੰ ਪਹੁੰਚਦਾ ਜਾਂਦਾ ਹੈ। ਕਾਰਨ ਇਸ ਦਾ ਇਹ ਹੈ ਕਿ ਇਨ੍ਹਾਂ ਖੰਡਾਂ ਉਦਾਲੇ ਜੋ ਸਮੁੰਦਰ ਠਾਠਾਂ ਮਾਰਦਾ ਹੈ ਜਿਨ੍ਹਾਂ ਨੇ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਕੁਦਰਤੀ ਵਸੀਲਿਆਂ ਨੂੰ ਹੜੱਪਣਾ ਸ਼ੁਰੂ ਕੀਤਾ ਹੋਇਆ ਹੈ। ਤੀਜੀ ਦੁਨੀਆਂ ਦੇ ਨਿਜ਼ਾਮ ਐਨੇ ਅਲੱਗ-ਥਲੱਗ ਪਏ ਹੋਏ ਹਨ ਕਿ ਉਹ ਇਸ ਅਮਲ ਨੂੰ ਕੋਈ ਵੰਗਾਰ ਪੇਸ਼ ਨਹੀਂ ਕਰ ਰਹੇ। ਭਾਰਤਵਰਸ਼ ਵਿਚ ਸੱਤਾ ਅਤੇ ਸਾਸ਼ਨ ਦੇ ਸੰਚਾਲਕਾਂ ਇਸ ਦੀ ਇਉਂ ਸਲਾਹੀਅਤ ਕਰਨੀ ਲੋੜੀ ਹੇ ਜਿਵੇਂ ਕਿਤੇ ਉਨ੍ਹਾਂ ਆਪ ਹੀ ਇਸ ਦੀ ਪੇਸ਼ੀਨਗੋਈ ਕੀਤੀ ਹੋਵੇ। ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ ਇਥੋਂ ਦੀ ਸੱਤਾ ਦੇ ਸੰਚਾਲਕਾਂ ਨੇ ਤਾਂ ਇਹ ਅਲਾਪ ਆਰੰਭ ਕੀਤਾ ਹੋਇਆ ਹੈ ਕਿ ਵੈਸੇ ਤਾਂ ਇਸ ਸੂਬੇ ਦਾ ਕੁਝ ਵਿਗੜਿਆ ਨਹੀਂ, ਜੇ ਸਮਝ ਵੀ ਲਿਆ ਜਾਵੇ ਕਿ ਸਭ ਕੁਝ ਕੁਸ਼ਲ ਨਹੀਂ ਤਾਂ ਉਪਰੋਕਤ ਅਮਲ ਨਾਲ ਕਦਮ ਮਿਲਾਉਣਾ ਬਹੁਤ ਆਵੱਸ਼ਕ ਹੈ।

ਪੰਜਾਬੀ ਅਨੁਭਵ, ਜਿਸ ਦਾ ਸੰਖੇਪ ਵਿਚ ਪਹਿਲਾਂ ਖੁਲਾਸਾ ਕੀਤਾ ਜਾ

ਚੁੱਕਾ ਹੈ ਇਸ ਅਮਲ ਵਿਚ ਸਹਿਹੋਂਦ ਦਰਸ ਕੇ ਕਦੇ ਵੀ ਸਵੈ ਹੋਂਦ ਦਾ ਦਾਅਵਾ ਨਹੀਂ ਕਰ ਸਕੇਗਾ। ਇਸ ਦਾ ਸਿੱਧਾ ਪ੍ਰਭਾਵ ਸਾਹਿਤ ਸਿਰਜਣਾ ’ਤੇ ਪਵੇਗਾ ਜੋ ਇਸ ਦੇ ਬੇਗ਼ਾਨੇਪਣ ਨੂੰ ਆਪਣਾ ਬਣਾਉਣ ਦੇ ਅਸਮਰੱਥ ਹੋ ਨਿਬੜੇਗੀ। ਪਰਿਣਾਮ ਬਿਲਕੁਲ ਉਸ ਦੇ ਉਲਟ ਹੋ ਸਕਦਾ ਹੈ ਜੋ ਪ੍ਰਗਤੀਵਾਦੀ ਲੇਖਕਾਂ ਨੇ ਕਰ ਦਿਖਾਇਆ। ਭਾਰਤ ਅਤੇ ਨਾਲ ਹੀ ਪੰਜਾਬ ਵਿਚ ਪ੍ਰਗਤੀਵਾਦੀ ਸਾਹਿਤ-ਸਿਰਜਣਾ ਆਰੰਭਣ ਦਾ ਆਵੇਸ਼ ਉਨ੍ਹਾਂ ਨੂੰ ਯੂਰਪ ਤੋਂ ਪ੍ਰਾਪਤ ਹੋਇਆ ਸੀ। ਇਸ ਸਾਹਿਤ-ਸਿਰਜਣਾ ਨੂੰ ਆਧੁਨਿਕ ਬਣੇ ਆਪਣੇ ਜੀਵਨ ਦੇ ਕਿਵੇਂ ਅਨੁਕੂਲ ਕੀਤਾ ਜਾਵੇ, ਇਸ ਦੇ ਪ੍ਰਮਾਣ ਅਤੇ ਪ੍ਰਤੀਮਾਨ ਵੀ ਉਨ੍ਹਾਂ ਨੂੰ ਪੱਛਮ ਤੋਂ ਹੀ ਉਪਲਬੱਧ ਹੋਏ। ਪਰ ਉਨ੍ਹਾਂ ਨੇ ਇਨ੍ਹਾਂ ਪ੍ਰਮਾਣਾਂ ਅਤੇ ਪ੍ਰਤੀਮਾਨਾਂ ਵਿਚ ਅਜਿਹੀਆਂ ਤਬਦੀਲੀਆਂ ਲਿਆਂਦੀਆਂ ਕਿ ਉਹ ਜ਼ਮੀਨਦਾਰੀ, ਜਾਤਪਾਤ ਅਤੇ ਸੰਪ੍ਰਦਾਇਕਤਾ ਨੂੰ ਵੀ ਵੰਗਾਰ ਪੇਸ਼ ਕਰਨ ਜੋਗੇ ਹੋ ਨਿਬੜੇ। ਜਿਵੇਂ ਯੂਰਪੀ ਲੇਖਕਾਂ ਨੇ ਉਨ੍ਹਾਂ ਨੂੰ ਜ਼ਮੀਨਦਾਰੀ, ਪੂੰਜੀਵਾਦ ਅਤੇ ਫਾਸ਼ੀਵਾਦ ਦੇ ਟਾਕਰੇ ਲਈ ਤਸੱਵਰ ਕੀਤਾ ਸੀ, ਉਸ ਤੱਕ ਸੀਮਿਤ ਹੋ ਕੇ ਨਾ ਰਹੇ। ਇਸ ਤੋਂ ਵੀ ਉਤਾਂਹ, ਕਾਰਲ ਮਾਰਕਸ ਦੇ ਨਾਲ ਉਨ੍ਹਾਂ ਸਿਗਮੰਡ ਫਰਾਇਡ ਦਾ ਪ੍ਰਭਾਵ ਮਿਲਾ ਕੇ ਕਬੂਲ ਕੀਤਾ। ਨਤੀਜਾ ਇਹ ਹੋਇਆ ਕਿ ਜਿਸ ਆਧੁਨਿਕਤਾਵਾਦ ਦਾ ਉਨ੍ਹਾਂ ਬੋਧ ਪੜ੍ਹਿਆ ਉਹ ਇਤਿਹਾਸਕ ਅਨੁਭਵ ਦੇ ਅਹਿਸਾਸ ਨੂੰ ਆਧੁਨਿਕੀਕਰਣ ਦੇ ਪ੍ਰਮਾਣਕ ਜਾਂ ਅਪ੍ਰਮਾਣਕ ਦਰਸਾਉਣ ਲਈ ਹੀ ਗੁਣਕਾਰੀ ਨਹੀਂ ਸੀ। ਇਹ ਤਾਂ ਉਨ੍ਹਾਂ ਦੀ ਆਧੁਨਿਕਤਾ ਨੂੰ ਪ੍ਰਫੁੱਲਤ ਕਰਨ ਦਾ ਵੱਡਾ ਮਾਧਿਅਮ ਸੀ। ਵਾਸਤਵ ਵਿਚ ਵਿਸ਼ਵੀਕ੍ਰਿਤ ਮਾਹੌਲ ਦਾ ਪੰਜਾਬੀ ਵਿਚ ਸਾਹਿਤ ਸਿਰਜਣਾ ’ਤੇ ਜੋ ਪ੍ਰਭਾਵ ਪਿਆ ਹੈ, ਉਹ ਇਸ ਤਰ੍ਹਾਂ ਦਾ ਇਕਰਾਰ ਕਰਦਾ ਪ੍ਰਤੀਤ ਨਹੀਂ ਹੁੰਦਾ।

? ਭੂਮੰਡਲੀਕਰਨ ਦੇ ਤੇਜ਼ੀ ਨਾਲ ਵਾਪਰ ਰਹੇ ਅਮਲ ਵਿਚ ਪੰਜਾਬੀ ਭਾਸ਼ਾ ਦਾ ਕੀ ਭਵਿੱਖ ਬਣਦਾ ਹੈ?

– ਇਸ ਸਵਾਲ ਨੂੰ ਕਈ ਪੱਧਰਾਂ ’ਤੇ ਵਿਚਾਰਿਆ ਜਾ ਸਕਦਾ ਹੈ। ਪਹਿਲਾ ਤਾਂ ਹੈ ਵਿਸ਼ਵੀ ਪੱਧਰ ਜਿੱਥੇ ਜੋ ਸਨਅਤੀਕਰਨ ਨੇ ਅਰਥਮੁਖੀ ਭਾਸ਼ਾਵਾਂ ਲਈ ਖ਼ਤਰਾ ਖੜਾ ਕੀਤਾ ਹੈ, ਉਹ ਪੰਜਾਬੀ ’ਤੇ ਵੀ ਵਾਰਿਦ ਹੈ। ਸੰਚਾਰ-ਸਾਧਨਾਂ ਵਿਚ ਟੈਲੀਵਿਜ਼ਨ ਦੇ ਪ੍ਰਥਮ ਸਿੱਧ ਹੋ ਜਾਣ ਨਾਲ ਇਹ ਖ਼ਤਰਾ ਹੋਰ ਵੀ ਸੰਗੀਨ ਹੋ ਗਿਆ ਹੈ। ਟੈਲੀਵਿਜ਼ਨ ’ਤੇ ਅਦਾਨ-ਪ੍ਰਦਾਨ ਲਈ ਜਿਸ ਪ੍ਰਕਾਰ ਦੀ ਭਾਸ਼ਾ ਦਰਕਾਰ ਹੈ ਉਹ ਹਰਫ਼ਾਂ ਦੇ ਭਾਵਾਰਥ ਨਾਲੋਂ ਉਨ੍ਹਾਂ ਵਿਚ ਨਿਹਿਤ ਹਾਵਾਂ/ਭਾਵਾਂ ਨੂੰ ਪ੍ਰਥਮ ਸਮਝਦੀ ਹੈ। ਬਹੁਤ ਵਾਰ ਤਾਂ ਹਰਫ਼ਾਂ ਦੀਆਂ ਧੁਨੀਆਂ ਵੀ ਬੇਲੋੜੀਆਂ ਹੋ ਜਾਂਦੀਆਂ ਹਨ। ਇਹ ਹਾਵ/ਭਾਵ ਦੇਹ ਨਾਲ ਸਬੰਧਿਤ ਹੁੰਦੇ ਹਨ ਜਿਨ੍ਹਾਂ ਨੂੰ ਕੈਮਰੇ ਦੀਆਂ

ਤਕਨੀਕਾਂ ਦੂਰੋਂ ਨੇੜਿਓਂ, ਪਾਸਿਓਂ, ਸਾਹਮਣਿਓਂ, ਪਿੱਠ ਤੋਂ ਦਿਖਾ ਕੇ ਅਜੀਬ ਤਰ੍ਹਾਂ ਦਾ ਤਲਿਸਮ ਪੈਦਾ ਕਰ ਦਿੰਦੀਆਂ ਹਨ, ਇਕ ਲਿਹਾਜ਼ ਨਾਲ ਇਹ ਅਦਾਨ-ਪ੍ਰਦਾਨ ਇਉਂ ਨੇਪਰੇ ਚੜ੍ਹਦਾ ਹੈ ਜਿਵੇਂ ਕਿਤੇ ਇਹ ਬੱਚਿਆਂ ਦੇ ਵਿਚਕਾਰ ਆਪਣੇ ਆਪ ਨੂੰ ਸਰਅੰਜ਼ਾਮ ਦੇ ਰਿਹਾ ਹੋਵੇ। ਕਿਉਂਕਿ ਟੈਲੀਵਿਜ਼ਨ ਦਾ ਪ੍ਰਭਾਵ ਸਰਵੱਤਰ ਰੂਪ ਵਿਚ ਜੀਵਨ ਦੇ ਹੋਰਾਂ ਪੱਖਾਂ ਨੂੰ ਆਪਣੇ ਪ੍ਰਭਾਵ ਹੇਠ ਲਿਆ ਰਿਹਾ ਹੈ, ਭਾਵ ਉਨ੍ਹਾਂ ਲਈ ਪ੍ਰਤੀਬੱਧ ਬਣ ਰਿਹਾ ਹੈ ਇਸ ਲਈ ਅਰਥਮੁਖੀ ਦੀ ਥਾਂ ਹਾਵ/ਭਾਵ ਮੁਖੀ ਭਾਸ਼ਾ ਰਾਹੀਂ ਆਦਾਨ ਪ੍ਰਦਾਨ ਵਧੇਰੇ ਨਿਸਚਿਤ ਹੁੰਦਾ ਜਾਂਦਾ ਹੈ।

ਇਹ ਇਸ ਤਰ੍ਹਾਂਦਾ ਖ਼ਤਰਾ ਹੈ ਜੋ ਪੰਜਾਬੀ ਨੂੰ ਉਸੇ ਤਰ੍ਹਾਂ ਦਰਪੇਸ਼ ਹੈ ਜਿਵੇਂ ਇਹ ਸੰਸਾਰ ਦੀਆਂ ਬਾਕੀ ਭਾਸ਼ਾਵਾਂ ਨੂੰ ਹੈ। ਏਥੇ ਇਹ ਕਹਿਣਾ ਵੀ ਅਸੁਭਾਵਿਕ ਨਹੀਂ ਹੋਵੇਗਾ ਕਿ ਅੰਗਰੇਜ਼ੀ, ਜੋ ਅਰਥਚਾਰਿਆਂ ਤੇ ਕਾਬਜ਼ ਕੌਮਾਂਤਰੀ ਕੰਪਨੀਆਂ ਅਤੇ ਉਨ੍ਹਾਂ ਨੂੰ ਸਰਬ ਵਿਆਪਕ, ਸਰਬਸ਼ਕਤੀਮਾਨ ਅਤੇ ਸਰਬ ਗਿਆਨੀ ਸਿੱਧ ਕਰਨ ਵਾਲੇ ਸੰਚਾਰ ਮਾਧਿਅਮ ਨੇ ਵਿਸ਼ਵ-ਵਿਆਪੀ ਘੋਸ਼ਿਤ ਕੀਤਾ ਹੋਇਆ ਹੈ, ਉਹ ਵੀ ਇਸ ਨਿਘਾਰ ਦੀ ਮਾਰ ਹੇਠ ਆ ਰਹੀ ਹੈ। ਇਸ ਦਾ ਪ੍ਰਤੱਖ ਪ੍ਰਮਾਣ ਇਹ ਹੈ ਕਿ ਬਰਤਾਨੀਆਂ ਜਿਸ ਦੀ ਕਿ ਅੰਗਰੇਜ਼ੀ ਮਾਤ ਭਾਸ਼ਾ ਹੈ, ਸਕਾਟਲੈਂਡ ਅਤੇ ਆਇਰਲੈਂਡ ਜਿਨ੍ਹਾਂ ਦੀ ਇਹ ਪਾਲਕ ਭਾਸ਼ਾ ਹੈ ਅਤੇ ਅਮਰੀਕਾ ਤੇ ਆਸਟ੍ਰੇਲੀਆ ਜਿਨ੍ਹਾਂ ਲਈ ਇਹ ਦੋਵਾਂ ਦੇ ਵਿਚਕਾਰ ਦਾ ਕੋਈ ਵਰਤਾਰਾ ਹੈ, ਇਸ ਦੇ ਸਿਰਜਣਾਤਮਿਕ ਤੱਥ ਸੱਚ ਦਾ ਹੁੰਗਾਰਾ ਭਰਨ ਤੋਂ ਜਿਵੇਂ ਆਤੁਰ ਹੀ ਹੋ ਗਏ ਹੁੰਦੇ ਹਨ। ਇਸ ਦੇ ਟਾਕਰੇ ਵਿਚ ਅਫਰੀਕਾ ਦੇ ਦੇਸ਼, ਭਾਰਤਵਰਸ਼, ਪਾਕਿਸਤਾਨ ਆਦਿ ਉਪਰੋਕਤ ਹੁੰਗਾਰਾ ਭਰਨ ਵਿਚ ਵਧੇਰੇ ਪ੍ਰਬਲਤਾ ਦੇ ਸੁਆਮੀ ਪ੍ਰਤੀਤ ਹੁੰਦੇ ਹਨ।

ਪੰਜਾਬੀ ਭਾਸ਼ਾ ਦੇ ਭਵਿੱਖ ਨੂੰ ਵਿਚਾਰਨ ਹਿੱਤ ਦੂਜਾ ਪੱਧਰ ਰਾਜਸੀ ਹੈ ਜਿੱਥੇ ਜਿਸ ਖਿੱਤੇ ਨਾਲ ਇਸ ਦਾ ਨਾਤਾ ਹੈ ਉਸ ਦੇ ਨਿਜ਼ਾਮ ਦਾ ਕਰਤੱਵ ਵਿਚਾਰ ਅਧੀਨ ਲਿਆਉਣਾ ਜ਼ਰੂਰੀ ਹੋ ਜਾਂਦਾ ਹੈ। 1947 ਦੀ ਵੰਡ ਤੋਂ ਪਹਿਲਾਂ ਪੰਜਾਬੀ ਸਮੁੱਚੇ ਪੰਜਾਬੀਆਂ ਦੀ ਮਾਤਭਾਸ਼ਾ ਸੀ। ਬਸਤੀਵਾਦੀ ਰਾਜ ਦੇ ਆਧੁਨਿਕੀਕਰਨ ਨੇ ਇਸ ਧਾਰਨਾ ਵਿਚ ਤ੍ਰੇੜਾਂ ਪਾ ਦਿੱਤੀਆਂ ਸਨ ਜਿਸ ਕਾਰਨ ਇਸਲਾਮ ਮੱਤ ਵਿਚ ਯਕੀਨ ਰੱਖਣ ਵਾਲੇ ਸਭ ਤੋਂ ਵੱਡੇ ਵਰਗ ਲਈ ਉਰਦੂ ਇਸ ਸਥਾਨ ਦੀ ਹੱਕਦਾਰ ਸੀ ਭਾਵੇਂ ਭੂਗੋਲਿਕ ਨਜ਼ਰੀਏ ਤੋਂ ਉਹ ਕਿਸੇ ਖਿੱਤੇ ਦੀ ਜ਼ੁਬਾਨ ਨਹੀਂ ਸੀ। ਹਿੰਦੂ ਮੱਤ ਨਾਲ ਜੁੜੇ ਦੂਜੇ ਨੰਬਰ 'ਤੇ ਆਉਂਦੇ ਵਰਗ ਲਈ ਇਸ ਸਥਾਨ ਦੀ ਹੱਕਦਾਰ ਹਿੰਦੀ ਸੀ ਭਾਵੇਂ ਜਿਸ ਖਿੱਤੇ ਦੀ ਇਹ ਮਾਤਭਾਸ਼ਾ ਹੈ ਉਹ ਪੂਰਬ ਵੱਲ ਦੀ ਪੰਜਾਬ ਦੀ ਹੱਦ ਤੋਂ ਪਰ੍ਹਾਂ ਦਾ ਖਿੱਤਾ ਹੈ। ਸੋ ਸਿੱਖ ਮੱਤ ਨਾਲ ਜੁੜੇ ਸਭ ਤੋਂ ਘੱਟ ਗਿਣਤੀ ਵਾਲੇ ਵਰਗ ਦੀ ਹੀ ਪੰਜਾਬੀ ਮਾਤ ਭਾਸ਼ਾ ਹੋ ਨਿਬੜੀ।

ਵੰਡ ਉਪਰੰਤ ਜੋ ਵਾਪਰਿਆ ਉਹ ਹੋਰ ਵੀ ਖ਼ਤਰਨਾਕ ਅਤੇ ਗੁੰਝਲਦਾਰ ਸਿੱਧ ਹੋਇਆ ਹੈ। ਭਾਰਤਵਰਸ਼ ਵਿਚ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖਰੇ ਸੂਬੇ ਬਣ ਜਾਣ ਨਾਲ, ਉਮੀਦ ਤਾਂ ਇਹ ਕੀਤੀ ਜਾ ਸਕਦੀ ਸੀ ਕਿ ਹਿਮਾਚਲੀ ਅਤੇ ਹਰਿਆਣਵੀ, ਜੋ ਉਨ੍ਹਾਂ ਖੇਤਰਾਂ ਦੀਆਂ ਉਪ-ਭਾਖਾਵਾਂ ਹਨ, ਪੰਜਾਬੀ ਦੀ ਪ੍ਰਭੂਤਾ ਸਵੀਕਾਰ ਕੇ ਵਿਕਾਸ ਰੇਖਾ ਉਲੀਕਣ ਵਿਚ ਪੈਣਗੀਆਂ। ਪਰ ਹੋਇਆ ਇਸ ਦੇ ਉਲਟ, ਰਾਜਸੀ ਕਾਰਨਾਂ ਕਰਕੇ ਉਨ੍ਹਾਂ ਨੇ ਹਿੰਦੀ ਦੀ ਪ੍ਰਭੂਤਾ ਨੂੰ ਕਬੂਲ ਕਰਨਾ ਵਧੇਰੇ ਯੋਗ ਸਮਝਿਆ ਹੈ। ਨਤੀਜਾ ਇਹ ਹੋਇਆ ਕਿ ਪੰਜਾਬੀ ਸੂਬੇ ਤੱਕ ਸੀਮਿਤ ਹੋ ਕੇ, ਪੰਜਾਬੀ ਉਨ੍ਹਾਂ ਲਈ ਵੀ ਉਕਤਾਹਟ ਦਾ ਕਾਰਨ ਬਣਨ ਤੋਂ ਰਹਿ ਨਹੀਂ ਸਕੀ ਜਿਨ੍ਹਾਂ ਦੀ ਵਾਸਤਵ ਵਿਚ ਇਹ ਮਾਤ ਭਾਸ਼ਾ ਹੈ। ਰਾਜਸੀ ਸ਼ਕਤੀ ਹਾਸਿਲ ਕਰਨ ਦੀ ਖ਼ਾਤਰ, ਉਹ ਇਸ ਦੇ ਨਾਂ 'ਤੇ ਮੋਰਚੇ ਲਾਉਂਦੇ ਰਹੇ ਹਨ, ਜੇਲ੍ਹਾਂ ਭੁਗਤਦੇ ਰਹੇ ਹਨ, ਹੋਰ ਕਈ ਪ੍ਰਕਾਰ ਦੀਆਂ ਦੁਸ਼ਵਾਰੀਆਂ ਦੇ ਭਾਗੀ ਬਣਦੇ ਆਏ ਹਨ, ਪ੍ਰੰਤੂ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਇਸ ਨੂੰ ਭੁਲ ਭੁਲਾ ਜਾਂਦੇ ਹਨ। ਪ੍ਰਤੀਦਵੰਦੀਆਂ ਨਾਲ ਸੁਖਾਵੇਂ ਸਬੰਧ ਬਣਾਉਣ ਖ਼ਾਤਰ, ਉਹ ਹਿੰਦੀ ਨਾਲ ਨੇੜਤਾ ਬਣਾਉਂਦੇ ਹਨ ਅਤੇ ਉਸ ਤੋਂ ਵੀ ਵਧੇਰੇ ਅੰਗਰੇਜ਼ੀ ਨਾਲ ਜਿਸ ਨੇ ਹਿੰਦੀ ਦੇ ਖੇਤਰ ਤੋਂ ਪਰ੍ਹਾਂ ਦੇ ਦੇਸ਼ ਨਾਲ ਉਨ੍ਹਾਂ ਦਾ ਸਬੰਧ ਜੋੜਨਾ ਹੈ। ਜਿਥੇ ਬਸਤੀਵਾਦੀ ਰਾਜ ਤੋਂ ਪਹਿਲਾਂ ਮੁਗ਼ਲ ਰਾਜ ਨਾਲ ਵਿੱਢੇ ਸੰਘਰਸ਼ ਨੇ ਸਿੱਖ ਬੁੱਧੀਜੀਵੀਆਂ, ਨਿਰਮਲੇ ਅਤੇ ਉਦਾਸੀ ਸੰਤਾਂ ਨੂੰ ਬ੍ਰਜ ਭਾਸ਼ਾ ਦੇ ਹਾਮੀ ਬਣਾ ਕੇ ਸਾਹ ਲਿਆ, ਉਥੇ ਅਜੋਕੇ ਮੁਹਾਜ਼ ਤੇ ਰਾਜਸੀ ਸ਼ਕਤੀ ਦੀ ਭੁੱਖ ਉਨ੍ਹਾਂ ਨੂੰ ਪੰਜਾਬੀ ਨਾਲੋਂ ਹਿੰਦੀ ਅਤੇ ਅੰਗਰੇਜ਼ੀ ਦੇ ਵਧੇਰੇ ਨੇੜੇ ਲੈ ਗਈ ਹੈ।

ਪਾਕਿਸਤਾਨ ਵਿਚ ਜੋ ਵਾਪਰਿਆ ਉਹ ਕਿਤੇ ਸੰਗੀਨ ਅਤੇ ਖ਼ਤਰਨਾਕ ਹੈ। ਇਸਲਾਮ ਦੇ ਨਾਂ 'ਤੇ ਬਣੇ ਉਸ ਦੇਸ਼ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਭ ਤੋਂ ਵਧੇਰੇ ਹੈ। ਫੌਜ ਵਿਚ ਉਨ੍ਹਾਂ ਦੀ ਜੋ ਪੈਂਠ ਹੈ ਉਸ ਦੇ ਤਾਂ ਪਾਕਿਸਤਾਨ ਦੇ ਬਾਕੀ ਸੂਬਿਆਂ ਦੇ ਵਾਸੀ ਜੁੜ ਕੇ ਵੀ ਕਿਤੇ ਨੇੜੇ ਤੇੜੇ ਨਹੀਂ ਪਹੁੰਚਦੇ। ਸੋ ਆਪਣੇ ਜੁੱਟ ਦਾ ਸੰਗਠਨ ਕਾਇਮ ਰੱਖਣ ਖ਼ਾਤਰ ਪਾਕਿਸਤਾਨ ਦੇ ਪੰਜਾਬੀ ਬੋਲਣ ਵਾਲਿਆਂ ਨੇ ਇਸ ਨੂੰ ਅੰਦਰ ਖਾਤੇ ਮਾਤ ਭਾਸ਼ਾ ਮੰਨਿਆ ਹੋਇਆ ਹੈ। ਤਾਂ ਜੋ ਇਸ ਦੀ ਤਰੱਕੀ ਨਾਲ ਸਿੰਧੀ, ਬਲੋਚੀ ਅਤੇ ਪਠਾਣ ਖਫ਼ਾ ਨਾ ਹੋਣ, ਉਹ ਇਸ ਨੂੰ ਬੋਲਣ ਚੱਲਣ ਤੋਂ ਅਗਾਂਹ ਵਿਕਾਸ ਕਰਦੀ ਦੇਖਣ ਦੇ ਚਾਹਵਾਨ ਨਹੀਂ। ਕਿਉਂਕਿ ਮਜ਼ਹਬ ਪੱਖੋਂ ਤਾਂ ਸਾਰੇ ਪਾਕਿਸਤਾਨੀ ਮੁਸਲਮਾਨਾਂ ਕੋਲ ਆਪਣੀ ਸੱਭਿਆਚਾਰਕ ਭਿੰਨਤਾ ਦਰਸਾਣ ਲਈ ਮੁੱਖ ਸਾਧਨ ਭਾਸ਼ਾ ਹੀ ਹੈ ਜਿਸ ਤੋਂ ਪੰਜਾਬੀ ਬੋਲਣ ਵਾਲਿਆਂ ਨੂੰ ਰਾਜਸੀ ਭੁੱਖ ਅਧੀਨ ਅੰਤਾਂ ਦੀ ਅਲਕਤ ਹੈ। ਸੋ ਇਹ ਦਰਸਾਣ ਲਈ ਕਿ ਮਜ਼ਹਬ ਦੇ ਨਾਲ ਸਾਰੇ ਪਾਕਿਸਤਾਨੀ

ਸਭਿਆਚਾਰ ਪੱਖੋਂ ਵੀ ਇਕ ਹਨ, ਪੰਜਾਬੀ ਬੋਲਣ ਵਾਲੇ, ਜੋ ਪਾਕਿਸਤਾਨ ਦੀ ਰਾਜਨੀਤੀ ਤੇ ਘੋਰ ਢੰਗ ਨਾਲ ਕਾਬਿਜ਼ ਹਨ, ਉਰਦੂ ਨੂੰ ਸਾਰੇ ਪਾਕਿਸਤਾਨੀਆਂ ’ਤੇ ਠੋਸਦੇ ਹਨ। ਸਿੰਧੀਆਂ, ਬਲੋਚਾਂ, ਪਠਾਣਾਂ ਤੇ ਤਾਂ ਉਹ ਜਬਰ ਢਾਹੁਣ ਵਿਚ ਸਫਲ ਰਹੇ ਹਨ। ਇਸ ਕਾਰਨ ਸਿੰਧ, ਬਲੋਚਿਸਤਾਨ ਅਤੇ ਸਰਹੱਦੀ ਸੂਬੇ ਦੇ ਕੁਦਰਤੀ ਵਸੀਲਿਆਂ, ਜ਼ਮੀਨ, ਬਿਜਲੀ ਅਤੇ ਧਾਤਾਂ ਆਦਿ ’ਤੇ ਜਿਵੇਂ ਪੰਜਾਬੀਆਂ, ਖ਼ਾਸ ਤੌਰ ’ਤੇ ਫੌਜੀਆਂ ਨੇ ਕਬਜ਼ਾ ਜਮਾਇਆ ਹੈ ਉਹ ਬਹੁਤ ਘਿਰਣਾ ਉਪਜਾਉਂਦਾ ਹੈ। ਪੰਜਾਬੀ ਨੂੰ ਦਬਾ ਕੇ ਅਤੇ ਉਰਦੂ ਨੂੰ ਉਚਿਆ ਕੇ ਉਨ੍ਹਾਂ ਸਿੰਧੀ, ਬਲੋਚੀ, ਪਸ਼ਤੋ ਅਤੇ ਸਰਾਇਕੀ ਆਦਿ ਪੱਛਮੀ ਪੰਜਾਬ ਦੀਆਂ ਬੋਲੀਆਂ ਨਾਲ ਜੋ ਅਨਿਆਂ ਕੀਤਾ, ਉਹ ਜਬਰ ਤੋਂ ਘੱਟ ਨਹੀਂ।

ਵੈਸੇ ਤਾਂ ਪੂਰਬੀ ਬੰਗਾਲ, ਜੋ ਆਜ਼ਾਦ ਹੋ ਕੇ, ਬੰਗਲਾ ਦੇਸ਼ ਬਣ ਗਿਆ, ਨੂੰ ਉਹ ਇਸੇ ਮਾਰ ਹੇਠ ਲਿਆਉਣਾ ਚਾਹੁੰਦੇ ਸਨ। ਕਿਉਂਕਿ ਬੰਗਾਲੀ ਨੂੰ ਮਾਤ ਭਾਸ਼ਾ ਮੰਨਣ ਵਾਲੇ ਬੰਗਲਾ ਦੇਸ਼ੀਆਂ ਨੇ ਇਸ ਅਵੱਗਿਆ ਦੇ ਭਾਈਵਾਲ ਬਣਨ ਤੋਂ ਨਾਂਹ ਕਰ ਦਿੱਤੀ ਇਸ ਕਾਰਨ ਉਨ੍ਹਾਂ ਨੂੰ ਆਜ਼ਾਦੀ ਦੀ ਜੰਗ ਲੜਨੀ ਪਈ ਜੋ ਆਰੰਭ ਵਿਚ ਸਾਂਝੀ ਭਾਸ਼ਾ ਦੀ ਖ਼ੁਦਮੁਖਤਿਆਰੀ ਲਈ ਸੀ। ਬੰਗਲਾਦੇਸ਼ੀਆਂ ਦੇ ਪਰਿਪੇਖ ਤੋਂ ਦੇਖੀਏ ਤਾਂ ਭਾਰਤੀ ਪੰਜਾਬ ਦੇ ਵਾਸੀ ਪੰਜਾਬੀ ਭਾਸ਼ਾ ਨਾਲ ਜਿਵੇਂ ਨਿਭੇ, ਜਿਵੇਂ ਉਨ੍ਹਾਂ ਨੇ ਵਿਭੇਦ ਅਤੇ ਅਵਿਹਾਰ ਦਿਖਾਇਆ ਉਸ ਤੇ ਬੜੀ ਨਿਰਾਸ਼ਾ ਹੁੰਦੀ ਹੈ। ਪਰ ਜਿਵੇਂ ਪੱਛਮੀ ਪੰਜਾਬ ਦੇ ਵਾਸੀ ਨਿਭੇ, ਪੰਜਾਬੀ ਨਾਲ ਹੀ ਨਹੀਂ ਸਗੋਂ ਸਿੰਧੀ ਅਤੇ ਬਲੋਚੀ ਆਦਿ ਸਮਰੱਥ ਭਾਸ਼ਾਵਾਂ ਨਾਲ ਵੀ ਤਾਂ ਗਿਲਾਨੀ ਪ੍ਰਗਟ ਕਰਨੋਂ ਰਿਹਾ ਨਹੀਂ ਜਾ ਸਕਦਾ। ਇਸ ਪ੍ਰਸੰਗ ਵਿਚ ਬੰਗਲਾ ਦੇਸ਼ੀਆਂ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਥੋੜ੍ਹੀ ਹੈ। ਇਹ ਵੱਖਰੀ ਗੱਲ ਹੈ ਕਿ ਭਾਸ਼ਾ ਤੋਂ ਬਾਹਰ ਜਿਵੇਂ ਉਹ ਨਿਭੇ ਹਨ ਉਹ ਗਿਲਾਨੀ ਅਤੇ ਨਿਰਾਸ਼ਾ ਦੋਵਾਂ ਦਾ ਕਾਰਨ ਹੈ।

000

ਪੰਜਾਬ ਦੀ ਚਿੰਤਨਧਾਰਾ: ਮੁੱਢ ਤੋਂ ਨਵੀਨ ਅੰਤਰ ਦ੍ਰਿਸ਼ਟੀਆਂ ਤੱਕ

? ਪੰਜਾਬ ਦੀ ਚਿੰਤਨਧਾਰਾ ਨੂੰ ਤੁਸੀਂ ਕਿਸ ਤਰ੍ਹਾਂ ਰੇਖਾਂਕਿਤ ਕਰਦੇ ਹੋ? ਤੁਹਾਡੀ ਸਮਝ ਅਨੁਸਾਰ ਇਸਦੇ ਭਾਰਤੀ ਅਤੇ ਵਿਸ਼ਵ-ਵਿਆਪੀ ਸਰੋਕਾਰ ਕੀ ਬਣਦੇ ਹਨ?

– ਤੇਰੇ ਸਵਾਲ ਦੇ ਪਹਿਲੇ ਭਾਗ ਵਿਚੋਂ ਜੋ ਉੱਪ-ਸਵਾਲ ਉੱਠ ਆਉਂਦਾ ਹੈ, ਮੇਰੇ ਖ਼ਿਆਲ ਵਿਚ ਪਹਿਲਾਂ ਉਸਦਾ ਨਿਤਾਰਾ ਕਰ ਲੈਣਾ ਚਾਹੀਦਾ ਹੈ। ਇਹ ਹੈ ਕਿ ਕੀ ਪੰਜਾਬ ਦੀ ਕੋਈ ਵਿਸ਼ੇਸ਼ ਚਿੰਤਨਧਾਰਾ ਹੈ, ਜੋ ਇਕ ਪਾਸੇ ਇਸਨੂੰ ਭਾਰਤੀ ਅਤੇ ਦੂਜੇ ਪਾਸੇ ਅਰਬੀ-ਇਰਾਨੀ ਵਿਚਾਰਧਾਰਾ ਤੋਂ ਵੱਖਰਾ ਦਰਸਾਂਦੀ ਆਈ ਹੋਵੇ। ਮੇਰਾ ਖ਼ਿਆਲ ਹੈ ਕਿ ਸੰਯੁਕਤ ਪੰਜਾਬ ਇਸ ਤਰ੍ਹਾਂ ਦੀ ਵਿਸ਼ੇਸ਼ ਚਿੰਤਨਧਾਰਾ ਤੋਂ ਵੰਚਿਤ ਨਹੀਂ ਸੀ। ਭਾਵੇਂ ਉਸ ਪ੍ਰਸੰਗ ਵਿਚ ਵੀ ਸੰਭਾਵਨਾ ਨਾਲੋਂ ਇਸਦੀ ਸੀਮਾ ਵਧੇਰੇ ਤਸੱਵਰ ਵਿਚ ਆਉਂਦੀ ਹੈ। ਤੂੰ ਦੇਖਿਆ ਹੋਵੇਗਾ ਮੇਰੀ ਪਹਿਲੀ ਪੁਸਤਕ 'ਪੰਜਾਬੀ ਸਭਿਆਚਾਰਃ ਪ੍ਰਮਾਣ ਤੇ ਪ੍ਰਤੀਮਾਨ' ਦਾ ਸਭ ਤੋਂ ਵਿਸਤ੍ਰਿਤ ਲੇਖ ਇਸੇ ਮੁੱਦੇ ਨਾਲ ਸਬੰਧਿਤ ਹੈ। ਜਦੋਂ ਤੱਕ ਇਹ ਇਕਾਗਰਤਾ ਭੰਗ ਨਹੀਂ ਹੋਈ, ਭਾਵ ਦੇਸ ਵੰਡ ਤੱਕ, ਸ਼ਾਇਦ ਉਸ ਤੋਂ ਵੀ ਬਾਅਦ ਪੰਜਾਬੀ ਸੂਬਾ ਬਣਨ ਤੱਕ, ਜੋ ਕਹਿਣ ਨੂੰ ਭਾਸ਼ਿਕ ਪਰ ਅਸਲ ਵਿਚ ਫਿਰਕੂ ਫ਼ਿਕਰਾਂ ਦੀ ਅਲਾਮਤ ਸੀ, ਪੰਜਾਬੀ ਆਭਾ ਵਾਲੀ ਚਿੰਤਨਧਾਰਾ, ਘੱਟ ਰਹੀ ਸੰਭਾਵਨਾ ਅਤੇ ਵਧ ਰਹੀ ਸੀਮਾ ਸਹਿਤ ਕਾਇਮ ਰਹੀ। ਅਜੋਕੇ ਮੋੜ 'ਤੇ ਇਸਦਾ ਅਭਾਵ ਹੀ ਹੈ ਜੋ ਰੜਕਦਾ ਹੈ, ਭਾਵੇਂ ਇਸ ਰੜਕ ਨੂੰ ਵੀ ਅੱਖੋਂ ਪਰੋਖੇ ਕਰਨਾ ਉਚਿਤ ਨਹੀਂ।

? ਤੁਹਾਡੇ ਖ਼ਿਆਲ ਮੁਤਾਬਿਕ 'ਪੰਜਾਬੀ ਆਭਾ ਵਾਲੀ' ਚਿੰਤਨਧਾਰਾ ਦੇ ਪ੍ਰਮੁੱਖ ਪਛਾਣ-ਪ੍ਰਤੀਕ ਕੀ ਹਨ?

– ਮੇਰੇ ਖ਼ਿਆਲ ਵਿਚ ਇਸ ਖ਼ਾਤਰ ਨਾ 'ਵਣ' ਤੇ ਨਾ 'ਰੋਹੀ' ਦੇ ਪ੍ਰਤੀਕ ਪਛਾਣ ਲਈ ਸਹਾਈ ਹੁੰਦੇ ਹਨ। ਇਹ ਪ੍ਰਤੀਕ ਭਾਰਤੀ ਅਤੇ ਅਰਬੀ-ਇਰਾਨੀ ਵਿਚਾਰਧਾਰਾਵਾਂ ਵਿਚ ਧੁਰ ਲੱਥੇ ਮਹਿਸੂਸ ਹੁੰਦੇ ਹਨ। ਬੀਜ ਰੂਪ ਵਿਚ ਵਣ ਦੇ ਪ੍ਰਤੀਕ ਨੂੰ ਸਾਕਾਰ ਕਰਨ ਕਰਕੇ ਹੀ ਹੈ ਕਿ ਭਾਰਤੀ ਚਿੰਤਨਧਾਰਾ ਵਿਰੋਧਾਂ ਨੂੰ ਮੁਲਾਇਮ ਕਰਕੇ, ਤ੍ਰੇੜਾਂ ਨੂੰ ਅਦਿੱਖ ਜਾਣ ਅਤੇ ਹਾਸ਼ੀਏ ਨੂੰ ਕੇਂਦਰ ਦਾ ਹੀ ਪਾਸਾਰ ਸਮਝ ਸੰਸਾਰਕ ਸਰੋਕਾਰਾਂ ਨੂੰ ਸਰਬਜਨਕ ਰਹੱਸ ਨਾਲ ਮੁਗਧ ਕਰਨਾ ਲੋੜਦੀ ਹੈ। ਇਸ ਸਬੰਧੀ ਸੁਜਾਨ ਇਤਿਹਾਸਕਾਰ ਰੋਮਿਲਾ ਥਾਪਰ ਦਾ ਕਹਿਣਾ ਹੈ ਕਿ ਇਸ ਵਿਚ ਗਤੀ ਨੂੰ ਪ੍ਰਣਾਇਆ ਕਾਲ ਵੀ ਦਾਇਰਾ ਰੂਪੀ ਹੋ ਨਿਬੜਦਾ ਹੈ। ਪਦਾਰਥਕ ਵਖਰੇਵਿਆਂ ਅਤੇ ਇਤਿਹਾਸਿਕ ਦੌਰਾਂ ਦੇ ਬਾਵਜੂਦ ਇਹ ਇਕ ਪ੍ਰਕਾਰ ਦਾ ਵਿਆਪਕ ਅਹਿਸਾਸ ਹੈ, ਆਰੰਭ ਤੋਂ ਅੰਤ ਤੱਕ ਇਸ ਵਿਚ ਦੇਸ਼ ਦਾ ਪਾਰਾਵਾਰ ਹੈ, ਜਿਸ ਤੋਂ ਕਾਲ ਦੇ ਪਾਰਾਵਾਰ ਨੂੰ ਦ੍ਰਿਸ਼ਟੀਗੋਚਰ ਕਰਨ ਹਿੱਤ, ਅਰਬੀ-

ਈਰਾਨੀ ਚਿੰਤਨਧਾਰਾ ਮੂਲੋਂ ਹੀ ਭਿੰਨ ਹੈ। ਦੇਸ਼-ਕਾਲ ਤੋਂ ਪਾਰ ਦੀ ਮੰਜ਼ਿਲ ਨੂੰ ਪਹੁੰਚਣ ਦੀ ਕਾਮਨਾ ਅਧੀਨ ਇਸ ਵਿਚ ਸੰਸਾਰਕ ਸਰੋਕਾਰਾਂ ਨੂੰ ਪੌੜੀਆਂ ਵਾਂਗ ਵਰਤਣ ਦੀ ਪ੍ਰੇਰਣ ਨਿਹਿਤ ਹੈ। ਹੈਰਾਨੀ ਦੀ ਗੱਲ ਨਹੀਂ ਕਿ ਇਸ ਵਿਚ ਇਤਿਹਾਸ ਦਾ ਨਿਰਣਾਇਕ ਕਰਤੱਵ ਹੋ ਨਿੱਬੜਦਾ ਹੈ, ਮਿਥਿਹਾਸ ਤੋਂ ਉਲਟ ਜਿਸਨੂੰ ਭਾਰਤੀ ਚਿੰਤਨਧਾਰਾ ਵਿਚ ਪ੍ਰਥਮ ਮਹੱਤਵ ਪ੍ਰਾਪਤ ਹੈ। ਵਣ ਭਾਰਤੀ ਅਤੇ ਰੋਹੀ ਅਰਬੀ-ਇਰਾਨੀ ਚਿੰਤਨਧਾਰਾ ਦਾ ਪਛਾਣ ਪ੍ਰਤੀਕ ਬਣਦਾ ਹੈ ਜਦਕਿ ਪੰਜਾਬੀ ਚਿੰਤਨਧਾਰਾ ਦਾ ਪਛਾਣ-ਪ੍ਰਤੀਕ ਖੇਤ ਹੈ ਜੋ ਨਾ ਤਾਂ ਵਣ ਵਾਂਗ ਭਰਪੂਰ ਹੈ ਤੇ ਨਾ ਹੀ ਰੋਹੀ ਵਾਂਗ ਅੰਤਹੀਣ ਭਾਸਦਾ ਹੈ।

? ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਕੋਈ ਉਦਾਹਰਣਾਂ ਜਾਂ ਹਵਾਲੇ?

– ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਪੂਰਨ ਜੋਗੀ ਅਤੇ ਰਾਜਾ ਪੋਰਸ ਨੂੰ ਕ੍ਰਮਵਾਰ ਰਾਜਕੁਮਾਰ ਕੁਨਾਲ ਅਤੇ ਸਮਰਾਟ ਸਕੰਦਰ ਨਾਲ ਤੁਲਨਾ ਕੇ ਦੇਖਿਆ ਜਾ ਸਕਦਾ ਹੈ, ਕਾਫ਼ੀ ਹੱਦ ਤੀਕ ਪੂਰਨ ਜੋਗੀ ਅਤੇ ਰਾਜਕੁਮਾਰ ਕੁਨਾਲ ਦੀਆਂ ਕਥਾਵਾਂ ਸਮਾਨ ਪ੍ਰਤੀਤ ਹੁੰਦੀਆਂ ਹਨ। ਦੋਨਾਂ ਉੱਤੇ ਉਹਨਾਂ ਦੀਆਂ ਭਰ ਜਵਾਨ ਮਤਰੇਈਆਂ ਮਾਵਾਂ ਕਾਮ-ਮੱਤੀਆਂ ਹੋ ਜਾਂਦੀਆਂ ਹਨ। ਜੇ ਲੂਣਾ ਪੂਰਨ ਨੂੰ ਅੰਗਹੀਣ ਕਰਵਾ ਕੇ ਅੰਨ੍ਹੇ ਖ਼ੂਹ ਵਿਚ ਸੁਟਵਾ ਦਿੰਦੀ ਹੈ ਤਾਂ ਮਹਾਰਾਜ ਅਸ਼ੋਕ ਦੀ ਰਾਣੀ ਤਿਸਾਰਖਾ ਕੁਨਾਲ ਦੀਆਂ ਅੱਖਾਂ ਕਢਵਾ ਕੇ ਉਸਨੂੰ ਦਰ-ਬ-ਦਰ ਭਿੱਖਿਆ ਮੰਗਣ 'ਤੇ ਮਜਬੂਰ ਕਰ ਦਿੰਦੀ ਹੈ। ਨਾਥ ਦੀ ਕਿਰਪਾ ਨਾਲ ਸੁਹੱਡਣਾ ਹੋ ਕੇ ਪੂਰਨ ਭਿੱਖਿਆ ਮੰਗਣ ਨੂੰ ਅਰਪਿਤ ਹੋ ਕੇ ਇਸਨੂੰ ਹੀ ਵਰਦਾਨ ਸਮਝਦਾ ਹੈ। ਇਸਦੇ ਉਲਟ ਰਾਜਕੁਮਾਰ ਕੁਨਾਲ ਅਜਿਹਾ ਸੰਗੀਤਕਾਰ ਹੋ ਨਿਬੜਦਾ ਹੈ ਕਿ ਉਸਦੀ ਮਹਿਮਾ ਰਾਜ ਦਰਬਾਰ ਤੱਕ ਪਹੁੰਚ ਜਾਂਦੀ ਹੈ। ਬਿਰਧ ਹੋਇਆ ਮਹਾਰਾਜ ਅਸ਼ੋਕ ਉਸਨੂੰ ਬੁਲਾ ਭੇਜਦਾ ਹੈ। ਤਿਸਾਰਖਾ ਦੀ ਕਰਤੂਤ ਜੱਗ ਜ਼ਾਹਿਰ ਹੋ ਜਾਂਦੀ ਹੈ। ਅਸ਼ੋਕ ਉਸ ਨੂੰ ਦੰਡ ਹੀ ਨਹੀਂ ਦਿੰਦਾ ਸਗੋਂ ਕੁਨਾਲ ਦੇ ਪੁੱਤਰ ਨੂੰ ਤਖ਼ਤ ਉੱਤੇ ਵੀ ਬਿਠਾ ਦਿੰਦਾ ਹੈ। ਗੱਲ ਕੀ, ਮਿੱਥ ਇਤਿਹਾਸ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ ਅਤੇ ਕੁੱਲ ਵਰਤਾਰੇ ਲਈ ਇਕਰਾਰ ਦਾ ਕਾਰਨ ਬਣ ਜਾਂਦੀ ਹੈ। ਇਸਦੀ ਤੁਲਨਾ ਵਿਚ ਪੂਰਨ ਜੋਗੀ ਤਾਂ ਜੋਤਹੀਣ ਹੋ ਚੁੱਕੀ ਆਪਣੀ ਮਾਂ ਇੱਛਰਾਂ ਦੇ ਦੁਬਾਰਾ ਜੋਤ ਪਾ ਲੈਣ ਦਾ ਕਾਰਨ ਹੀ ਬਣਦਾ ਹੈ। ਦੁਬਾਰਾ ਪਾਈ ਜੋਤ ਨੇ ਵੀ ਪਤਾ ਨਹੀਂ ਕਿੰਨੀ ਕੁ ਦੇਰ ਕਾਇਮ ਰਹਿਣਾ ਹੈ ਕਿਉਂਕਿ ਪੂਰਨ ਤਾਂ ਫਿਰ ਭਿਖਿਆ ਮੰਗ ਕੇ ਜੀਵਤ ਰਹਿਣ ਦੀ ਮੁਹਿੰਮ ਉੱਤੇ ਚੜ੍ਹ ਜਾਂਦਾ ਹੈ। ਭਾਵੇਂ ਪੂਰਨ ਜੋਗੀ ਦੀ ਕਥਾ ਸੱਤਵੀਂ-ਅੱਠਵੀਂ ਸਦੀ ਵਿਚ ਆ ਕੇ ਮਕਬੂਲ ਹੋਈ, ਅਸਲ ਵਿਚ ਇਸਦਾ ਵਾਸਤਾ ਸਮਰਾਟ ਸਕੰਦਰ ਵੇਲੇ ਦੇ ਜੀਵਨ ਨਾਲ ਹੈ।

? ਪੂਰਨ ਦੀ ਮਿੱਥ ਦੇ ਅੰਤਰੀਵ ਭਾਵ ਦਾ ਸਮਰਾਟ ਸਕੰਦਰ ਨਾਲ ਸਬੰਧ

ਕਿਵੇਂ ਜੁੜਦਾ ਹੈ?

– ਮਕਦੂਨੀਆਂ ਤੋਂ ਚੱਲ ਕੇ, ਅਨੇਕ ਰਾਜਿਆਂ ਨੂੰ ਹਾਰ ਦਿੰਦਾ, ਉਹਨਾਂ ਦੇ ਰਾਜਾਂ ਨੂੰ ਆਪਣੇ ਅਧੀਨ ਕਰਦਾ ਸਕੰਦਰ ਅਟਕ ਪਾਰ ਕਰਕੇ ਪੰਜਾਬ ਵਿਚ ਦਾਖ਼ਲ ਹੋ ਗਿਆ। ਰਾਜਾ ਅੰਬੀ ਜਿਸਦਾ ਰਾਜ ਪਹਿਲਾਂ ਪੈਂਦਾ ਸੀ ਉਸਨੇ ਤਾਂ ਈਨ ਮੰਨ ਲਈ ਪਰ ਰਾਜਾ ਪੋਰਸ ਉਸਦੇ ਵਿਰੁੱਧ ਡਟ ਗਿਆ। ਬਹਾਦਰੀ ਨਾਲ ਲੜਨ ਦੇ ਬਾਵਜੂਦ ਉਹ ਹਾਰ ਗਿਆ। ਬੰਦੀ ਵਜੋਂ ਜਦ ਉਹ ਸਮਰਾਟ ਸਕੰਦਰ ਦੇ ਸਾਹਮਣੇ ਪੇਸ਼ ਹੋਇਆ ਤਾਂ ਉਸਦਾ ਗੌਰਵ ਦੇਖ ਕੇ ਦਵੰਦੀ ਪ੍ਰਭਾਵਿਤ ਹੋਣੋਂ ਰਹਿ ਨਾ ਸਕਿਆ। ਪੋਰਸ ਨੇ ਸਮਰਾਟ ਸਕੰਦਰ ਦੇ ਦਰਪਨੀ ਬਿੰਬ ਵਿਚ ਢਲਣ ਦਾ ਮਨੋਂ ਮਨ ਫ਼ੈਸਲਾ ਕਰ ਲਿਆ। ਪਰ ਉਸ ਵਰਗੀ ਯੋਗਤਾ ਉਹ ਕਿੱਥੋਂ ਲਿਆਉਂਦਾ? ਇਸ ਲਈ ਸਮਰਾਟ ਸਕੰਦਰ ਦੀ ਰੀਸ ਉਦਾਲੇ ਦੇ ਹੋਰ ਰਾਜਿਆਂ ਨੂੰ ਈਨ ਮੰਨਵਾਉਣ ਦੇ ਯਤਨ ਵਿਚ ਉਹ ਉਲਝ ਕੇ ਰਹਿ ਗਿਆ। ਇਸੇ ਉਲਝਣ ਵਿਚ ਕਿਸੇ ਸਬੰਧੀ ਹੱਥੋਂ ਕਤਲ ਹੋ ਗਿਆ। ਇਸ ਦੇ ਉਲਟ ਚੰਦਰ ਗੁਪਤ ਮੌਰੀਆ ਨੇ ਅਜਿਹੀਆਂ ਵਿਉਂਤਾਂ ਵਿਉਂਤੀਆਂ ਕਿ ਕੁੱਲ ਉੱਤਰੀ ਭਾਰਤ ਦਾ ਸਮਰਾਟ ਬਣ ਗਿਆ। ਕਿਹਾ ਜਾ ਸਕਦਾ ਹੈ ਕਿ ਮਿਥਿਹਾਸ ਨੂੰ ਪ੍ਰਣਾਈ ਇਸ ਧਾਰਾ ਨੂੰ ਇਤਿਹਾਸ ਦੇ ਮੁਹਾਜ਼ ਉਤੇ ਲਿਆ ਕੇ ਚੰਦਰ ਗੁਪਤ ਮੌਰੀਆ ਉਸੇ ਤਰ੍ਹਾਂ ਦੀ ਮਹਾਨਤਾ ਦਾ ਦਾਅਵੇਦਾਰ ਬਣ ਗਿਆ ਜੋ ਮਿਥਿਹਾਸ ਦੇ ਕਿਸੇ ਸੁਪਨੇ ਨਾਲ ਪ੍ਰਤੀਬੱਧ ਸਮਰਾਟ ਸਕੰਦਰ ਦੇ ਹਿੱਸੇ ਇਤਿਹਾਸ ਵਿਚ ਵਿਚਰਣ ਨਾਲ ਆਇਆ। ਦੋਨੋਂ ਤਰ੍ਹਾਂ ਦੀ ਮਹਾਨਤਾ ਦੀ ਕਾਮਨਾ ਕਰਦਾ ਪੋਰਸ ਵਿਚ ਵਿਚਾਲੇ ਲਖੜਖਾਂਦਾ ਰਹਿ ਗਿਆ।

? ਪੰਜਾਬ ਦੇ ਸੰਦਰਭ ਵਿਚ ਪੂਰਵ-ਮਾਰਕਸਵਾਦੀ ਚਿੰਤਨ ਅਤੇ ਮਾਰਕਸਵਾਦੀ ਚਿੰਤਨ ਵਿਚਕਾਰ ਕੀ ਰਿਸ਼ਤਾ ਬਣਦਾ ਹੈ? ਕੀ ਇਸ ਤਰ੍ਹਾਂ ਨਹੀਂ ਕਿ ਅਸੀਂ ਦੋਵਾਂ ਵਿਚਕਾਰ ਕੋਈ ਪ੍ਰਮਾਣਕ ਅਤੇ ਤਰਕ-ਸੰਗਤ ਰਿਸ਼ਤਾ ਤਲਾਸ਼ ਕਰਨ ਤੋਂ ਉੱਕ ਜਾਂਦੇ ਹਾਂ ਅਤੇ ਦੋਵਾਂ ਵਿਚਕਾਰ ਅਕਸਰ ਇਕ ਵੱਡੀ ਵਿੱਥ ਬਣੀ ਰਹਿ ਜਾਂਦੀ ਹੈ?

– ਦਰਅਸਲ, ਪੰਜਾਬੀ ਚਿੰਤਨਧਾਰਾ ਦਾ ਬੀਜ ਰੂਪ ਹੈ ਲੋਕਧਾਰਾ ਜਿਸਦਾ ਸਿੱਧ ਪੱਧਰਾ ਭਾਵ ਇਹ ਨਹੀਂ ਕਿ ਇਹ ਨਿਰੀ ਪੁਰੀ ਲੋਕ ਗੀਤਾਂ ਅਤੇ ਲੋਕ ਕਥਾਵਾਂ ਵਿਚ ਅੰਕਿਤ ਹੈ। ਇਹ ਇਸਦੇ ਵਿਸ਼ੇਸ਼ ਭਾਗ ਦਾ ਅੰਕਨ ਵੀ ਹੈ ਜਿਸਨੂੰ ਮੈਂ ਅਤਾਲਵੀ ਚਿੰਤਕ ਗ੍ਰਾਮਸ਼ੀ ਦੀ ਦ੍ਰਿਸ਼ਟੀ ਦੀ ਪ੍ਰੇਰਣਾ ਅਧੀਨ ਲੋਕਬੋਧ ਦਾ ਨਾਂ ਦਿੱਤਾ ਸੀ। ਗੁਰੂ ਨਾਨਕ ਦੇਵ ਨੇ ਇਸ ਲਈ ਮਤਿ ਸ਼ਬਦ ਦੀ ਵਰਤੋਂ ਕੀਤੀ ਹੈ। ਭਾਵੇਂ ਸੁਬੋਧ ਦੀ ਤੁਲਨਾ ਵਿਚ ਗ੍ਰਾਮਸ਼ੀ ਨੇ ਇਸਨੂੰ ਸੀਮਤ ਇਕਰਾਰ ਦੀ ਧਾਰਨੀ ਮੰਨਿਆ ਹੈ ਪ੍ਰੰਤੂ ਰਵਾਇਤੀ ਸੂਝਬੂਝ ਦੇ ਟਾਕਰੇ ਵਿਚ, ਜੋ ਭੁੱਲ ਭੁਲਾਵੇ ਨੂੰ ਆਪਣਾ ਟੀਚਾ ਮੰਨ ਬੈਠਦੀ ਹੈ, ਇਸਨੂੰ ਉਸਨੇ ਯੋਗ ਵੀ ਠਹਿਰਾਇਆ ਹੈ। ਗੁਰੂ ਨਾਨਕ ਦੇਵ ਨੇ ਦੁਰਮਤਿ ਦੀ ਵਰਤੋਂ ਕੀਤੀ ਹੈ ਜੋ ਰਵਾਇਤੀ ਸੂਝਬੂਝ ਨੂੰ ਬੇਪਰਦਾ ਕਰਨ ਦੇ ਵਧੇਰੇ ਸਮਰੱਥ ਪ੍ਰਤੀਤ ਹੁੰਦੀ ਹੈ। ਏਥੇ ਘੁੰਡੀ ਇਹ ਬਣਦੀ ਹੈ ਕਿ ਦੁਰਮਤਿ ਤੋਂ ਪਾਰ ਜਾਣ ਲਈ ਹੁਕਮ ਨੂੰ ਪਛਾਣਨਾ ਜ਼ਰੂਰੀ ਹੈ, ਜਿਸ ਖ਼ਾਤਰ ਗਿਆਨ ਦੇ ਨਾਲ ਭਗਤੀ ਅਤੇ ਪ੍ਰੇਮ ਦਾ ਸੰਜੋਗ ਅਨਿਵਾਰੀ ਹੈ। ਸੂਖ਼ਮ/ਸਥੂਲ ਦੇ ਦਵੰਦ ਨੂੰ ਪਾਰ ਕਰਦੀ ਦ੍ਰਿਸ਼ਟੀ ਦਾ ਇਕਰਾਰ ਪੰਜਾਬੀ ਚਿੰਤਨਧਾਰਾ ਵਿਚ ਗੁਰੂ ਨਾਨਕ ਦੇਵ ਨਾਲ ਹੀ ਬੱਝਦਾ ਹੈ। ਲੋਕਬੋਧ ਦੇ ਵਿਚਾਰਧਾਰਕ ਪੱਖ ਨੂੰ ਜੇ ਚਿਤਾਰਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਦੇਹ ਹੀ ਇਸਦਾ ਆਧਾਰ ਹੁੰਦਾ ਹੈ। ਦੇਹ ਕਾਮ ਅਤੇ ਕਿਰਤ ਦਾ ਵਾਹੁਣ ਹੁੰਦੀ ਹੈ ਜਿਹੜੇ ਮੇਲ ਅਤੇ ਕਮਾਈ ਦੇ ਕਾਰਨ ਹੋ ਨਿਬੜਦੇ ਹਨ। ਮੇਲ ਔਲਾਦ ਦੀ ਸ੍ਰੋਤ ਬਣਦੀ ਹੈ ਅਤੇ ਕਮਾਈ ਲੋੜਾਂ ਦੀ ਪੂਰਤੀ ਕਰਦੀ ਹੈ। ਇਸ ਤਰ੍ਹਾਂ ਭਾਈਚਾਰਕ ਜੀਵਨ ਹੋਂਦ ਵਿਚ ਆਉਂਦਾ ਹੈ। ਇਸ ਨਾਲ ਕਾਲ ਵਿਚ ਜੋ ਤਬਦੀਲੀ ਵਾਪਰਦੀ ਹੈ ਉਹ ਕਿਸੇ ਉੱਥਲ-ਪੁੱਥਲ ਦਾ ਕਾਰਨ ਨਹੀਂ ਬਣਦੀ। ਉੱਥਲ-ਪੁੱਥਲ ਇਸ ਵਿਚ ਉਦੋਂ ਵਾਪਰਦੀ ਹੈ ਜਦੋਂ ਕਿਸੇ ਅੰਦਰਲੀ ਜਾਂ ਬਾਹਰਲੀ ਪ੍ਰਸਥਿਤੀ ਕਾਰਨ ਭਾਈਚਾਰਾ ਸ਼ਰੀਕੇ ਦਾ ਰੂਪ ਧਾਰ ਲੈਂਦਾ ਹੈ। ਜੋ ਖ਼ੂਨ ਖ਼ਰਾਬਾ ਹੁੰਦਾ ਹੈ ਉਹ ਕਾਲ ਨੂੰ ਇਤਿਹਾਸ ਵਿਚ ਤਬਦੀਲ ਕਰ ਦਿੰਦਾ ਹੈ ਜਿਸਦੀ ਸੀਮਾ ਸੰਭਾਵਨਾ ਨੂੰ ਨਿਰਧਾਰਿਤ ਕਰਨ ਵਾਲੀ ਹੁੰਦੀ ਹੈ।

ਵਾਸਤਵ ਵਿਚ ਇਹ ਪੰਜਾਬ ਦੀ ਪੂਰਵ-ਮਾਰਕਸਵਾਦੀ ਚਿੰਤਨਧਾਰਾ ਹੈ ਜਿਸਨੂੰ ਗੁਰੂ ਨਾਨਕ ਦੇਵ ਦੀ ਦ੍ਰਿਸ਼ਟੀ ਨੇ ਕਈ ਸਦੀਆਂ ਸਕਰਮਕ ਕਰੀ ਰੱਖਿਆ। ਬਸਤੀਵਾਦੀ ਰਾਜ ਦੇ ਆਉਣ ਨਾਲ ਇਹ ਫੇਰ ਅਕਰਮਕ ਹੋ ਗਈ। ਪੰਜਾਬੀ ਵਰਤਾਰੇ ਵਿਚ ਸੱਤਾ ਦੇ ਕਰਮੀ ਨਿਭੇ, ਜਿਸ ਤਰ੍ਹਾਂ ਦਾ ਸਾਸ਼ਨ ਹੋਂਦ ਵਿਚ ਆਇਆ, ਸੋਸ਼ਨ ਅਤੇ ਸਜ਼ਾ ਨੂੰ ਜਿਸਨੇ ਲੋਕਾਂ ਦੇ ਧੁਰ ਅੰਦਰ ਤੱਕ ਵਸਾ ਦਿੱਤਾ, ਉਸਨੇ ਗੁਰੂ ਨਾਨਕ ਦੇਵ ਦੀ ਹਸਤੀ ਅਤੇ ਦ੍ਰਿਸ਼ਟੀ ਨੂੰ ਆਪਣੇ ਹੀ ਢੰਗ ਨਾਲ ਪ੍ਰਸਤੁਤ ਕੀਤਾ। ਉਨ੍ਹਾਂ ਨੂੰ ਦੈਵੀ ਪੁਰਖ ਗਰਦਾਨ ਕੇ, ਜੋ ਗਿਆਨ, ਪ੍ਰਤਿਭਾ ਅਤੇ ਸਿਰੜ ਦਾ ਕਮਾਲ ਸੀ, ਗ਼ੈਬੀ ਦਾਤ ਵਜੋਂ ਪੇਸ਼ ਕਰ ਦਿੱਤਾ।

ਮਾਰਕਸਵਾਦੀ ਅਤੇ ਪੂਰਵ-ਮਾਰਕਸਵਾਦੀ ਚਿੰਤਨ ਵਿਚਕਾਰਲੀ ਵਿੱਥ ਨੂੰ ਪੂਰਨ ਲਈ ਜ਼ਰੂਰੀ ਹੈ ਕਿ ਪੂਰਵ ਮਾਰਕਸਵਾਦੀ ਚਿੰਤਨ ਵਿਚ ਜੋ ਜ਼ੁਲਮ ਜਬਰ, ਲੁੱਟ ਖਸੁੱਟ, ਵਹਿਮ ਪ੍ਰਸਤੀ, ਊਚਨੀਚ ਆਦਿ ਦੀ ਤਨਕੀਦ ਹੈ ਉਸਤੋਂ ਅਗਵਾਈ ਲਈ ਜਾਵੇ। ਪਰ, ਨੌਬਤ ਇਹ ਆ ਬਣੀ ਕਿ ਸੁਚੇਤ ਤੌਰ ਉੱਤੇ ਭਾਈ ਵੀਰ ਸਿੰਘ ਅਤੇ ਅਚੇਤ ਤੌਰ ਤੇ ਪ੍ਰੋ. ਪੂਰਨ ਸਿੰਘ ਇਸ ਚੁਣੌਤੀ ਤੋਂ ਲਾਂਭੇ ਹੋ ਗਏ। ਇਸ ਪੜਾਅ ਤੇ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਵੇਸ਼ ਹੋਇਆ। ਇਸਦਾ ਸਿਹਰਾ ਵਿਸ਼ੇਸ਼ ਤੌਰ 'ਤੇ ਭਾਈ ਸੰਤੋਖ ਸਿੰਘ ਨੂੰ ਜਾਂਦਾ ਹੈ ਜਿਹਨਾਂ ਨੇ ਆਪਣੀਆਂ ਲਿਖਤਾਂ ਵਿਚ ਇਸ ਪ੍ਰਵੇਸ਼ ਦੀ

ਲੋੜ ਦੇ ਨੁਕਤਿਆਂ ਨੂੰ ਤਾਂ ਉਭਾਰਿਆ ਹੀ ਨਾਲ ਹੀ ਨਾਲ ਕਰਮ ਦੇ ਖੇਤਰ ਵਿਚ ਭਰਪੂਰ ਅਗਵਾਈ ਦੇਣ ਵਾਲੇ ਸਾਧਨ ਇਸਦੇ ਪ੍ਰਫੁੱਲਤ ਹੋਣ ਲਈ ਵੀ ਜੁਟਾਏ। ਇਕ ਪਾਸੇ 'ਕਿਰਤੀ' ਨਾਂ ਦਾ ਰਿਸਾਲਾ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਅਤੇ ਦੂਜੇ ਪਾਸੇ ਕਿਰਤੀ-ਕਿਸਾਨ ਪਾਰਟੀ ਦਾ ਵੀ ਗਠਨ ਕੀਤਾ। ਉਸਦਾ ਮਨੋਰਥ ਧਰਮ-ਨਿਰਪੱਖ ਲੀਹਾਂ 'ਤੇ ਰਾਜਸੀ ਅੰਦੋਲਨ ਵਿੱਢਣਾ ਸੀ। ਇਸ ਮੋੜ ਉੱਤੇ ਸ਼ਹੀਦ ਭਗਤ ਸਿੰਘ ਨੇ ਵੀ ਕੁਝ ਲੇਖ ਲਿਖੇ ਜਿਨ੍ਹਾਂ ਤੋਂ ਸਮਾਜਵਾਦੀ ਵਿਚਾਰਧਾਰਾ ਦੀ ਭਾਅ ਆਉਂਦੀ ਹੈ। ਭਾਵੇਂ ਭਗਤ ਸਿੰਘ ਦੇ ਲੇਖ ਤੀਬਰਤਾ ਨਾਲ ਓਤ ਪੋਤ ਸਨ, ਪੂਰੇ ਜੋਸ਼ ਨਾਲ ਭਰਪੂਰ ਲੇਕਿਨ ਭਾਈ ਸੰਤੋਖ ਸਿੰਘ ਦਾ ਪ੍ਰਯਾਸ ਜਿਸ ਹੋਸ਼ ਨੂੰ ਆਵਾਜ਼ ਦਿੰਦਾ ਸੀ ਉਹ ਭਗਤ ਸਿੰਘ ਦੇ ਲੇਖਾਂ ਤੋਂ ਸੁਣਾਈ ਨਹੀਂ ਸੀ ਦਿੰਦੀ।

ਪਿਛਲੀ ਸਦੀ ਦੇ ਵੀਹਵਿਆਂ ਦੌਰਾਨ ਮਾਰਕਸਵਾਦੀ ਚਿੰਤਨ ਦੇ ਖੇਤਰੀ ਚਿੰਤਨ ਨਾਲ ਸਬੰਧ ਦਾ ਸੰਕਲਪ ਬੀਜਿਆ ਗਿਆ। ਤੀਹਵਿਆਂ ਵਿਚ ਜਦੋਂ ਇਸਨੇ ਪ੍ਰਫੁੱਲਤ ਹੋਣਾ ਸੀ ਤਾਂ ਇਸਦੇ ਅੱਗੇ ਕਈ ਤਰ੍ਹਾਂ ਦੀਆਂ ਔਕੜਾਂ ਆ ਗਈਆਂ। ਕਿਰਤੀ-ਕਿਰਸਾਣ ਪਾਰਟੀ ਵਿਚ ਕਿਰਸਾਣੀ ਦੇ ਭਾਰੂ ਹੋਣ ਕਾਰਨ ਇਸਦੇ ਸ਼ੁੱਧ ਪ੍ਰੋਲਤਾਰੀ ਪਾਰਟੀ ਹੋਣ ਬਾਰੇ ਸ਼ੰਕਾ ਪੈਦਾ ਕਰ ਦਿੱਤਾ ਗਿਆ, ਸੋਵੀਅਤ ਯੂਨੀਅਨ ਵਲੋਂ ਇਸ ਸ਼ੰਕੇ ਨੂੰ ਹੁਲਾਰਾ ਮਿਲਿਆ। ਫਿਰ ਵੀ ਸਾਹਿਤ ਸਮੀਖਿਆ ਦੇ ਖੇਤਰ ਵਿਚ ਇਹ ਸ਼ੰਕਾ ਐਨਾ ਕਾਰਗਰ ਸਿੱਧ ਨਾ ਹੋਇਆ। ਸਾਹਿਤ ਸਮੀਖਿਆ ਦੇ ਖੇਤਰ ਵਿਚ ਦੋਨਾਂ ਚਿੰਤਨਾਂ ਨੂੰ ਵਿਚੋਲਗੀ ਲਈ ਮੁਕਾਬਲਤਨ ਜ਼ਰਖ਼ੇਜ਼ ਜ਼ਮੀਨ ਮਿਲ ਗਈ। ਇਹ ਇਸ ਵਿਚੋਲਗੀ ਸਦਕਾ ਹੀ ਸੀ ਕਿ ਗੁਰੂ ਸਾਹਿਬਾਨ ਨੂੰ ਦੈਵੀ ਦੀ ਥਾਂ ਪ੍ਰਤਿਭਾਵਾਨ, ਸਿੱਖ ਇਤਿਹਾਸ ਨੂੰ ਕਿਰਸਾਣੀ ਦੀ ਬੀਰ ਗਾਥਾ ਅਤੇ ਗੁਰੂ ਨਾਨਕ ਦੇਵ ਨੂੰ ਮਹਾਨ ਕ੍ਰਾਂਤੀਕਾਰੀ ਚਿੰਤਕ, ਗੁਰੂ ਗੋਬਿੰਦ ਸਿੰਘ ਨੂੰ ਇਸੇ ਤਰ੍ਹਾਂ ਦਾ ਸੂਰਬੀਰ ਯੋਧਾ ਮੰਨ ਲਿਆ ਗਿਆ। ਉਦਾਸੀ ਸੰਤਾਂ, ਨਿਰਮਲੇ ਵਿਦਵਾਨਾਂ ਅਤੇ ਸਿੰਘ ਸਭਾਵਾਂ ਦੇ ਪਥ ਪ੍ਰਦਰਸ਼ਕਾਂ ਸਮੇਤ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਉੱਠ ਰਹੇ ਇਸ ਚਿੰਤਨ ਨਾਲ ਕੋਈ ਸਹਿਮਤੀ ਨਹੀਂ ਸੀ ਦਰਸਾਈ। ਇਸ ਕਾਰਨ ਹੀ ਮਾਰਕਸਵਾਦੀ ਅਤੇ ਪੂਰਵ ਮਾਰਕਸਵਾਦੀ ਚਿੰਤਨ ਵਿਚਕਾਰਲੀ ਵਿੱਥ ਨੂੰ ਮੇਟਣ ਲਈ ਇਤਿਹਾਸਿਕ ਕੜੀਆਂ ਜੋੜਨ ਦੀ ਲੋੜ ਪੈਂਦੀ ਹੈ। ਇਹ ਕੜੀਆਂ ਮੇਲਣਾ ਚਿੰਤਨ ਦੇ ਭਵਿੱਖਮੁਖੀ ਵਿਕਾਸ ਲਈ ਵੀ ਬਹੁਤ ਜ਼ਰੂਰੀ ਹੈ।

? ਇਕ ਸਾਹਿਤ ਚਿੰਤਨ-ਪ੍ਰਣਾਲੀ ਵਜੋਂ ਮਾਰਕਸਵਾਦ, ਜੋ ਬੁਨਿਆਦੀ ਤੌਰ 'ਤੇ ਸਾਹਿਤ ਅਧਿਐਨ-ਪ੍ਰਣਾਲੀ ਨਹੀਂ ਹੈ, ਕਿੰਨਾ ਕੁ ਵਿਕਸਿਤ ਹੋ ਸਕਿਆ ਅਤੇ ਕਿੰਨਾ ਕੁਅਵਿਕਸਿਤ ਰਹਿ ਗਿਆ? ਇਸ ਵਿਚਾਰਧਾਰਾ ਦੀ ਗਤੀਸ਼ੀਲਤਾ ਨੂੰ ਕੀ ਇਸਦੀ ਸੰਪੂਰਣਤਾ ਸਮਝ ਲੈਣਾ ਉਚਿਤ ਹੈ?

– ਰਮਨ, ਜੇ ਮੈਂ ਠੀਕ ਸਮਝਿਆ ਹੈ ਤਾਂ ਤੇਰਾ ਇਹ ਸਵਾਲ ਮਾਰਕਸਵਾਦ ਤੋਂ ਪ੍ਰੇਰਿਤ ਸਾਹਿਤ ਸਮੀਖਿਆ-ਪ੍ਰਣਾਲੀ ਬਾਰੇ ਹੈ। ਕਿਵੇਂ ਇਸਦਾ ਉਦਭਵ ਹੋਇਆ, ਕਿਹੜੇ ਖੇਤਰਾਂ ਵਿਚ ਇਸਦਾ ਵਿਕਾਸ ਹੋਇਆ ਅਤੇ ਕੀ ਕੁਝ ਹੈ ਜੋ ਇਸ ਪ੍ਰਯਾਸ ਤੋਂ ਪਾਰ ਪਸਮੰਜਰ 'ਤੇ ਦਿਖਾਈ ਦਿੰਦਾ ਹੈ। ਚਿੰਤਨਧਾਰਾ ਵਜੋਂ ਮਾਰਕਸਵਾਦ ਦਾ ਉਦਭਵ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਯੂਰਪ ਦੇ ਸਥੱਲ ਉਤੇ ਹੋਇਆ। ਪੂੰਜੀਵਾਦ, ਸਨਅਤੀਕਰਣ ਅਤੇ ਸ਼ਹਿਰੀਕਰਣ ਕਾਰਨ ਸਦੀਆਂ ਤੋਂ ਬਣਿਆ ਆ ਰਿਹਾ ਗ੍ਰਾਮੀਣ ਵਰਤਾਰਾ ਉੱਜੜ ਰਿਹਾ ਸੀ। ਪੂੰਜੀਪਤੀਆਂ ਅਤੇ ਆਮ ਲੋਕਾਂ ਵਿਚਕਾਰ ਆਰਥਿਕ ਪਾੜਾ ਵਧ ਰਿਹਾ ਸੀ, ਜਿਸਦੀ ਚੇਤਨਾ ਦੈਵੀ ਸ਼ਕਤੀਆਂ ਨੂੰ ਦੋਸ਼ੀ ਠਹਿਰਾਉਣ ਦੀ ਥਾਂ ਇਸਦੀ ਜ਼ੁੰਮੇਵਾਰੀ ਪੂੰਜੀਪਤੀਆਂ, ਸੱਤਾਧਾਰੀ ਵਰਗਾਂ ਅਤੇ ਉਨ੍ਹਾਂ ਨੂੰ ਉਚਿਆਉਣ ਵਾਲੇ ਰਾਜਸੀ, ਸਮਾਜਕ ਅਤੇ ਧਾਰਮਿਕ ਸੰਗਠਨਾਂ ਉੱਤੇ ਪਾ ਰਹੀ ਸੀ। ਅਰਥਚਾਰੇ ਵਿਚ ਆਏ ਵਿਗਾੜ ਨੇ ਮਾਰਕਸਵਾਦ ਲਈ ਸਰਵੱਤਰ ਆਧਾਰ ਪ੍ਰਦਾਨ ਕਰ ਦਿੱਤਾ। ਇਸ ਸਥੂਲ ਆਧਾਰ ਤੋਂ ਬਹੁਤ ਜਲਦੀ ਇਸ ਚੇਤਨਾ ਦੀਆਂ ਅੰਤਰ-ਦ੍ਰਿਸ਼ਟੀਆਂ ਨੇ ਸੂਖਮ, ਸਥੂਲ ਅਤੇ ਅਤਿ ਸੂਖਮ ਪਾਸਾਰਾਂ ਨੂੰ ਆਪਣੀ ਵਿਆਖਿਆ, ਵਿਸ਼ਲੇਸ਼ਣ ਅਤੇ ਮੁਲੰਕਨ ਦੇ ਘੇਰੇ ਵਿਚ ਲਿਆਉਣਾ ਆਰੰਭ ਕਰ ਦਿੱਤਾ। ਭਾਵੇਂ ਕਾਰਲ ਮਾਰਕਸ ਦੀਆਂ ਆਪਣੀਆਂ ਲਿਖਤਾਂ ਵਿਚ ਸਾਹਿਤ ਦੀ ਸਿਰਜਣਾ ਅਤੇ ਸੰਚਾਰ ਬਾਰੇ ਗੰਭੀਰ ਵਿਚਾਰ ਅਤੇ ਪ੍ਰਭਾਵ ਅੰਕਿਤ ਹੁੰਦੇ ਚਲੇ ਗਏ ਪਰ ਯੋਜਨਾਬੱਧ ਢੰਗ ਨਾਲ ਪਹਿਲੀ ਵਾਰ ਇਸ ਪ੍ਰਯਾਸ ਨੂੰ ਜਰਮਨੀ ਦੇ ਮੈਹਰਿੰਗ ਅਤੇ ਰੂਸ ਦੇ ਪਲੈਖਾਨੋਵ ਨੇ ਹੀ ਆਪਾ ਅਰਪਿਤ ਕੀਤਾ। ਉਤਪਾਦਕ ਸ਼ਕਤੀਆਂ, ਆਰਥਿਕ ਹਾਲਾਤ, ਰਾਜਸੀ ਨਿਜ਼ਾਮ, ਸ਼੍ਰੇਣੀ ਚਰਿੱਤਰ, ਅਹਿਸਾਸ ਅਤੇ ਇਹਨਾਂ ਨੂੰ ਸਹਾਰਾ ਦੇਣ ਵਾਲੇ ਸਮਾਜਕ ਰਿਸ਼ਤਿਆਂ ਰਾਹੀਂ ਉਹਨਾਂ ਨੇ ਆਪੋ ਆਪਣੇ ਦੇਸ਼ ਦੇ ਸਾਹਿਤ ਦਾ ਅਧਿਐਨ ਕੀਤਾ। ਉਹਨਾਂ ਨੇ ਜ਼ਿਆਦਾ ਧਿਆਨ ਸਾਹਿਤਕ ਕਿਰਤਾਂ ਦੇ ਵਸਤੂ ਉੱਪਰ ਹੀ ਕੇਂਦਰਿਤ ਕੀਤਾ। ਵਿਧਾ, ਵਿਧੀ ਤੇ ਸ਼ੈਲੀ ਵੱਲ ਉਹਨਾਂ ਦਾ ਧਿਆਨ ਨਾਂਮਾਤਰ ਹੀ ਗਿਆ।

ਇਸ ਦਿਸ਼ਾ ਵੱਲ ਧਿਆਨ ਮੋੜਨ ਦਾ ਇਤਿਹਾਸਕ ਕਰਤੱਵ ਹੰਗਰੀ ਦੇ ਵਿਦਵਾਨ ਗਿਉਰਗੀ ਲੁਕਾਚ ਨੇ ਨਿਭਾਇਆ ਜਿਸਨੇ ਮਹਾਂਕਾਵਿ, ਤ੍ਰਾਸਦੀ ਨਾਟ, ਅਤੇ ਵਿਸ਼ੇਸ਼ ਕਰਕੇ ਨਾਵਲ, ਇਸਦੀਆ ਕਾਵਿਕ, ਨਾਟਕੀ, ਇਤਿਹਾਸਿਕ, ਨਵੀਨ ਅਤੇ ਨਵੀਨਤਮ ਵਿਧਾਵਾਂ ਨੂੰ ਨਿਖੇੜਕੇ ਰੱਖ ਦਿੱਤਾ। ਪਰ ਆਪਣੀ ਚਿੰਤਨਧਾਰਾ ਵਿਚ ਕਿਰਿਆਸ਼ੀਲ ਵਿਚਾਰਧਾਰਕ ਸੰਕਲਪਾਂ ਨੂੰ ਵਿਧਾ, ਵਿਧੀ ਅਤੇ ਸ਼ੈਲੀ ਦੇ ਧੁਰ ਅੰਦਰ ਲੱਥ ਜਾਣ ਵਾਲੀਆਂ ਜੁਗਤਾਂ ਵਿਚ ਢਾਲਣ ਤੋਂ ਉਹ ਅਸਮਰਥ ਰਿਹਾ। ਇਹ ਪ੍ਰਾਕਰਮ ਸੀ ਜਿਹੜਾ ਸਾਹਿਤ ਦੇ ਖੇਤਰ ਵਿਚ ਵਾਲਟਰ ਬੈਂਜਾਮਿਨ, ਚਿੱਤਰਕਾਰੀ ਦੇ

ਖੇਤਰ ਵਿਚ ਮੈਕਸ ਰਾਫੇਲ ਅਤੇ ਸੰਗੀਤ ਦੇ ਖੇਤਰ ਵਿਚ ਅਡੋਰਨੋ ਦੇ ਹਿੱਸੇ ਆਇਆ।

ਸਮਾਜਵਾਦੀ ਨਿਜ਼ਾਮ ਬਣਦੇ ਬਿਨਸਦੇ ਰਹਿਣ, ਦੁਬਾਰਾ ਵਿਗਸਣ ਦਾ ਭਾਵੇਂ ਉਹਨਾਂ ਨੂੰ ਅਵਸਰ ਨਾ ਮਿਲੇ ਪ੍ਰੰਤੂ ਸਾਹਿਤ, ਚਿੱਤਰਕਾਰੀ ਅਤੇ ਸੰਗੀਤ ਦੇ ਅਧਿਐਨ ਦੀ ਇਹ ਜੋ ਸਮੀਖਿਆ ਪ੍ਰਣਾਲੀ ਵਿਕਸਤ ਹੋ ਗਈ ਹੈ ਲੋਪ ਹੋਣ ਵਾਲੀ ਨਹੀਂ। ਮਨੋਵਿਗਿਆਨ, ਭਾਸ਼ਾ-ਵਿਗਿਆਨ, ਸਭਿਆਚਾਰ ਆਦਿ ਦੇ ਅਧਿਐਨ-ਖੇਤਰਾਂ ਦੀਆਂ ਗੈਰ-ਮਾਰਕਸਵਾਦੀ ਪ੍ਰਣਾਲੀਆਂ ਇਸ ਤੋਂ ਅਵੇਸਲਾ ਰਹਿਣ ਨੂੰ ਯੋਗ ਨਹੀਂ ਸਮਝਦੀਆਂ। ਇਹ ਖੁਦ ਵੀ ਕਿਸੇ ਪ੍ਰਕਾਰ ਦੇ ਅਵੇਸਲੇਪਣ ਨੂੰ ਤਰਜੀਹ ਨਹੀਂ ਦਿੰਦੀ। ਇਕ ਪ੍ਰਕਾਰ ਦੀ ਸੰਵਾਦੀ ਅੰਤਰ-ਕਿਰਿਆ ਹੈ ਜਿਸਦੇ ਵਿਗਸਣ ਦੀ ਆਸ ਪ੍ਰਤੱਖ ਹੋ ਗਈ ਹੈ। ਸ਼ਾਇਦ ਇਸੇ ਕਾਰਨ ਗ੍ਰਾਮਸ਼ੀ, ਬੈਂਜਾਮਿਨ ਅਤੇ ਮੈਕਸ ਰਾਫੇਲ ਦਾ ਉੱਤਰ-ਆਧੁਨਿਕਤਾ ਤੋਂ ਪਾਰ ਜਾ ਕੇ ਜਾਇਜ਼ਾ ਲੈਣ ਦੀ ਪਿਰਤ ਪੈਂਦੀ ਜਾ ਰਹੀ ਹੈ। ਪੰਜਾਬੀ ਵਿਚ ਸੰਤ ਸਿੰਘ ਸੇਖੋਂ ਦੇ ਪ੍ਰਯਾਸ ਨਾਲ ਆਰੰਭ ਹੋਈ ਸਮੀਖਿਆ ਪ੍ਰਣਾਲੀ ਲਈ ਇਸੇ ਪ੍ਰਕਾਰ ਦੇ ਭਵਿੱਖ ਦੀ ਆਸ ਬੱਝਦੀ ਹੈ। ਇਸ ਦੇ ਵਿਗਸਣ ਨਾਲ ਸਿਰਜਣਾ ਅਤੇ ਸੰਚਾਰ ਦੇ ਖੇਤਰ ਵਿਚ ਵਿਸ਼ਵਾਸਯੋਗ ਦ੍ਰਿਸ਼ਟੀ ਪ੍ਰਸਤੁਤ ਹੋਈ ਹੈ, ਜਿਸਨੂੰ ਨਿਰਵੇਚਣ ਦਾ ਨਾਂ ਦਿਤਾ ਗਿਆ ਹੈ। ਭਾਵੇਂ ਇਸ ਦੀਆਂ ਪਰਤਾਂ ਫਰੋਲਣ ਤੋਂ ਤਾਂ ਸੇਖੋਂ ਸਾਹਿਬ ਨੂੰ ਸੰਕੋਚ ਹੀ ਰਿਹਾ, ਇਸਦੇ ਪਾਸਾਰ ਵੀ ਪੂਰੀ ਤਰ੍ਹਾਂ ਤਸੱਵਰ ਵਿਚ ਨਾ ਆਏ, ਵਿਧਾ, ਵਿਧੀ ਤੇ ਸ਼ੈਲੀ ਦੇ ਖੇਤਰ ਵਿਚ ਇਸਦੇ ਸਕਰਮਕ ਹੋਣ ਨਾਲ ਕੀ ਕੁਝ ਵਾਪਰ ਸਕਦਾ ਹੈ, ਇਹ ਵੀ ਲੋਪ ਰਿਹਾ ਪ੍ਰੰਤੂ ਗੁਰੂ ਨਾਨਕ ਦੇਵ ਦੇ ਥਾਪਣ-ਉਥਾਪਨ ਦੀ ਪ੍ਰਤੀਧੁਨੀ ਨੂੰ ਸਾਹਿਤ ਦੀ ਸਿਰਜਣਾ ਅਤੇ ਸੰਚਾਰ ਦੇ ਖੇਤਰਾਂ ਵਿਚ ਸਥਿਤ ਕਰਦਾ ਇਹ ਸੰਕਲਪ ਨਜ਼ਰਅੰਦਾਜ਼ ਨਹੀਂ ਹੋ ਸਕਦਾ। ਇਸਦੇ ਵਿਗਸਣ ਦੀ ਸੰਭਾਵਨਾ ਵਧੇਰੇ ਹੈ। ਦਰਅਸਲ, ਮਾਰਕਸਵਾਦ ਅੰਤਰ-ਸੰਵਾਦ ਦੀ ਕ੍ਰਿਆ ਰਾਹੀਂ ਲਗਾਤਾਰ ਪ੍ਰਫੁੱਲਤ ਹੋ ਰਿਹਾ ਹੈ। ਕੇਵਲ ਇਸਦੀ ਗਤੀਸ਼ੀਲਤਾ ਨੂੰ ਹੀ ਇਸਦੀ ਸੰਪੂਰਣਤਾ ਨਹੀਂ ਸਮਝ ਲੈਣਾ ਚਾਹੀਦਾ।

? ਸਾਹਿਤ-ਸਮੀਖਿਆ ਦੀ ਇਹ ਮਾਰਕਸਵਾਦੀ ਪ੍ਰਣਾਲੀ ਆਪਣੇ ਗ਼ੈਰ-ਮਾਰਕਸਵਾਦੀ ਪ੍ਰਤੀਦਵੰਦੀਆਂ ਦੀਆਂ ਧਾਰਨਾਵਾਂ ਨੂੰ ਕਿੱਥੋਂ ਤੀਕ ਨਜਿੱਠ ਸਕੀ ਹੈ?

– ਆਪਣੇ ਗ਼ੈਰ-ਮਾਰਕਸਵਾਦੀ ਪ੍ਰਤੀਦਵੰਦੀਆਂ ਨੂੰ ਨਜਿੱਠਣ ਦੀ ਪ੍ਰਕਿਰਿਆ ਕਾਰਲ ਮਾਰਕਸ ਤੋਂ ਹੀ ਆਰੰਭ ਹੋ ਗਈ ਸੀ। ਸਾਹਿਤ ਦੀ ਸਿਰਜਣਾ ਅਤੇ ਸੰਚਾਰ ਬਾਰੇ ਜੋ ਉਸਦੇ ਖਿੰਡੇ-ਪੁੰਡੇ ਵਿਚਾਰ ਮਿਲਦੇ ਹਨ, ਉਹਨਾਂ ਵਿਚ ਇਕ ਵਾਸਤਾ ਇਸ ਘੁੰਡੀ ਨਾਲ ਹੈ ਕਿ ਪੁਰਾਤਨ ਯੂਨਾਨੀ ਸਾਹਿਤ, ਖ਼ਾਸ ਕਰਕੇ ਤ੍ਰਾਸਦੀ ਨਾਟ, ਕਿਉਂ ਢਾਈ ਹਜ਼ਾਰ ਸਾਲ ਬੀਤ ਜਾਣ

ਮਗਰੋਂ ਵੀ ਸਾਡੇ ਮਨਾਂ ਨੂੰ ਧੂਹ ਪਾਉਂਦਾ ਹੈ। ਸਨਾਤਨਵਾਦ ਅਤੇ ਰੁਮਾਂਸਵਾਦ ਦਾ ਇਸ ਬਾਰੇ ਆਪੋ ਆਪਣਾ ਦ੍ਰਿਸ਼ਟੀਕੋਣ ਸੀ। ਦੋਨੋਂ ਦ੍ਰਿਸ਼ਟੀਕੋਣ ਇਸਦੇ ਰੂਪ ਅਤੇ ਵਸਤੂ ਉੱਪਰ ਕੇਂਦਰਿਤ ਸਨ ਅਤੇ ਇਤਿਹਾਸ ਦੇ ਮਹੱਤਵ ਤੋਂ ਮੁਨਕਰ ਸਨ ਜਿਸਨੇ ਜੀਵਨ ਵਿਚ ਲੋਹੜੇ ਦੀ ਤਬਦੀਲੀ ਲੈ ਆਂਦੀ ਹੈ। ਮਾਰਕਸ ਇਸ ਤਬਦੀਲੀ ਨੂੰ ਅੱਖੋਂ ਪਰੋਖੇ ਨਹੀਂ ਸੀ ਕਰ ਸਕਦਾ। ਹਜ਼ਾਰਾਂ ਸਾਲ ਬੀਤ ਜਾਣ ਤੋਂ ਮਗਰੋਂ ਵੀ ਯੂਨਾਨੀ ਸਾਹਿਤ ਮਨੁੱਖੀ ਮਨ ਨੂੰ ਕਿਉਂ ਟੁੰਬਦਾ ਹੈ? ਇਸ ਸਵਾਲ ਦਾ ਜੋ ਜਵਾਬ ਮਾਰਕਸ ਨੇ ਦਿੱਤਾ ਉਹ ਆਚੰਭਿਤ ਕਰਨ ਵਾਲਾ ਤਾਂ ਸੀ ਪਰ ਪ੍ਰਮਾਣੀਕ ਨਹੀਂ ਸੀ। ਮਾਰਕਸ ਨੇ ਜੋ ਧਾਰਨਾ ਪ੍ਰਸਤੁਤ ਕੀਤੀ ਉਸ ਅਨੁਸਾਰ ਪੁਰਾਤਨ ਯੂਨਾਨੀ ਜੀਵਨ ਮਨੁੱਖੀ ਸਭਿਅਤਾ ਦਾ ਬਚਪਨ ਸੀ, ਸਿਹਤਮੰਦ ਬਚਪਨ, ਜਿਸਦੀ ਯਾਦ ਹੁਣ ਤੱਕ ਤਾਜ਼ਗੀ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਭਵਿੱਖ ਵਿਚ ਵੀ ਕਰਵਾਉਂਦੀ ਰਹੇਗੀ।

ਇਸ ਘੁੰਡੀ ਦਾ ਜੋ ਹੱਲ ਰਾਫੇਲ ਨੇ ਸੁਝਾਇਆ ਉਹ ਇਕਦਮ ਸਨਾਤਨੀ, ਰੁਮਾਂਚਕ, ਮਾਰਕਸ ਦੀ ਆਪਣੀ ਅਤੇ ਬਾਅਦ ਵਿਚ ਮਨੋਵਿਗਿਆਨ ਧਾਰਨਾਵਾਂ ਨਾਲੋਂ ਪਾਰ ਜਾਂਦਾ ਹੈ। ਨਤੀਜੇ ਵਜੋਂ ਇਹ ਵਧੇਰੇ ਪ੍ਰਮਾਣੀਕ ਵੀ ਹੈ ਕਿਉਂਕਿ ਇਤਿਹਾਸ ਤੋਂ ਮੁਨਕਰ ਹੋਣ ਦੀ ਥਾਂ ਉਹ ਇਸਦੀ ਗਤੀ ਨੂੰ ਮਾਨਵੀ ਅਕਾਂਖਿਆ ਨਾਲ ਜੋੜ ਕੇ ਦੇਖਦਾ ਹੈ। ਉਸ ਅਨੁਸਾਰ ਇਹਨਾਂ ਕਿਰਤਾਂ ਵਿਚ ਜੋ ਮਾਨਵ ਜੀਵਨ ਪੇਸ਼ ਹੈ, ਉਹ ਇਸਨੂੰ ਦੈਵੀ ਸ਼ਕਤੀਆਂ ਦੇ ਰਹਿਮ 'ਤੇ ਛੱਡਣ ਲਈ ਤਿਆਰ ਨਹੀਂ। ਆਪਣੇ ਸਬੰਧਾਂ, ਯਤਨਾਂ ਤੇ ਘਾਲਣਾਵਾਂ ਨੂੰ ਇਸਦਾ ਆਧਾਰ ਬਣਾਉਣਾ ਲੋੜਦਾ ਹੈ। ਕੁੱਲ ਦੁੱਖ ਜੋ ਪੱਲੇ ਪੈਂਦੇ ਹਨ, ਉਹਨਾਂ ਨੂੰ ਭਾਵੀ ਮੰਨ ਕੇ ਗੋਡੇ ਨਹੀਂ ਟੇਕ ਦਿੰਦਾ। ਜਿੱਥੇ ਆਪਣੇ ਗੁਣਾਂ ਨੂੰ ਸਕਰਮਕ ਰੱਖਣ ਦਾ ਤਾਂਘਵਾਨ ਹੈ ਉਥੇ ਆਪਣੇ ਦੋਸ਼ਾਂ ਵਲ ਵੀ ਪਿੱਠ ਨਹੀਂ ਮੋੜਦਾ। ਕਿਸੇ ਅਧਿਆਤਮਿਕ ਦ੍ਰਿਸ਼ਟੀ ਵਿਚ ਸੁਰੱਖਿਆ ਦਾ ਮੁੰਤਜ਼ਰ ਨਹੀਂ ਬਣਦਾ। ਘੋਰ ਦੁੱਖ ਵਿਚ ਵੀ ਮਾਨਵਤਾ ਦਾ ਪੱਲਾ ਨਹੀਂ ਛੱਡਦਾ। ਸੁੱਖ ਨੂੰ ਅੰਤਿਮ ਸੱਚ ਜਾਣ ਕੇ ਪ੍ਰਵਾਨ ਨਹੀਂ ਕਰਦਾ। ਨਤੀਜੇ ਵਜੋਂ ਇਹਨਾਂ ਕਿਰਤਾਂ ਦੀ ਸਿਰਜਣਾ ਅਤੇ ਸੰਚਾਰ ਧੂਹ ਪਾਉਣ ਦਾ ਕਾਰਨ ਬਣੇ ਰਹਿੰਦੇ ਹਨ।

ਇਸੇ ਤਰ੍ਹਾਂ ਇਸ ਸਮੀਖਿਆ-ਪ੍ਰਣਾਲੀ ਨੇ ਕੱਚ ਦੀਆਂ ਧਾਰਨੀ ਪ੍ਰੰਤੂ ਸਰਵ-ਪ੍ਰਵਾਨਿਤ ਮੰਨੀਆਂ ਜਾਂਦੀਆਂ ਧਾਰਨਾਵਾਂ ਨੂੰ ਵੀ ਬੇਨਕਾਬ ਕੀਤਾ। ਇਸ ਪ੍ਰਸੰਗ ਵਿਚ ਪੁਰਾਤਨ ਯੂਨਾਨ ਦੇ ਇਡੀਪਸ ਨਾਮੀਂ ਮਿਥਿਹਾਸਕ ਨਾਇਕ ਦੇ ਨਾਂ ਨਾਲ ਜੋੜ ਕੇ ਫਰਾਇਡ ਵਲੋਂ ਪ੍ਰਚਲਤ ਮਨੋਗ੍ਰੰਥੀ ਨੂੰ ਵਿਚਾਰਿਆ ਜਾ ਸਕਦਾ ਹੈ। ਫਰਾਂਸ ਦੇ ਵਰਨਾਂਤ ਨਾਮੀ ਸਮੀਖਿਅਕ ਦੀ ਅੰਤਰ-ਦ੍ਰਿਸ਼ਟੀ ਨੂੰ ਉਦਾਹਰਣ ਵਜੋਂ ਲਿਆ ਜਾ ਸਕਦਾ ਹੈ। ਉਸਦਾ ਦਾਅਵਾ ਹੈ ਕਿ ਜਿਸ ਮਿਥਿਹਾਸਕ ਨਾਇਕ ਦੇ ਨਾਂ ਨਾਲ ਜੋੜ ਕੇ

ਫਰਾਇਡ ਨੇ ਇਹ ਮਨੋਗ੍ਰੰਥੀ ਪ੍ਰਚਲਤ ਕੀਤੀ ਕਿ ਗਰਭ ਜੂਨ ਤੋਂ ਹੀ ਪੁੱਤ ਦੀ ਮਾਂ ਪ੍ਰਤੀ ਕਾਮੁਕ ਖਿੱਚ ਬਣੀ ਰਹਿੰਦੀ ਹੈ, ਉਹ ਨਾ ਤਾਂ ਉਸ ਨਾਇਕ ਦੇ ਜੀਵਨ-ਸੰਘਰਸ਼ ਨਾਲ ਅਤੇ ਨਾ ਉਸ ਵੇਲੇ ਦੇ ਆਦਿਕਾਲੀ ਵਰਤਾਰੇ ਨਾਲ ਨਿਆਂ ਕਰਦੀ ਹੈ।

ਵਰਨਾਂਤ ਅਨੁਸਾਰ 20ਵੀਂ ਸਦੀ ਵਿਚ ਫਰਾਇਡ ਵਲੋਂ ਪ੍ਰਚਲਤ ਕੀਤੀ ਮਨੋਗ੍ਰੰਥੀ ਦਾ ਭੇਦ ਕਿਤੇ ਹੋਰ ਛੁਪਿਆ ਹੋਇਆ ਸੀ ਕਿਉਂਕਿ ਇਡੀਪਸ ਆਪਣੀ ਮਾਂ ਨਾਲ ਸੰਭੋਗ ਵਿਚ ਕਿਸੇ ਕਾਮੁਕ ਖਿੱਚ ਕਾਰਨ ਨਹੀਂ ਸਗੋਂ ਅਣਜਾਣੇ ਵਿਚ ਪੈਂਦਾ ਹੈ। ਉਹ ਤਾਂ ਸਗੋਂ ਇਸ ਡਰੋਂ ਘਰ-ਬਾਰ ਵੀ ਛੱਡ ਦਿੰਦਾ ਹੈ ਕਿ ਕਿਤੇ ਇਹ ਅਣਹੋਣੀ ਵਾਪਰ ਨਾ ਜਾਵੇ। ਵਰਨਾਂਤ ਅਨੁਸਾਰ ਫਰਾਇਡ ਦੀ ਮਨੋਗ੍ਰੰਥੀ ਦੀ ਪ੍ਰਵਾਨਗੀ ਦਾ ਅਸਲ ਕਾਰਨ ਸੀ ਪੂੰਜੀਵਾਦ, ਇਸਦੇ ਘ੍ਰਿਣਤ ਰੂਪ ਨਾਜ਼ੀਵਾਦ, ਫਾਸ਼ੀਵਾਦ ਆਦਿ ਕਾਰਨ ਯੂਰਪੀ ਜੀਵਨ ਦਾ ਇਉਂ ਘਿਰੇ ਮਹਿਸੂਸ ਕਰਨਾ ਕਿ ਮਾਨਵੀ ਨਿਰਣੇ ਅਤੇ ਆਤਮ-ਨਿਰਣੇ ਵਲ ਕੋਈ ਦੁਆਰ ਖੁੱਲ੍ਹਦਾ ਨਜ਼ਰ ਨਾ ਆਵੇ। ਮਾਂ ਦੇ ਗਰਭ ਵਿਚ ਬੱਚੇ ਦੇ ਭਾਗੀਂ ਜੋ ਸੁੱਖ ਮਹਿਸੂਸ ਹੁੰਦਾ ਹੈ ਉਸੇ ਨੂੰ ਅੰਤਿਮ ਸੱਚ ਮੰਨ ਕੇ, ਵਿਰਾਟ ਸੰਸਾਰ ਨੂੰ ਇਸੇ ਦੀ ਰੌਸ਼ਨੀ ਵਿਚ ਤਸੱਵਰ ਕਰਨਾ ਜੋ ਸਦੀਆਂ ਤੋਂ ਦੁੱਖ ਭੋਗ ਰਹੀ ਯਹੂਦੀ ਜਾਤੀ ਲਈ ਤਾਂ ਇਕੋ ਇਕ ਦੁਆਰ ਪ੍ਰਤੀਤ ਹੁੰਦਾ ਸੀ। ਯੂਰਪ ਤੋਂ ਪਾਰ ਇਸ ਮਨੋਗ੍ਰੰਥੀ ਦੀ ਸਰਬਜਨਕ ਪ੍ਰਵਾਨਗੀ ਦਾ ਕੋਈ ਸੰਕੇਤ ਨਾ ਹੋਣਾ, ਵਰਨਾਂਤ ਦੀ ਉਪਰੋਕਤ ਧਾਰਨਾ ਨੂੰ ਪ੍ਰਮਾਣਕ ਸਿੱਧ ਕਰਦਾ ਪ੍ਰਤੀਤ ਹੁੰਦਾ ਹੈ।

ਇਸ ਤਰ੍ਹਾਂ ਆਰੰਭ ਤੋਂ ਮਾਰਕਸਵਾਦ ਆਪਣੇ ਪ੍ਰਤੀਦਵੰਦੀਆਂ ਦੀਆਂ ਧਾਰਨਾਵਾਂ ਨਾਲ ਨਜਿੱਠਦਾ ਆਇਆ ਹੈ। ਇਹ ਰੁਝਾਨ ਹੁਣ ਤੱਕ ਵੀ ਜਾਰੀ ਹੈ।

? ਕੀ ਚਿੰਤਨ ਨੂੰ ਦੂਰ ਤੱਕ ਲੈ ਜਾਣ ਵਾਲੀਆਂ, ਚੇਤਨਾ ਨੂੰ ਪ੍ਰਚੰਡ ਕਰਨ ਦੇ ਸਮਰੱਥ ਅੰਤਰ-ਦ੍ਰਿਸ਼ਟੀਆਂ ਪੰਜਾਬੀ ਸਾਹਿਤ-ਸਮੀਖਿਆ ਵਿਚ ਵੀ ਉਪਲਬਧ ਹਨ ਜਾਂ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ?

- ਨਿਰਸੰਦੇਹ, ਇਸ ਤਰ੍ਹਾਂ ਹੋ ਸਕਦਾ ਹੈ। ਇਸ ਪ੍ਰਸੰਗ ਵਿਚ ਮੱਧਕਾਲੀ ਅਤੇ ਨਵੀਨ ਸਾਹਿਤ ਨਾਲ ਸਬੰਧਤ ਦੋ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ।

ਸਭ ਤੋਂ ਪਹਿਲੀ ਉਦਾਹਰਣ ਹੈ ਸ਼ੇਖ ਫਰੀਦ ਦੇ ਸ਼ਲੋਕਾਂ ਵਿਚਲੀ ਗੁਨਾਹ ਦੀ ਭਾਵਨਾ। ਅਰਬੀ-ਈਰਾਨੀ ਮੂਲ ਦਾ ਹੋ ਕੇ, ਜਿਥੋਂ ਦੀਆ ਫੌਜਾਂ ਪੰਜਾਬ ਦੀ ਧਰਤੀ ਨੂੰ ਮਸਲਦੀਆਂ ਅਗਾਂਹ ਲੰਘ ਜਾਂਦੀਆਂ ਸਨ, ਸ਼ੇਖ ਫਰੀਦ ਨੇ ਕਿਉਂ ਹਲੀਮੀ ਨਾਲ ਲਬਰੇਜ਼ ਅਜਿਹੇ ਅਹਿਸਾਸ ਦੀ ਤਰਜਮਾਨੀ ਕੀਤੀ। ਜਦ ਕਿ ਸੱਚੀ ਗੱਲ ਇਹ ਵੀ ਹੈ ਕਿ ਧਾੜਵੀ ਉਸੇ ਦੇ ਮਜ਼ਹਬ ਦੇ ਸਨ ਅਤੇ ਜੋ ਉਹਨਾਂ ਦਾ ਮੁਖੀ ਰਾਜਪਾਟ ਤੱਕ ਪਹੁੰਚਿਆ, ਉਸਦੀ ਬੇਟੀ

ਸ਼ੇਖ ਫਰੀਦ ਦੀ ਸ਼ਾਦੀ ਸ਼ੁਦਾ ਬੀਵੀ ਸੀ। ਤਸੱਵਰ ਵਿਚ ਆਉਂਦਾ ਹੈ ਕਿ ਇਸ ਦਰਵੇਸ਼ ਬੰਦੇ ਨੇ ਅਜਿਹਾ ਉਸ ਲੋਕਾਈ ਨਾਲ ਡੂੰਘੀ ਹਮਦਰਦੀ ਵਜੋਂ ਹੀ ਕੀਤਾ ਹੋਵੇਗਾ ਜਿਸਨੂੰ ਪੰਜਾਬ ਦੀ ਧਰਤੀ ਉੱਤੇ ਧਾੜਵੀਆਂ ਦਾ ਉਪੱਦਰ ਸਹਿਣਾ ਪੈਂਦਾ ਸੀ। ਜੇ ਇਹ ਸੱਚ ਹੈ ਕਿ ਪਰਾਇਆ ਦੁਪਿਆਰਾ ਹੀ ਹੋ ਸਕਦਾ ਹੈ, ਜੋ ਅਜੋਕੇ ਮੋੜ ਉੱਤੇ ਕਦੇ ਪੂਰਬਵਾਦ ਬਨਾਮ ਪੱਛਮਵਾਦ ਅਤੇ ਕਦੇ ਸਭਿਅਤਾਵਾਂ ਦੇ ਟਕਰਾਉ ਵਜੋਂ ਪੇਸ਼ ਹੁੰਦਾ ਰਹਿੰਦਾ ਹੈ ਤਾਂ ਲਿਖਤੀ ਰੂਪ ਵਿਚ ਪੰਜਾਬੀ ਸਾਹਿਤ ਦਾ ਮੁੱਢ ਬੰਨ੍ਹਣ ਵਾਲੀ ਇਸ ਰਚਨਾ ਦਾ ਵਿਸ਼ਵ-ਵਿਆਪੀ ਮੁੱਲ ਬਣਦਾ ਹੈ।

ਦੂਜੀ, ਪੰਜਾਬੀ ਦੇ ਪ੍ਰਥਮ ਨਵੀਨ ਕਾਵਿ, ਭਾਵ ਭਾਈ ਵੀਰ ਸਿੰਘ ਦੀ ਰਚਨਾ ਦੇ ਹਵਾਲੇ ਨਾਲ ਹੋ ਸਕਦੀ ਹੈ, ਜਿਸ ਵਿਚ ਅਗਮ ਅਗੋਚਰ ਨੂੰ ਲੋਹੜੇ ਦੇ ਇੰਦਰਿਆਵੀ, ਬਲਕਿ ਪ੍ਰੇਮ-ਉਤੇਜਿਕ ਅਤੇ ਵਾਸ਼ਨਾ ਲੱਦੇ ਬਿੰਬਾਂ ਰਾਹੀਂ ਸਾਕਾਰ ਕਰਨ ਦਾ ਯਤਨ ਹੈ। ਦੇਹ ਨਾਲ ਨਿੱਘਾ ਸਬੰਧ ਰੱਖਣ ਕਰਕੇ ਅਜਿਹੇ ਬਿੰਬ ਕਾਵਿ-ਰਚਨਾ ਨੂੰ ਵਾਸਤਵਿਕਤਾ ਦੇ ਸਮੀਪ ਲੈ ਆਉਂਦੇ ਹਨ। ਪਰ ਨਾਲ ਹੀ ਇਹ ਨਿਜ਼ਾਮ ਨਾਲ ਕਿਸੇ ਟੱਕਰ-ਟਕਰਾਓ ਤੋਂ ਦੂਰ ਵੀ ਲੈ ਜਾਂਦੇ ਹਨ। ਇਸ ਤਰ੍ਹਾਂ ਦੀ ਦੇਹਵਾਦੀ ਵਾਸਤਵਿਕਤਾ, ਜੋ ਸੱਤਾ, ਸਾਸ਼ਨ, ਸੋਸ਼ਨ ਅਤੇ ਸਜ਼ਾ ਤੋਂ ਲਾਂਭੇ ਹੋ ਕੇ ਵਿਚਰੇ, ਨਵੀਨਤਾ ਦੇ ਪ੍ਰਸੰਗ ਵਿਚ ਇਸ ਤੱਥ ਦੀ ਅਲਾਮਤ ਹੈ ਕਿ ਸੁੱਖਾਂ ਨਾਲ ਓਤਪੋਤ ਜੀਵਨ ਹੀ ਨਵੀਨਤਾ ਨਾਲ ਪ੍ਰਣਾਇਆ ਹੁੰਦਾ ਹੈ। ਦੁੱਖਾਂ ਨਾਲ ਲੱਦੇ ਜੀਵਨ ਨੂੰ ਇਸ ਪ੍ਰਕਾਰ ਪ੍ਰਣਾਏ ਜਾਣ ਦਾ ਅਵਸਰ ਨਹੀਂ ਮਿਲਦਾ। ਕੀ ਇਹ ਨਾਨਕ-ਬਾਣੀ ਦੀ ਸਲਾਹੁਣਾ ਹੈ ਜਾਂ ਅਵਹੇਲਣਾ? ਪਰ ਪੰਜਾਬੀ ਵਿਚ ਮਾਰਕਸਵਾਦੀ ਸਾਹਿਤ-ਸਮੀਖਿਆ ਦਾ ਬਾਨੀ ਅਤੇ ਹੋ ਗੁਜ਼ਰਿਆ ਪ੍ਰਮੁੱਖ ਸੰਚਾਲਕ ਇਸ ਤੋਂ ਹਟ ਕੇ ਸੋਚਦਾ ਸੀ। ਸੋ ਪੰਜਾਬੀ ਚਿੰਤਨਧਾਰਾ ਦੇ ਸਿਖ਼ਰ, ਭਾਵ ਗੁਰੂ ਨਾਨਕ ਦੇਵ, ਨਾਲ ਪ੍ਰਤੀਬੱਧਤਾ ਕਿਸ ਦੀ ਹੋਈ?

? ਦੂਜੇ ਵਿਸ਼ਵ ਯੁੱਧ ਉਪਰੰਤ ਵਿਚਾਰਧਾਰਾਵਾਂ ਦਾ ਇਕ ਵਿਸ਼ਵ-ਵਿਆਪੀ ਵਿਸਫੋਟ ਸਾਹਮਣੇ ਆਇਆ। ਇਸਨੂੰ ਸਾਹਿਤ ਚਿੰਤਨ ਦੇ ਖੇਤਰ ਵਿਚ ਬਹੁਲਤਾਵਾਦ ਕਹਿ ਕੇ ਵਡਿਆਇਆ ਗਿਆ। ਅਰਥਾਤ ਉਚਿਤ ਠਹਿਰਾਇਆ ਗਿਆ। ਤੁਹਾਡੇ ਖ਼ਿਆਲ ਅਨੁਸਾਰ ਇਹ ਵਰਤਾਰਾ ਸੱਚਮੁੱਚ ਬਹੁਲਤਾਵਾਦ ਹੈ ਜਾਂ ਫਿਰ ਭੰਬਲਭੂਸਾ?

- ਨਿਰਸੰਦੇਹ, ਚਿੰਤਨ ਅਤੇ ਚੇਤਨਾ ਦਾ ਦੂਜੇ ਵਿਸ਼ਵ ਯੁੱਧ ਉਪਰੰਤ ਜੋ ਵਿਸਫੋਟ ਹੋਇਆ ਉਹ ਵਚਿੱਤਰ ਵਿਚਾਰਧਾਰਾਵਾਂ ਦਾ ਪ੍ਰਮਾਣ ਦਿੰਦਾ ਸੀ। ਇਹਨਾਂ ਵਿਚੋਂ ਇਕ ਸੀ ਹੋਂਦਵਾਦ, ਜਿਸਨੂੰ ਇਸ ਵਿਸਫੋਟ ਦਾ ਸਭ ਤੋਂ ਵਧੇਰੇ ਪ੍ਰਮਾਣਕ ਪ੍ਰਗਟਾ ਮੰਨ ਸਕਦੇ ਹਾਂ, ਉਹ ਵੀ ਯਾਂ ਪਾਲ ਸਾਰਤਰ ਦੇ ਹੋਂਦਵਾਦ ਨੂੰ, ਜਿਸਨੂੰ ਉਸਨੇ ਖ਼ੁਦ ਵੀ ਮਾਰਕਸਵਾਦ ਦੇ ਸਾਗਰ ਵਿਚ

ਇਕ ਟਾਪੂ ਸਮਾਨ ਮੰਨਿਆ ਸੀ। ਹਰ ਨਵ-ਵਿਕਸਿਤ ਵਿਚਾਰਧਾਰਾ ਦਾ ਆਪਣਾ ਕੋਈ ਨਾ ਕੋਈ ਤਰਕ ਵੀ ਜ਼ਰੂਰ ਹੈ।

ਪਰ ਜੋ ਸੱਚ ਅਪ੍ਰਤੱਖ ਰਹਿ ਜਾਂਦਾ ਹੈ ਉਹ ਹੈ ਕਿ ਹਨ ਤਾਂ ਇਹ ਵਿਚਾਰਧਾਰਾਵਾਂ ਹੀ ਜਿਨ੍ਹਾਂ ਦਾ ਕਰਤੱਵ ਬਹੁ-ਦਿਸ਼ਾਵੀ ਅਤੇ ਬਹੁ-ਪਰਤੀ ਚਿੰਤਨ ਨੂੰ ਸੰਗਠਿਤ ਕਰਨਾ ਹੁੰਦਾ ਹੈ। ਇਸ ਯਤਨ ਸਦਕਾ ਵਿਚਾਰਧਾਰਾਵਾਂ ਨਿਖੇੜਨ ਅਤੇ ਸੀਮਾਬੱਧ ਕਰਨ ਨੂੰ ਵੀ ਅਰਪਿਤ ਹੋ ਜਾਂਦੀਆਂ ਹਨ। ਜਦੋਂ ਚਿੰਤਨ ਦੇ ਅਸੀਮ ਸਾਗਰ ਵਿਚ ਟਾਪੂਨੁਮਾ ਵਿਚਾਰਧਾਰਾਵਾਂ ਦਾ ਆਪਣਾ ਆਕਰਸ਼ਣ ਆ ਬਣੇ, ਇਹ ਇਸ ਸੱਚ ਨੂੰ ਜਤਲਾ ਰਿਹਾ ਹੁੰਦਾ ਹੈ ਕਿ ਸਾਗਰ ਵਿਚ ਕੋਈ ਤੋਟ ਅਵੱਸ਼ ਹੀ ਆ ਸਮਾਈ ਹੈ। ਇਹ ਠਾਠਾਂ ਮਾਰਦਾ, ਵੰਗਾਰਾਂ ਅਤੇ ਚੁਣੌਤੀਆਂ ਪੇਸ਼ ਕਰਨ ਵਾਲਾ, ਕਹਿਣੀ, ਕਰਨੀ ਅਤੇ ਸੋਚਣੀ ਨੂੰ ਸੀਮਾਬੱਧ ਕਰਨ ਦੀ ਥਾਂ ਇਹਨਾਂ ਦੀਆਂ ਅਸੀਮ ਸੰਭਾਵਨਾਵਾਂ ਉਜਾਗਰ ਕਰਨ ਵਾਲਾ ਨਹੀਂ ਰਿਹਾ। ਪੇਤਲਾ, ਖਾਰਾ ਅਤੇ ਸੁਹਜ-ਸੁਆਦ, ਚਿੰਤਨ-ਚੇਤਨਾ ਤੋਂ ਵਿਹੂਣਾ ਹੋ ਨਿੱਬੜਿਆ ਹੈ। ਵਾਸਤਵਿਕ ਤੌਰ 'ਤੇ ਸੋਵੀਅਤ ਯੂਨੀਅਨ ਵਿਚ, ਜਿੱਥੇ ਵੀਹਵਿਆਂ ਦੌਰਾਨ ਕਹਿਣੀ, ਕਰਨੀ ਅਤੇ ਸੋਚਣੀ ਲਈ ਮਾਰਕਸਵਾਦ ਇਕਹਿਰੇ ਸਿਧਾਂਤ ਤੋਂ ਗੁੱਟ ਦੀ ਨੀਤੀ ਅਤੇ ਇਸਤੋਂ ਅੱਗੇ ਤਾਨਾਸ਼ਾਹ ਦੀ ਮਨਮਰਜ਼ੀ ਤੱਕ ਸੰਗੜ ਕੇ ਰਹਿ ਗਿਆ ਸੀ, ਸਾਗਰ ਦੇ ਪੇਤਲਾ, ਖਾਰਾ ਤੇ ਰਸ ਵਿਹੂਣਾ ਬਣ ਕੇ ਰਹਿ ਜਾਣ ਦੀ ਗਵਾਹੀ ਭਰਦਾ ਸੀ। ਸਾਹਿਤ ਸਿਰਜਣਾ ਦੇ ਖੇਤਰ ਵਿਚ ਇਸਦੇ ਪੱਥ ਪ੍ਰਦਰਸ਼ਕ ਹੋਣ ਦਾ ਦਾਅਵਾ ਭਰਮ ਭੁਲੇਖੇ ਵਿਚ ਬਦਲ ਗਿਆ ਸੀ ਜਿਸਦੀ ਮਿਖੇਲ ਬਾਖਤਿਨ ਨੇ ਖੁਨਾਮੀ ਅਤੇ ਜਲਾਵਤਨੀ ਵਿਚ ਜੀਵਨ ਬਤੀਤ ਕਰਦਿਆਂ ਭਰਪੂਰ ਵਾਸਤਵਿਕਤਾ ਦਰਸਾਈ ਸੀ।

ਪੱਛਮ ਦੇ ਪੂੰਜੀਵਾਦੀ ਦੇਸ਼ਾਂ ਵਿਚ ਜਿੱਥੇ ਨਾਜ਼ੀਵਾਦ ਅਤੇ ਫਾਸ਼ੀਵਾਦ ਦੇ ਜਬਰ ਜ਼ੁਲਮ ਕਾਰਨ ਨਵੀਨਤਾ ਦਾ ਪ੍ਰਯਾਸ ਢਹਿ ਢੇਰੀ ਹੋ ਕੇ ਰਹਿ ਗਿਆ ਸੀ ਅਤੇ ਮਾਰਕਸਵਾਦ ਕ੍ਰਾਂਤੀ ਅਤੇ ਸੁਰਜੀਤੀ ਦਾ ਮੁੱਖ ਸ੍ਰੋਤ ਸਮਝਿਆ ਜਾਣ ਲੱਗਾ ਸੀ ਉਥੇ ਵੀ ਇਸਦੇ ਪੇਤਲਾ, ਖਾਰਾ ਅਤੇ ਰਸਹੀਣ ਸਾਗਰ ਸਿੱਧ ਹੋ ਜਾਣ ਕਾਰਨ ਵਿਵਿਧ ਵਿਚਾਰਧਾਰਾਵਾਂ ਨੇ ਪਲਮਣਾ ਆਰੰਭ ਕਰ ਦਿੱਤਾ। ਇਹਨਾਂ ਵਿਚ ਹੋਂਦਵਾਦ ਅਤੇ ਸੰਰਚਨਾਵਾਦ ਦੇ ਨਾਲ ਦ੍ਰਿਸ਼ਵਾਦ ਦਾ ਪ੍ਰਮੁੱਖ ਸਥਾਨ ਬਣਦਾ ਹੈ।

? ਨਵੀਨ ਅੰਤਰਦ੍ਰਿਸ਼ਟੀਆਂ ਦੀ ਸੰਭਾਵਨਾ ਕਿਵੇਂ ਉਜਾਗਰ ਹੋਈ?

– ਦਰਅਸਲ, ਮਾਰਕਸਵਾਦ ਵਿਚ ਜਿਨ੍ਹਾਂ ਮੁੱਦਿਆਂ ਨੂੰ ਅੰਸ਼ਕ ਰੂਪ ਵਿਚ ਹੀ ਛੂਹਿਆ ਗਿਆ ਸੀ ਪ੍ਰੰਤੂ ਉਹਨਾਂ ਦੇ ਸੰਜੋਗ ਦੀ ਕਾਮਨਾ ਕੀਤੀ ਗਈ ਸੀ, ਉਹਨਾਂ ਨੂੰ ਇਹਨਾਂ ਵਿਚਾਰਧਾਰਾਵਾਂ ਵਿਚ ਗ਼ਹਿਰਾਈ ਵਿਚ ਜਾ ਕੇ ਪੇਸ਼ ਕੀਤਾ ਗਿਆ। ਉਹਨਾਂ ਦੇ ਸੰਜੋਗ ਦੀ ਕਾਮਨਾ ਕਰਨ ਦੀ ਥਾਂ ਉਹਨਾਂ ਦੀਆਂ ਲੀਹਾਂ ਉੱਤੇ ਮੁਕੰਮਲ ਵਿਚਾਰਧਾਰਵਾਂ ਉਸਾਰਨ ਦੀ ਕੋਸ਼ਿਸ਼ ਕੀਤੀ ਗਈ। ਫਲਸਰੂਪ, ਮਾਨਵ, ਮਾਨਵ-ਜੀਵਨ ਉਦਾਲੇ ਦੇ ਸਭਿਆਚਾਰ ਅਤੇ ਪ੍ਰਕ੍ਰਿਤਕ ਸੰਦਰਭ ਬਾਰੇ ਕਈ ਮੂਲੋਂ ਹੀ ਨਵੀਨ ਅੰਤਰਦ੍ਰਿਸ਼ਟੀਆਂ ਪ੍ਰਾਪਤ ਹੋਈਆਂ। ਬਾਵਜੂਦ ਇਸਦੇ ਉਹਨਾਂ ਦਾ ਨਿਖੇੜ ਉਸ ਪੜਾਅ ਤੱਕ ਪਹੁੰਚਾ ਦਿਤਾ ਗਿਆ ਕਿ ਇਸ ਨਾਲ ਸਨਾਤਨੀ ਮਾਰਕਸਵਾਦ ਦੀਆਂ ਧਾਰਨਾਵਾਂ ਤਾਂ ਸੰਦਰਭਹੀਣ ਹੋ ਕੇ ਹੀ ਰਹਿ ਗਈਆਂ, ਇਹਨਾਂ ਉੱਤੇ ਇਕਪਾਸੜ ਅਤੇ ਅੰਤਿਮ ਰੂਪ ਵਿਚ ਅਪ੍ਰਮਾਣਿਕ ਹੋਣ ਦਾ ਖ਼ਤਰਾ ਵੀ ਮੰਡਰਾਉਣ ਲੱਗ ਪਿਆ।

? ਇਹਨਾਂ ਨਵੀਨ ਅੰਤਰਦ੍ਰਿਸ਼ਟੀਆ ਦਾ ਆਪਣਾ ਭਵਿੱਖ ਕੀ ਰਿਹਾ?

– ਉੱਤਰ-ਸੰਰਚਨਾਵਾਦ ਦੀਆਂ ਧਾਰਨਾਵਾਂ, ਜਿਨ੍ਹਾਂ ਦੀ ਚਰਮਸੀਮਾ ਦੈਰੀਦਾ ਦੇ ਵਿਰਚਨਾਵਾਦ ਵਿਚ ਪ੍ਰਾਪਤ ਹੈ, ਸਨਾਤਨੀ ਮਾਰਕਸਵਾਦ ਦੀਆਂ ਧਾਰਨਾਵਾਂ ਨੂੰ ਅਪ੍ਰਮਾਣਕ ਸਿੱਧ ਕਰਨ ਵਿਚ ਕਾਮਯਾਬ ਹੋ ਗਈਆਂ। ਵਿਰਚਨਾਵਾਦ ਦੀ ਪ੍ਰਮੁੱਖ ਧਾਰਨਾ ਸਦਕਾ ਕਿ ਸਭ ਕੁਝ ਅਸਥਿਰ ਹੁੰਦਾ ਹੈ, ਚਿੰਤਨ, ਸਾਹਿਤ, ਕਲਾ, ਸਭਿਆਚਾਰ ਅਤੇ ਭਾਸ਼ਾ ਵਿਚ ਅਸਥਿਰਤਾ ਦੇ ਪਾਰਾਵਾਰ ਦੀ ਹਾਜ਼ਰੀ ਲੱਗ ਗਈ। ਸਿੱਟੇ ਵਜੋਂ ਢੇਰ ਕੱਚ ਜੋ ਹਰੇਕ ਪਾਸੇ ਸੱਚ ਨੂੰ ਢਕੇ ਹੋਏ ਸੀ, ਬੇਨਕਾਬ ਹੋ ਗਿਆ। ਬੋਝਲ ਹੋ ਚੁੱਕੇ ਭਰਮਜਾਲ ਦਾ ਨਾਸ਼ ਹੋਇਆ ਪਰ ਜਿਨ੍ਹਾਂ ਜੁਗਤਾਂ, ਅੰਤਰ-ਸਥੱਗਨਾਂ, ਸਮਪੂਰਕਾਂ ਅਤੇ ਪਦ ਚਿੰਨ੍ਹਾਂ ਰਾਹੀਂ ਇਸਨੂੰ ਉਖਾੜਨ ਅਤੇ ਖੰਡਿਤ ਕਰਨ ਦਾ ਕਰਤੱਵ ਨੇਪਰੇ ਚੜ੍ਹਿਆ, ਉਹ ਆਪ ਵੀ ਤਾਂ ਅਸਥਿਰਤਾ ਦੀਆਂ ਭਾਗੀ ਸਨ। ਇਹ ਅਜਿਹਾ ਵਿਰੋਧਾਭਾਸ ਸੀ ਜੋ ਮ੍ਰਿਗਜਲ ਵਾਂਗ ਵਿਰਚਨਾਵਾਦ ਦੇ ਸਨਮੁੱਖ ਰਿਹਾ। ਆਪਣੇ ਚਿੰਤਨ ਦੇ ਅੰਤਿਮ ਪੜਾਅ ਉੱਤੇ ਪਹੁੰਚਕੇ, ਆਸ ਨੂੰ ਮਾਨਵ ਚਿੰਤਨ, ਚੇਤਨਾ ਅਤੇ ਚਿੰਤਾ ਦਾ ਸਥਿਰ ਅੰਗ ਤਸੱਵਰ ਕਰਕੇ, ਦੈਰੀਦਾ ਨੇ ਇਸ ਘੁੰਡੀ ਨੂੰ ਨਜਿੱਠਣ ਦਾ ਵੀ ਯਤਨ ਕੀਤਾ। ਪਰ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਸੰਭਵ ਹੋ ਸਕਿਆ ਹੈ ਜਾਂ ਨਹੀਂ।

? ਤੁਹਾਡੇ ਖ਼ਿਆਲ ਅਨੁਸਾਰ ਬਸਤੀਵਾਦ ਤੋਂ ਆਜ਼ਾਦ ਹੋਏ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਵਿਚਾਰਧਾਰਵਾਂ ਨੇ ਕੀ ਰੁਖ਼ ਬਦਲੇ?

– ਬਸਤੀਵਾਦੀ ਸਾਮਰਾਜ ਤੋਂ ਆਜ਼ਾਦ ਹੋਏ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਉੱਤਰ-ਬਸਤੀਵਾਦ ਦੀ ਵਿਚਾਰਧਾਰਾ ਨੇ ਜ਼ੋਰ ਪਕੜ ਲਿਆ। ਲਗਪਗ ਏਸ਼ੀਆ ਅਤੇ ਅਫਰੀਕਾ ਦੇ ਸਾਰੇ ਦੇਸ਼ਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਖ਼ਾਤਰ ਚੱਲੇ ਅੰਦੋਲਨਾਂ ਦੌਰਾਨ, ਮਾਰਕਸਵਾਦ ਨਾਲ ਉਹਨਾਂ ਦੇ ਵਾਸੀਆਂ ਦੀ ਮਤਿ ਅਤੇ ਉੱਤਮ ਮਤਿ ਦੀ ਵਿਚੋਲਗੀ ਬਣਦੀ ਗਈ ਸੀ। ਪ੍ਰਤੀਤ ਹੋਣ ਲੱਗ ਪਿਆ ਸੀ ਕਿ ਬਸਤੀਵਾਦੀ ਰਾਜ ਕਾਰਨ ਜੋ ਇਹਨਾਂ ਦੇਸ਼ਾਂ ਦੇ ਵਰਤਾਰਿਆਂ ਵਿਚ ਵਿਗਾੜ ਆਏ, ਉਹ ਸਾਰੇ ਕੌਮੀ ਆਜ਼ਾਦੀ ਦੇ ਆਗਮਨ

ਨਾਲ ਠੀਕ ਹੋ ਜਾਣਗੇ। ਕੌਮਾਂਤਰੀਵਾਦ ਦਾ ਅਜਿਹਾ ਪੱਖ ਪੂਰਿਆ ਜਾਵੇਗਾ ਕਿ ਬਸਤੀਵਾਦੀ ਰਾਜ ਕਰਨ ਵਾਲੇ ਦੇਸ਼ਾਂ ਨੂੰ ਵੀ ਆਪਣੇ ਗੁਨਾਹ ਦਾ ਅਹਿਸਾਸ ਹੋ ਜਾਵੇਗਾ ਅਤੇ ਉਹ ਪੱਛੜੇ ਹੋਏ ਦੇਸ਼ਾਂ ਨੂੰ ਵਿਕਾਸ ਅਤੇ ਵਿਗਾਸ ਦੀਆਂ ਮੰਜ਼ਿਲਾਂ ਤੈਅ ਕਰਨ ਵਿਚ ਸਹਾਈ ਹੋ ਜਾਣਗੇ।

ਅਸਲ ਵਿਚ ਹੋਇਆ ਇਸਦੇ ਉਲਟ, ਗੁਨਾਹ ਦਾ ਅਹਿਸਾਸ ਅਨੁਭਵ ਕਰਨ ਦੀ ਥਾਂ ਇਹਨਾਂ ਦੇਸ਼ਾਂ ਨੇ ਬਸਤੀਵਾਦ ਰਾਜ ਕਾਇਮ ਰੱਖਣ ਦੇ ਸਿੱਧੇ ਦੀ ਥਾਂ ਟੇਢੇ ਢੰਗ ਤਰੀਕੇ ਅਪਣਾਉਣੇ ਆਰੰਭ ਕਰ ਦਿੱਤੇ। ਇਹਨਾਂ ਦੇਸ਼ਾਂ ਦੀਆਂ ਧਰਤੀਆਂ 'ਤੇ ਕਬਜ਼ਾ ਜਮਾਉਣ ਖ਼ਾਤਰ, ਉਹਨਾਂ ਸੋਚਿਆ ਕਿ ਉਥੇ ਆਪਣੇ ਨਿਜ਼ਾਮ ਸਥਾਪਤ ਕਰਲ ਦੀ ਲੋੜ ਨਹੀਂ। ਉਹਨਾਂ ਦੇ ਅਰਥਚਾਰੇ ਨੂੰ ਆਪਣੇ 'ਤੇ ਨਿਰਭਰ ਕਰਕੇ, ਇਹ ਮੰਤਵ ਵਧੇਰੇ ਕਾਮਯਾਬੀ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਸੀ। ਨਵ-ਆਜ਼ਾਦ ਹੋਏ ਦੇਸ਼ਾਂ ਦੇ ਜਿਨ੍ਹਾ ਬੌਧਿਕ ਹਲਕਿਆਂ ਨੇ ਇਸ ਟੇਢੀ ਚਾਲ ਦੀ ਪਛਾਣ ਕਰ ਲਈ, ਉਹਨਾਂ ਇਸਨੂੰ ਨਵ-ਬਸਤੀਵਾਦ ਦਾ ਨਾਂ ਦਿੱਤਾ ਅਤੇ ਇਸ ਚਾਲ ਦਾ ਖੰਡਨ ਕੀਤਾ। ਪਰ ਜਿਹੜੇ ਬੌਧਿਕ ਹਲਕੇ ਇਹ ਸਮਝਦੇ ਸਨ ਕਿ ਆਪਣੇ ਬਲਬੂਤੇ ਉੱਤੇ ਕੁਝ ਨਹੀਂ ਕੀਤਾ ਜਾ ਸਕਦਾ, ਬਸਤੀਵਾਦੀ ਰਾਜ ਦੇ ਸਮਾਪਤ ਹੋ ਜਾਣ ਦੇ ਬਾਵਜੂਦ ਉਹਨਾਂ ਦੀ ਸਰਪ੍ਰਸਤੀ ਸੁਹੰਢਣੀ ਸਿੱਧ ਹੋ ਸਕਦੀ ਹੈ, ਦੇਸਵਾਸੀਆਂ ਨੂੰ ਵੀ ਇਸ ਕਾਰਨ ਕੋਈ ਰੁਸਵਾਈ ਨਹੀਂ ਹੋਵੇਗੀ ਕਿਉਂਕਿ ਉਹਨਾਂ ਦੇ ਵਰਤਾਰਿਆਂ ਦੇ ਧੁਰ ਅੰਦਰ ਬੇਗਾਨੇ ਪ੍ਰਭਾਵ ਸਮਾ ਚੁੱਕੇ ਹਨ, ਉਹਨਾਂ ਆਪਣੇ ਦੇਸ਼ਾਂ ਨੂੰ ਉੱਤਰ-ਬਸਤੀਵਾਦੀ ਦੌਰ ਭੋਗਦੇ ਦਰਸਾਉਣ ਦਾ ਯਤਨ ਕੀਤਾ। ਇਸ ਪ੍ਰਕਾਰ ਬਸਤੀਵਾਦ ਦੀ ਵਿਰਾਸਤ ਤੋਂ ਪ੍ਰਤੀਬਸਤੀਵਾਦ ਅਤੇ ਉੱਤਰ-ਬਸਤੀਵਾਦ ਦਾ ਆਗਮਨ ਹੋ ਗਿਆ। ਇਉਂ ਵਿਚਾਰਧਾਰਾਵਾਂ ਇਕ ਇਤਿਹਾਸਕ ਪ੍ਰਕਿਰਿਆ ਵਿਚੋਂ ਗੁਜ਼ਰਦੀਆਂ ਹਨ ਜਿਨ੍ਹਾਂ ਦੇ ਗੁਣਾਂ ਔਗੁਣਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਨਾਲ ਹੀ ਗੱਲ ਇਹ ਵੀ ਹੈ ਕਿ ਜਿਨ੍ਹਾਂ ਸੰਕਟਾਂ ਦੀ ਉਹ ਉਪਜ ਸਨ, ਜੋ ਉਹਨਾਂ ਤੋਂ ਪਾਰ ਜਾਣ ਦੇ ਦ੍ਰਿਸ਼ਟੀਕੋਣ ਪ੍ਰਾਪਤ ਹੁੰਦੇ ਹਨ, ਉਹ ਬਹੁਤ ਦੂਰ ਤੱਕ ਨਹੀਂ ਲੈ ਜਾਂਦੇ। ਸਗਵੀਂ ਦੀ ਥਾਂ, ਅੰਸ਼ਕ ਦ੍ਰਿਸ਼ਟੀ ਹੀ ਉਹਨਾਂ ਤੋਂ ਹਾਸਲ ਹੁੰਦੀ ਹੈ।

? ਇਸ ਪ੍ਰਸੰਗ ਵਿਚ ਨਾਰੀਵਾਦ ਦਾ ਕੀ ਮਹੱਤਵ ਬਣਦਾ ਹੈ?

– ਮਾਰਕਸਵਾਦ ਵਲੋਂ ਪ੍ਰਸਤੁਤ ਹੋਣ ਵਾਲੀ ਸੋਚ ਵਿਚ ਜੋ ਵਿਸ਼ਵ-ਵਿਆਪੀ ਸੰਭਾਵਨਾਵਾਂ ਸਨ, ਉਹਨਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਨਾਲ ਹੀ ਇਸ ਵਿਚ ਨਿਹਿਤ ਸੀਮਾਵਾਂ ਪ੍ਰਤੀ ਚੇਤੰਨ ਹੋਏ ਬਗ਼ੈਰ ਗੁਜ਼ਾਰਾ ਨਹੀਂ। ਪਹਿਲੀ ਗੱਲ ਤਾਂ ਇਹ ਕਿ ਬੇਸ਼ੱਕ ਇਸ ਵਿਚ ਮਾਨਵ ਜਾਤੀ, ਖ਼ਾਸ ਤੌਰ ਉਤੇ ਉਹ ਜੋ ਸ਼੍ਰੇਣੀ-ਵੰਡ ਦੇ ਆਰੰਭ ਤੋਂ ਲੁੱਟ-ਖਸੁੱਟ ਅਤੇ ਜਬਰ

ਜ਼ੁਲਮ ਦੀ ਭਾਗੀ ਦਰਸਾਈ ਗਈ ਸੀ, ਪ੍ਰਥਮ ਸੀ। ਪ੍ਰੰਤੂ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਅਤੇ ਪ੍ਰਚੰਡ ਕਰਨ ਵਿਚ ਸਕਰਮਕ ਕਰਤੱਵ ਮਜ਼ਦੂਰ ਵਰਗ ਲਈ ਰਾਖਵਾਂ ਸੀ। ਕਿਰਸਾਣੀ ਨੂੰ ਜੇ ਨਿਰੋਲ ਹਾਸ਼ੀਏ ਉੱਤੇ ਨਹੀਂ ਰੱਖਿਆ ਗਿਆ ਤਾਂ ਕੇਂਦਰ ਵਿਚ ਨੁਮਾਇਆ ਸਥਾਨ ਵੀ ਨਹੀਂ ਦਿਤਾ ਗਿਆ। ਦੂਜੇ, ਇਸਦਾ ਪ੍ਰਮੁੱਖ ਸਥੱਲ ਯੂਰਪ ਦੇ ਪੂੰਜਵਾਦੀ ਦੇਸ਼ਾਂ ਨੂੰ ਹੀ ਮੰਨਿਆ ਗਿਆ। ਇਹ ਤਾਂ ਨਹੀਂ ਕਿ ਉਹਨਾਂ ਅਧੀਨ ਬਸਤੀਆਂ, ਜਿਵੇਂ ਕਿ ਭਾਰਤ, ਨੂੰ ਕ੍ਰਾਂਤੀਕਾਰੀ ਤਬਦੀਲੀ ਦੇ ਹੱਕਦਾਰ ਨਾ ਮੰਨਿਆ ਗਿਆ ਪ੍ਰੰਤੂ ਉਸ ਸਮੇਂ ਹੀ ਜਦੋਂ ਬਸਤੀਵਾਦੀ ਰਾਜ ਅਧੀਨ ਵਿਚਰਕੇ ਉਹ ਆਪਣੇ ਸਥੱਲ ਉੱਪਰ ਮਜ਼ਦੂਰ ਵਰਗ ਨੂੰ ਵਿਕਸਿਤ ਕਰ ਲੈਣ। ਤੀਜੇ, ਇਸ ਵਿਚ ਮਰਦ ਜਾਤੀ ਨੂੰ ਹੀ ਪ੍ਰਧਾਨ ਮੰਨਿਆ ਗਿਆ। ਅਚੇਤ ਰੂਪ ਵਿਚ ਸਵੀਕਾਰ ਕਰ ਲਿਆ ਗਿਆ ਕਿ ਔਰਤ ਜ਼ਾਤ ਦੇ ਦੁੱਖ ਮਰਦ ਜ਼ਾਤ ਉੱਤੇ ਢਾਹੇ ਜਾਂਦੇ ਜਬਰ ਜ਼ੁਲਮ ਦਾ ਹੀ ਵਿਸਥਾਰ ਸਨ। ਔਰਤ ਜ਼ਾਤ ਦੇ ਜੋ ਆਪਣੇ ਦੁੱਖ ਸਨ, ਉਹਨਾਂ ਦੀ ਕੋਈ ਪਛਾਣ ਨਾ ਕੀਤੀ ਗਈ।

ਪੂਰਬਵਾਦ ਦੀ ਪ੍ਰੇਰਣਾ ਅਧੀਨ, ਜਿਸ ਵਿਚ ਵਿਸਫੋਟ ਦੀ ਕਾਮਨਾ ਕੀਤੀ ਗਈ ਸੀ, ਇਸੇ ਤਰ੍ਹਾਂ ਮਿਥਿਹਾਸ, ਧਰਮ, ਮਾਨਵ-ਵਿਗਿਆਨ ਆਦਿ ਵਿਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੇ ਪ੍ਰਭਾਵ ਅਧੀਨ ਔਰਤ ਜ਼ਾਤ ਉਤੇ ਵੀ ਮਰਦ ਜ਼ਾਤ ਦੀ ਪ੍ਰਧਾਨਤਾ ਨੂੰ ਸੁੱਤੇ ਸਿਧ ਪ੍ਰਵਾਨ ਕਰ ਲਿਆ ਗਿਆ। ਪ੍ਰਮਾਣ ਵਜੋਂ ਮਿਥਿਹਾਸ ਵਿਚ ਮਰਦ ਦੀ ਤੁਲਨਾ ਆਕਾਸ਼ ਅਤੇ ਔਰਤ ਦੀ ਤੁਲਨਾ ਧਰਤੀ ਨਾਲ ਹੋਈ ਹੈ। ਉਹਨਾਂ ਦੇ ਮੇਲ ਨੂੰ ਅਕਾਸ਼ ਅਤੇ ਧਰਤੀ ਉੱਪਰ ਵਾਰਿਦ ਹੋਣ ਨਾਲ ਤੁਲਨਾਇਆ ਗਿਆ ਹੈ ਜੋ ਉਪਕਾਰ ਤੋਂ ਘੱਟ ਨਹੀਂ। ਧਰਮ ਵਿਚ ਔਰਤ ਨੂੰ ਆਤਮਾ ਅਤੇ ਮਰਦ ਨੂੰ ਪ੍ਰਮਾਤਮਾ ਜਾਣ ਲਿਆ ਗਿਆ ਹੈ ਅਤੇ ਦੋਨਾਂ ਦਾ ਸੰਜੋਗ ਔਰਤ ਦੀ ਤਾਂਘ ਅਤੇ ਮਰਦ ਦੀ ਕਿਰਪਾ ਵਜੋਂ ਗਰਦਾਨਿਆ ਗਿਆ ਹੈ। ਮਾਨਵ ਵਿਗਿਆਨ ਵਿਚ ਔਰਤ ਨੂੰ ਦਿਨ-ਪ੍ਰਤੀ-ਦਿਨ ਦੀਆਂ ਵਾਮਨ ਜ਼ਿੰਮੇਵਾਰੀਆਂ ਦੇ ਯੋਗ ਅਤੇ ਮਰਦ ਨੂੰ ਬਾਹਰ ਦੀਆਂ, ਸਦੀਵੀ ਨਹੀਂ ਤਾਂ ਚਿਰੰਜੀਵੀ ਪ੍ਰਾਪਤੀਆਂ ਦਾ ਲਖਾਇਕ ਮੰਨਿਆ ਗਿਆ ਹੈ।

ਭਾਵੇਂ ਮਾਰਕਸਵਾਦ ਲਈ ਇਤਿਹਾਸ ਜੀਵਨ ਦਾ ਮੁੱਖ ਵਾਹੁਣ ਸੀ ਪ੍ਰੰਤੂ ਉਕਤ ਧਾਰਨਾ ਤੋਂ ਇਸਦੀ ਦ੍ਰਿਸ਼ਟੀ ਵੀ ਮੁਕਤ ਨਾ ਹੋ ਸਕੀ। ਪਰ ਇਤਿਹਾਸ ਨੇ ਜੋ ਉਥਲ-ਪੁਥਲ ਪੈਦਾ ਕੀਤੀ, ਖ਼ਾਸ ਤੌਰ 'ਤੇ ਵੀਹਵੀਂ ਸਦੀ ਵਿਚ ਵਾਪਰੇ ਦੋ ਵਿਸ਼ਵ ਯੁੱਧਾਂ ਰਾਹੀਂ, ਉਸਨੇ ਔਰਤ-ਮਰਦ ਦੇ ਸਬੰਧਾਂ ਨੂੰ ਸਥਾਪਤ, ਸਥਿਰ ਅਤੇ ਸਦੀਵੀ ਜਾਂ ਚਿਰੰਜੀਵੀ ਨਾ ਰਹਿਣ ਦਿੱਤਾ, ਖ਼ਾਸ ਤੌਰ 'ਤੇ ਪਤੀ-ਪਤਨੀ ਦੇ ਸਬੰਧ ਨੂੰ ਜੋ ਵਧੇਰੇ ਹੀ ਮਾਰ ਹੇਠ ਆ ਗਿਆ।

? ਵਿਸ਼ਵ-ਯੁੱਧਾਂ ਦੀ ਉਥਲ-ਪੁਥਲ ਨੇ ਨਾਰੀਵਾਦ ਲਈ ਕਿਹੜੀ ਜ਼ਮੀਨ ਤਿਆਰ ਕੀਤੀ?

- ਦੋਨਾਂ ਵਿਸ਼ਵ-ਯੁੱਧਾਂ ਵਿਚ ਕਈ ਕਰੋੜ ਲੋਕਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ਵਿਚੋਂ ਵਧੇਰੇ ਮਰਦ ਸਨ। ਇਸ ਤੋਂ ਵੀ ਵਧੇਰੇ ਅੰਗਹੀਣ ਹੋ ਗਏ ਜੋ ਫਿਰ ਵਧੇਰੇ ਕਰਕੇ ਮਰਦ ਜ਼ਾਤ ਵਿਚੋਂ ਸਨ। ਇਸ ਕਾਰਨ ਇਕ ਔਰਤ ਦਾ ਇਕ ਮਰਦ ਨਾਲ ਚਿਰੰਜੀਵੀ ਸਬੰਧ ਸੰਭਵ ਨਾ ਰਿਹਾ। ਆਰਜ਼ੀ ਅਤੇ ਸਬੱਬੀ ਸਬੰਧ ਵਾਸਤਵਿਕ ਹੋ ਕੇ ਪ੍ਰਮਾਣਕ ਲੱਗਣ ਲੱਗੇ ਪਏ। ਉਂਜ ਵੀ ਦੋਨਾਂ ਵਿਸ਼ਵ-ਯੁੱਧਾਂ ਦੌਰਾਨ ਬਲਾਤਕਾਰ ਦਾ ਸਿਲਸਿਲਾ ਅੰਤਹੀਣ ਰੂਪ ਵਿਚ ਚੱਲਿਆ, ਇਸ ਨਜ਼ਰੀਏ ਨਾਲ ਕਿ ਇਸਦੀ ਭਾਗੀ ਔਰਤ ਨੂੰ ਬਲਾਤਕਾਰੀ ਕੋਈ ਕਾਮੁਕ ਆਨੰਦ ਦੇਣ ਦੀ ਰੁਚੀ ਨਹੀਂ ਸੀ ਰੱਖਦਾ। ਉਹ ਤਾਂ ਅਜਿਹਾ ਕਰਕੇ ਜੇਤੂ ਪੱਖ ਦਾ ਹਾਰੇ ਪੱਖ ਉੱਤੇ ਰੋਅਬ ਕਾਇਮ ਕਰਦਾ ਸੀ। ਜੇਤੂ ਪੱਖਾਂ ਅਤੇ ਹਾਰੇ ਪੱਖਾਂ ਦੀ ਨਿਸ਼ਾਨਦੇਹੀ ਮਰਦ ਜ਼ਾਤ ਰਾਹੀਂ ਹੀ ਹੁੰਦੀ ਸੀ। ਕੁਦਰਤੀ ਗੱਲ ਸੀ ਕਿ ਵਿਭਚਾਰ ਦੀ ਮਨਾਹੀ ਢਿੱਲੀ ਪੈ ਗਈ, ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਲਈ ਜੇ ਇਹ ਮਜਬੂਰੀ ਸੀ ਤਾਂ ਬਲਾਤਕਾਰੀਆਂ ਦੀਆਂ ਔਰਤਾਂ ਲਈ ਖੁੱਲ੍ਹ ਜਿਸਦਾ ਉਹਨਾਂ ਆਪ ਹੀ ਦੁਆਰ ਖੋਲ੍ਹ ਦਿਤਾ। ਇਸ ਤਰ੍ਹਾਂ ਨਾਰੀਵਾਦ ਲਈ ਜ਼ਮੀਨ ਤਿਆਰ ਹੋਈ।

? ਨਾਰੀਵਾਦ ਦਾ ਵਿਕਾਸ ਕਿਵੇਂ ਹੋਇਆ?

- ਉਥਲ-ਪੁਥਲ, ਜਿਸਦਾ ਜ਼ਿਕਰ ਮੈਂ ਕੀਤਾ ਹੈ, ਨੇ ਪ੍ਰਤਿਭਾਵਾਨ ਔਰਤਾਂ ਨੂੰ ਆਪਣੀ ਪਛਾਣ ਨੂੰ ਇਕਾਗਰ ਢੰਗ ਨਾਲ ਚਿਤਵਨ ਅਤੇ ਚਿਤਾਰਣ ਵਲ ਵੀ ਮੋੜ ਦਿੱਤਾ। ਇਹਨਾਂ ਵਿਚ ਪ੍ਰਥਮ ਸੀ ਅੰਗਰੇਜ਼ੀ ਦੀ ਮਹਾਨ ਨਾਵਲਕਾਰ ਵਰਜੀਨੀਆਂ ਵੂਲਫ਼, ਜਿਸਨੇ ਔਰਤ-ਮਰਦ ਦੇ ਸਬੰਧ ਨੂੰ ਅਕੇਵੇਂ ਅਤੇ ਉਕਤਾਹਟ ਨਾਲ ਭਰਪੂਰ ਦਰਸਾ ਕੇ, ਔਰਤ ਦੀ ਵਿਲੱਖਣ ਹਸਤੀ ਦਾ ਚੇਤਾ ਕਰਵਾਇਆ। ਇਸ ਵਿਚੋਂ ਹਮਜਿਨਸੀ ਸਬੰਧ ਨੂੰ ਵੀ ਖਾਰਿਜ ਨਹੀਂ ਸੀ ਕੀਤਾ ਜਾ ਸਕਦਾ। ਫਰਾਂਸ ਦੀ ਹੋਂਦਵਾਦ ਨੂੰ ਅਰਪਿਤ ਸਿਮੋਨੀ ਨੇ ਆਰਜ਼ੀ ਅਤੇ ਸਬੱਬੀ ਸਬੰਧਾਂ ਨੂੰ ਯੋਗ ਠਹਿਰਾਇਆ ਜੋ ਚਿਰੰਜੀਵੀ ਸਬੰਧ ਵਿਚ ਘਰ ਕਰ ਜਾਣ ਵਾਲੇ ਅਕੇਵੇਂ ਤੋਂ ਤਾਜ਼ਗੀ ਬਖ਼ਸ਼ਦੇ ਸਨ। ਇਹ ਨਾਰੀਵਾਦ ਦਾ ਆਰੰਭ ਸੀ ਜਿਸ ਉਪਰੰਤ ਤਾਂ ਇਸਦੇ ਸਥੱਲ ਉੱਤੇ ਪ੍ਰਸਤੁਤ ਹੋਣ ਵਾਲੀਆਂ ਨਾਰੀਵਾਦੀ ਵਿਚਾਰਧਾਰਾਵਾਂ ਦਾ ਹੜ੍ਹ ਹੀ ਆ ਗਿਆ। ਫਰਾਂਸ ਹੀ ਜੋ ਇਹਨਾਂ ਨਾਰੀਵਾਦੀ ਵਿਚਾਰਧਾਰਾਵਾਂ ਦਾ ਗੜ੍ਹ ਮੰਨਿਆ ਜਾਂਦਾ ਹੈ, ਤਿੰਨ ਪ੍ਰਕਾਰ ਦੀਆਂ ਪ੍ਰਤੀਤੀਆਂ ਦਾ ਸਥੱਲ ਬਣ ਚੁੱਕਾ ਹੈ। ਇਕ ਹੈ ਫਰਾਇਡ ਦੇ ਮਨੋਵਿਗਿਆਨ ਨੂੰ ਝੁਠਲਾਣ ਵਾਲੀ ਕਿ ਮਰਦ ਦੀ ਲਿੰਗ ਸ਼ਕਤੀ ਦੇ ਉਲਟ ਔਰਤ ਦੀ ਲਿੰਗ-ਸ਼ਕਤੀ ਵਧੇਰੇ ਸਰਵੱਤਰ ਹੈ। ਦੂਜੀ ਬਾਖਤਿਨ ਦੀ ਸਾਹਿਤ ਸਮੀਖਿਆ ਵਿਚ ਸੋਧ ਦੀ ਧਾਰਨੀ ਕਿ ਪ੍ਰਵਚਨ ਅਤੇ ਦੇਹ ਦਾ ਵੇਗ ਸਹੀ ਅਰਥਾਂ ਵਿਚ ਔਰਤ

ਦੇ ਹਿੱਸੇ ਆਇਆ ਹੈ। ਜੇ ਕਾਵਿ, ਨਾਟ, ਨਾਵਲ ਆਦਿ ਵਿਧਾਵਾਂ ਵਿਚ ਔਰਤ ਲੇਖਕ ਕਮਾਲ ਨਹੀਂ ਦਰਸਾ ਸਕੀਆਂ ਤਾਂ ਇਸ ਵਿਚ ਦੋਸ਼ ਉਹਨਾਂ ਦੀ ਪ੍ਰਤਿਭਾ ਦਾ ਨਹੀਂ, ਬਲਕਿ ਇਹਨਾਂ ਵਿਧਾਵਾਂ ਦਾ ਹੈ ਕਿਉਂਕਿ ਇਹ ਮਰਦ ਪ੍ਰਧਾਨ ਹਨ। ਤੀਜਾ ਕਿ ਔਰਤ ਦੀ ਮਾਨਸਿਕਤਾ ਚਿਹਨਾਤਮਿਕ ਹੋਣ ਕਾਰਨ ਮਰਦ ਦੀ ਮਾਨਸਿਕਤਾ ਦੇ ਵਿਪਰੀਤ ਹੈ। ਪ੍ਰਤੱਖ ਹੀ ਜੀਵਨ ਦੇ ਨਿਰਣੇ ਸਗਵੇਂ ਰੂਪ ਵਿਚ ਕਰਨੇ, ਉਸੇ ਦੇ ਖੇਤਰ ਵਿਚ ਆਉਂਦੇ ਹਨ। ਬਾਕੀ ਨਸਲ, ਰੰਗ ਆਦਿ ਨੂੰ ਆਧਾਰ ਬਣਾ ਕੇ ਵਿਕਸਤ ਹੋਈਆਂ ਵਿਚਾਰਧਾਰਾਵਾਂ ਦੇ ਬਿਰਤਾਂਤ ਇਹਨਾਂ ਤੋਂ ਭਿੰਨ੍ਹ ਹਨ।

? ਨਾਰੀਵਾਦੀ ਵਿਚਾਰਧਾਰਾਵਾਂ ਦਾ ਤਰਕ ਕੀ ਬਣਦਾ ਹੈ?

- ਵਿਚਾਰਧਾਰਾਵਾਂ ਦੇ ਵਿਸਫੋਟ ਬਾਰੇ ਆਪਣੀ ਚਰਚਾ ਦੌਰਾਨ ਮੈਂ ਪਹਿਲਾਂ ਵੀ ਕਿਹਾ ਹੈ ਕਿ ਹਰ ਵਿਚਾਰਧਾਰਾ ਦਾ ਕੋਈ ਨਾ ਕੋਈ ਤਰਕ ਜ਼ਰੂਰ ਬਣਦਾ ਹੈ। ਨਾਰੀਵਾਦੀ ਵਿਚਾਰਧਾਰਾ ਦਾ ਵੀ ਆਪਣਾ ਤਰਕ ਹੈ, ਕੁਝ ਹਾਲਤਾਂ ਵਿਚ ਤਾਂ ਵਿਵੇਕ ਵੀ ਕਿਉਂਜੁ ਬੇਆਵਾਜ਼ ਰਹੇ ਮਾਨਵਤਾ ਦੇ ਇਕ ਭਾਗ ਨੂੰ ਇਹਨਾਂ ਭਰਪੂਰ ਰੂਪ ਵਿਚ ਬਾਆਵਾਜ਼ ਹੋਣ ਦਾ ਅਵਸਰ ਬਖ਼ਸ਼ਿਆ ਹੈ। ਪਰ ਅਲਹਿਦਗੀ ਉਤੇ ਆਧਾਰਿਤ ਅਤੇ ਇਸੇ ਤੋਂ ਪ੍ਰੇਰਿਤ ਹੋਣ ਕਾਰਨ, ਇਹਨਾਂ ਨੇ ਆਪਣੀ ਤਰ੍ਹਾਂ ਦੀ ਇੰਤਹਾ-ਪਸੰਦੀ ਨੂੰ ਕਬੂਲ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ। ਕਹਿਣ ਤੋਂ ਭਾਵ ਇਹ ਨਹੀਂ ਕਿ ਔਰਤ-ਮਰਦ ਦੇ ਸਬੰਧ ਵਿਚ ਜੋ ਅਸਾਵਾਂਪਣ ਮਿਥਿਹਾਸ, ਧਰਮ ਅਤੇ ਮਾਨਵ-ਵਿਗਿਆਨ ਨੇ ਸਥਾਪਤ-ਸਥਿਰ-ਸਦੀਵੀ ਸਿੱਧ ਕਰਨਾ ਲੋੜਿਆ ਸੀ, ਉਹ ਨਿਰਵਿਵਾਦ ਹੈ। ਉਸਨੂੰ ਭਰਪੂਰ ਸੰਵਾਦ ਅਧੀਨ ਲਿਆਉਣ ਦੀ ਲੋੜ ਹੈ ਪਰ ਇਸ ਸਾਵਧਾਨੀ ਸਹਿਤ ਕਿ ਇਸਦਾ ਪਰਿਣਾਮ ਸੰਵਾਦ ਵਲ ਰੁਚਿਤ ਹੋਵੇ, ਦੋ ਅਲਹਿਦਾ ਨਿਰਪੇਖ ਵਾਦਾਂ ਵਲ ਨਹੀਂ ਜਿਸਦੀ ਗੂੰਜ ਇਹਨਾਂ ਨਾਰੀਵਾਦੀ ਵਿਚਾਰਧਾਰਾਵਾਂ ਵਿਚੋਂ ਸੁਣਾਈ ਦਿੰਦੀ ਹੈ।

? ਭਰਪੂਰ ਸੰਵਾਦ ਪ੍ਰਸਥਿਤੀਆਂ ਨੂੰ ਸਮਝਣ ਵਿਚ ਕਿਵੇਂ ਸਹਾਈ ਹੁੰਦਾ ਹੈ? ਕੋਈ ਮਿਸਾਲ?

- ਜੇ ਭਰਪੂਰ ਸੰਵਾਦ ਪਸਮੰਜਰ ਉਤੇ ਹੋਵੇ ਤਾਂ ਅਣਹੋਣੀਆਂ ਹਾਲਤਾਂ ਵਿਚ ਵੀ ਸਮੂਹਕ ਬਲਾਤਕਾਰ ਅਤੇ ਵਿਭਚਾਰ ਦਾ ਤਰਕ ਸਮਝ ਆ ਜਾਂਦਾ ਹੈ, ਇਸਦੇ ਵਿਵੇਕ ਨਾਲ ਸਹਿਮਤ ਹੋਇਆ ਜਾ ਸਕਦਾ ਹੈ। ਇਸ ਸੰਦਰਭ ਵਿਚ ਮੈਂ 'ਬਰਲਿਨ ਦੀ ਅਨਾਮ ਔਰਤ' ਵਲ ਧਿਆਨ ਦਿਵਾਉਣਾ ਯੋਗ ਸਮਝਦਾ ਹਾਂ। ਇਹ ਪੁਸਤਕ ਉਸ ਪੱਤਰਕਾਰ ਔਰਤ ਦੀ ਡਾਇਰੀ ਹੈ ਜੋ ਦੂਜੇ ਵਿਸ਼ਵ ਯੁੱਧ ਦੇ ਸਮਾਪਤ ਹੋਣ ਵੇਲੇ ਜਰਮਨੀ ਦੇ ਸ਼ਹਿਰ ਬਰਲਿਨ ਦੀ ਵਸਨੀਕ ਸੀ। ਜਦ ਰੂਸੀ ਫੌਜਾਂ ਦਾ ਪੂਰਬੀ ਜਰਮਨੀ, ਖ਼ਾਸ ਕਰਕੇ ਬਰਲਿਨ 'ਤੇ ਕਬਜ਼ਾ ਹੋਇਆ ਤਾਂ ਔਰਤਾਂ ਦੇ ਬਲਾਤਕਾਰ ਦਾ ਸਰਵੱਤਰ ਸਿਲਸਿਲਾ ਚੱਲਿਆ। ਕੁਝ ਦਿਨਾਂ ਵਿਚ ਪੰਦਰਾਂ ਲੱਖ ਔਰਤਾਂ ਦਾ ਬਲਾਤਕਾਰ ਹੋਇਆ

ਜਿਨ੍ਹਾਂ ਵਿਚ ਦੋ ਲੱਖ ਦੇ ਕਰੀਬ ਬਰਲਿਨ ਸ਼ਹਿਰ ਦੀਆਂ ਵਸਨੀਕ ਸਨ। ਰੂਸੀ ਫੌਜੀਆਂ ਦੀ ਹਵਸ ਪਿੱਛੇ ਇਹ ਰੋਸ ਵੀ ਕੰਮ ਕਰ ਰਿਹਾ ਸੀ ਕਿ ਜਰਮਨ ਫੌਜੀਆਂ ਨੇ ਰੂਸ ਉਤੇ ਕਬਜ਼ੇ ਦੌਰਾਨ ਉਹਨਾਂ ਦੀਆਂ ਔਰਤਾਂ ਨੂੰ ਵੀ ਨਹੀਂ ਬਖ਼ਸ਼ਿਆ ਸੀ। ਇਸ ਵਿਚ ਜੋ ਬਦਲੇ ਦੀ ਭਾਵਨਾ ਕੰਮ ਕਰ ਰਹੀ ਸੀ ਉਸ ਤੋਂ ਮੁਨਕਰ ਨਹੀਂ ਸੀ ਹੋਇਆ ਜਾ ਸਕਦਾ। ਪਰ ਹੁਣ ਵਿਵਸਥਾ ਇਹ ਬਣ ਗਈ ਸੀ ਕਿ ਜਰਮਨ ਔਰਤਾਂ ਦੀ ਰੱਖਿਆ ਲਈ ਜਰਮਨ ਮਰਦਾਂ ਦਾ ਅਭਾਵ ਸੀ। ਬਚੇ ਖੁਚੇ ਅੰਗਹੀਣ ਮਰਦ, ਬੱਚੇ ਜਾਂ ਬੁੱਢੇ ਰੂਸੀਆਂ ਦਾ ਕੁਝ ਵਿਗਾੜ ਨਹੀਂ ਸਨ ਸਕਦੇ। ਜੇ ਉਹ ਉਜਰ ਕਰਦੇ ਤਾਂ ਆਪਣੀਆਂ ਜਾਨਾਂ ਤੋਂ ਹੱਥ ਧੋ ਬਹਿੰਦੇ। ਸੋ ਆਪਣੇ ਆਪ ਦਾ ਹੀ ਨਹੀਂ ਸਗੋਂ ਜਰਮਨ ਮਰਦਾਂ ਦੀ ਰਖਵਾਲੀ ਦਾ ਭਾਰ ਵੀ ਜਰਮਨ ਔਰਤਾਂ ਉੱਤੇ ਆ ਪਿਆ ਸੀ। ਇਸ ਸੰਕਟ ਤੋਂ ਸੁਚੇਤ-ਅਚੇਤ ਜਾਣੂ ਹੋ ਕੇ ਜਰਮਨ ਔਰਤਾਂ ਨੇ ਰੂਸੀਆਂ ਦਾ ਇਉਂ ਸਾਥ ਦਿਤਾ ਕਿ ਬਲਾਤਕਾਰ ਸਹਿਮਤੀ ਵਾਲੇ ਸੰਭੋਗ ਵਿਚ ਬਦਲ ਗਿਆ। ਪ੍ਰੇਮ ਸਬੰਧ ਵਿਚ ਬਦਲਣ ਦੀ ਸੰਭਾਵਨਾ ਵੀ ਬਣਨ ਲੱਗ ਪਈ। ਭੁੱਖਮਰੀ ਤੋਂ ਜਰਮਨ ਵਾਸੀਆਂ ਦਾ ਬਚਾਅ ਹੋ ਗਿਆ ਅਤੇ ਜਰਮਨ ਮਰਦਾਂ ਦਾ ਸਮੂਹਿਕ ਕਤਲੇਆਮ ਵੀ ਟਲ਼ ਗਿਆ। ਪਰ ਮਰਦਾਂ ਤੋਂ ਇਹ ਤੱਥ-ਸੱਚ ਸਮਝਿਆ ਨਾ ਜਾ ਸਕਿਆ। ਇਸੇ ਕਾਰਨ ਇਹ ਡਾਇਰੀ ਬੇਨਾਮ ਛਪੀ, ਪੰਜਾਹ ਸਾਲ ਬਾਅਦ ਵੀ ਇਸਦੀ ਲੇਖਕ ਦਾ ਨਾਮ ਗੁਪਤ ਹੈ।

000

ਪੂਰਬੀ ਅਤੇ ਪੱਛਮੀ ਕਲਾ ਦਾ ਸੁਮੇਲ ਅੰਮ੍ਰਿਤਾ ਸ਼ੇਰਗਿੱਲ

''ਪੱਛਮੀ ਅਤੇ ਪੂਰਬੀ ਕਲਾ ਦਾ ਸੁਮੇਲ ਹੈ ਅੰਮ੍ਰਿਤਾ ਸ਼ੇਰਗਿੱਲ ਦੀ ਚਿੱਤਰਕਾਰੀ''

? ਗਿੱਲ ਸਾਹਿਬ, ਐਨੀ ਵੱਡ-ਆਕਾਰੀ ਅਤੇ ਵਧੀਆ ਕਿਤਾਬ ਕਿਵੇਂ ਲਿਖ ਹੋ ਗਈ?

– ਕਈ ਘਟਨਾਵਾਂ ਪਿੱਛੇ ਅਚਾਨਕ ਵਾਪਰ ਗਈਆਂ ਗੱਲਾਂ ਦਾ ਬਹੁਤ ਮਹੱਤਵ ਹੁੰਦਾ ਹੈ। ਇਹ ਭੁੱਲ ਭਲਾ ਜਾਂਦੀਆਂ ਹਨ ਪਰ ਫੇਰ ਵੀ ਖਾਦ ਵਾਂਗ ਆਪਣਾ ਅਸਰ ਛੱਡ ਜਾਂਦੀਆਂ ਹਨ। ਇਸ ਕਿਤਾਬ ਦੇ ਲਿਖੇ ਜਾਣ ਪਿੱਛੇ ਵੀ ਅਜਿਹੀਆਂ ਘਟਨਾਵਾਂ ਹਨ। ਦੋ ਤਾਂ ਬਹੁਤ ਉੱਘੜਵੀਆਂ ਹਨ ਜਿਨ੍ਹਾਂ ਦਾ ਸੰਬੰਧ ਮੇਰੇ ਸਕੂਲ ਅਤੇ ਕਾਲਜ ਵਿਚ ਪੜ੍ਹਣ ਵੇਲੇ ਦੇ ਸਾਲਾਂ ਨਾਲ ਹੈ।

? ਮਸਲਨ?

– ਮੈਂ ਸਕੂਲ ਦੀ ਪੜ੍ਹਾਈ ਆਪਣੇ ਪਿੰਡ ਗਿੱਲ ਵਿਚ ਹੀ ਕੀਤੀ। ਸਾਡੇ ਘਰ ਦੇ ਨਾਲ ਇਕ ਹਵੇਲੀ ਸੀ ਜਿਸ ਦੀ ਸਾਂਭ-ਸੰਭਾਲ ਮੇਰੇ ਦਾਦਾ ਦਾਦੀ ਕੋਲ ਸੀ ਜਿਸ ਪਰਿਵਾਰ ਦੀ ਇਹ ਹਵੇਲੀ ਸੀ ਉਸ ਨੂੰ ਸਿੰਧ ਵਾਲੇ ਕਿਹਾ ਜਾਂਦਾ ਸੀ। ਸਿੰਧ ਵਿਚ ਇਸ ਪਰਿਵਾਰ ਦੇ ਮੁਰੱਬੇ ਸਨ। ਤਿੰਨ ਭਰਾਵਾਂ ਦਾ ਇਹ ਪਰਿਵਾਰ ਸੀ ਜਿਨ੍ਹਾਂ ਵਿਚੋਂ ਦੋ ਦਾ ਦਿਹਾਂਤ ਹੋ ਚੁੱਕਾ ਸੀ। ਇਕ ਮੁੰਬਈ ਵਿਚ ਨੌਕਰੀ ਕਰਦਾ ਸੀ। 1947 ਦੀ ਵੰਡ ਤੋਂ ਮਗਰੋਂ ਵਿਧਵਾ ਹੋ ਗਈ ਦਰਾਣੀ ਅਤੇ ਜਠਾਣੀ ਗਿੱਲ ਪਿੰਡ ਆਪਣੀ ਹਵੇਲੀ ਵਿਚ ਆ ਕੇ ਰਹਿਣ ਲੱਗ ਪਈਆਂ ਸਨ।

ਉਨ੍ਹਾਂ ਵਿਚੋਂ ਜਿਹੜੀ ਜਠਾਣੀ ਸੀ, ਉਸ ਦੀ ਧੀ ਆਪਣੇ ਚਾਚੇ ਕੋਲ ਮੁੰਬਈ ਪੜ੍ਹਦੀ ਸੀ। ਵੰਡ ਤੋਂ ਕਈ ਸਾਲ ਮਗਰੋਂ ਜਦ ਅਜੇ ਉਹ ਬੀ.ਏ. ਵਿਚ ਪੜ੍ਹਦੀ ਸੀ ਤਾਂ ਪਿੰਡ ਆਪਣੀ ਮਾਂ ਕੋਲ ਆਈ। ਮੇਰੇ ਕੋਲੋਂ ਸੱਤ ਅੱਠ ਸਾਲ ਉਮਰ ਵਿਚ ਵੱਡੀ ਸੀ ਪਰ ਆਪਣੀ ਉਮਰ ਨਾਲੋਂ ਕਿਤੇ ਛੋਟੀ ਲੱਗਦੀ ਸੀ। ਭਾਵੇਂ ਮੈਂ ਉਸ ਨੂੰ ਭੂਆ ਕਹਿ ਕੇ ਬੁਲਾਂਦਾ ਸਾਂ ਪਰ ਮੈਨੂੰ ਉਹ ਲਾਡ ਬਹੁਤ ਕਰਦੀ ਸੀ। ਉਹ ਇਕ ਰਿਸਾਲਾ ਲਿਆਈ ਜਿਹੜਾ ਹੋ ਸਕਦਾ ਮੁੰਬਈ ਤੋਂ ਗੱਡੀ ਚੜ੍ਹਣ ਵੇਲੇ ਉਸ ਨੇ ਪਲੇਟਫਾਰਮ ਤੋਂ ਹੀ ਖ਼ਰੀਦਿਆ ਹੋਵੇਗਾ। ਉਸ ਵਿਚ ਅੰਮ੍ਰਿਤਾ ਸ਼ੇਰਗਿੱਲ ਦੀ ਤਸਵੀਰ ਸੀ ਅਤੇ ਉਸ ਦੀ ਜ਼ਿੰਦਗੀ ਬਾਰੇ ਆਮ ਜਿਹਾ ਬਿਊਰਾ ਵੀ ਸੀ।

? ਇਹਦਾ ਮਤਲਬ ਇਹ ਲਿਆ ਜਾਵੇ ਕਿ ਸਕੂਲ ਵਿਚ ਪੜ੍ਹਦਿਆਂ ਉਹ ਤਸਵੀਰ ਦੇਖ ਕੇ ਹੀ ਤੁਸੀਂ ਭਵਿੱਖ ਵਿਚ ਕਿਤਾਬ ਲਿਖਣ ਦਾ ਫ਼ੈਸਲਾ ਕਰ ਲਿਆ?

– ਨਹੀਂ, ਗੱਲ ਐਨੀ ਸਰਲ ਨਹੀਂ। ਪਿੰਡ ਵਿਚ ਹੋਰ ਕੁਝ ਪੜ੍ਹਣ ਨੂੰ ਤਾਂ ਹੁੰਦਾ

ਨਹੀਂ ਸੀ, ਇਸ ਲਈ ਉਹ ਇਸ ਰਿਸਾਲੇ ਨੂੰ ਹੀ ਫਰੋਲਦੀ ਰਹਿੰਦੀ ਸੀ। ਸ਼ਾਇਦ ਇਕ ਦੋ ਕਿਤਾਬਾਂ ਵੀ ਉਹ ਨਾਲ ਲਿਆਈ ਹੋਵੇ, ਇਸ ਦਾ ਮੈਨੂੰ ਖ਼ਿਆਲ ਨਹੀਂ। ਪਰ ਇਹ ਰਿਸਾਲਾ ਉਸ ਦੇ ਨੇੜੇ ਤੇੜੇ ਜ਼ਰੂਰ ਨਜ਼ਰ ਆ ਜਾਂਦਾ ਸੀ।

ਇਕ ਦਿਨ ਉਹ ਰਿਸਾਲਾ ਫਰੋਲਦਿਆਂ ਮੇਰੀ ਨਜ਼ਰ ਅੰਮ੍ਰਿਤਾ ਸ਼ੇਰਗਿੱਲ ਦੀ ਤਸਵੀਰ 'ਤੇ ਅਟਕ ਗਈ। ਮੈਨੂੰ ਲੱਗਿਆ ਉਸ ਲੜਕੀ ਦੀ ਸ਼ਕਲ ਅੰਮ੍ਰਿਤਾ ਸ਼ੇਰਗਿੱਲ ਨਾਲ ਬਹੁਤ ਮਿਲਦੀ ਸੀ। ਮੋਟੀਆਂ ਮੋਟੀਆਂ ਅੱਖਾਂ, ਰਤਾ ਕੁ ਫੁਲਵਾਂ ਨੱਕ, ਚੌੜਾ ਮੱਥਾ, ਭਰਵੇਂ ਬੁੱਲ, ਦੋਨਾਂ ਵਿਚ ਕਿੰਨਾ ਕੁਝ ਸਾਂਝਾ ਸੀ। ਦੋਨਾਂ ਦੀ ਇਸ ਸਾਂਝ ਕਾਰਨ ਮੇਰੀ ਅੰਮ੍ਰਿਤਾ ਸ਼ੇਰਗਿੱਲ ਵਿਚ ਅਜਬ ਤਰ੍ਹਾਂ ਦੀ ਦਿਲਚਸਪੀ ਬਣ ਗਈ। ਮਹੀਨੇ ਕੁ ਮਗਰੋਂ ਵਾਪਸ ਜਾਣ ਵੇਲੇ ਉਹ ਰਿਸਾਲਾ ਵੀ ਛੱਡ ਗਈ। ਫੇਰ ਜਿੱਥੇ ਕਿਤੇ ਵੀ ਮੈਨੂੰ ਅੰਮ੍ਰਿਤਾ ਸ਼ੇਰਗਿੱਲ ਬਾਰੇ ਲਿਖਿਆ ਕੁਝ ਮਿਲਦਾ, ਜਿੱਥੇ ਕਿਤੇ ਉਸ ਦੀ ਤਸਵੀਰ ਛਪੀ ਮਿਲਦੀ, ਉਹ ਮੈਂ ਵਾਹ ਲਗਦੀ ਖਰੀਦ ਲੈਂਦਾ ਸੀ। ਸ਼ਾਇਦ ਮੇਰੇ ਅਚੇਤ ਵਿਚ ਇਹ ਭਾਵਨਾ ਕੰਮ ਕਰ ਰਹੀ ਸੀ ਕਿ ਇਸ ਤਰ੍ਹਾਂ ਕਰਕੇ ਮੈਂ ਉਸ ਲੜਕੀ ਨਾਲ ਆਪਣੀ ਨੇੜਤਾ ਵਧਾ ਰਿਹਾ ਸਾਂ। ਨਾਂ ਵੀ ਉਸ ਦਾ ਰਾਜ ਸੀ ਅਤੇ ਹੁਣ ਮੈਨੂੰ ਲੱਗਦਾ ਜਿਵੇਂ ਇਸ ਤਰ੍ਹਾਂ ਕਰਕੇ ਮੈਂ ਉਸ ਲੜਕੀ ਦਾ ਰਾਜ਼ ਜਾਨਣ ਦਾ ਯਤਨ ਕਰ ਰਿਹਾ ਸੀ।

? ਦੂਜੀ ਘਟਨਾ ਵੀ ਇਸੇ ਤਰ੍ਹਾਂ ਦੀ ਹੈ ਜਾਂ ਵੱਖਰੀ ਪ੍ਰਕਾਰ ਦੀ ਹੈ?

– ਇਹ ਵੱਖਰੀ ਪ੍ਰਕਾਰ ਦੀ ਹੈ। ਇਸ ਦਾ ਸੰਬੰਧ ਕਿਤਾਬ ਨਾਲ ਹੈ, ਸੇਖੋਂ ਸਾਹਿਬ ਦੇ ਨਾਟਕ 'ਕਲਾਕਾਰ' ਨਾਲ, ਪੰਜਾਹਵਿਆਂ ਦੇ ਅੰਤ ਵੇਲੇ ਜਿਸ ਬਾਰੇ ਚਰਚਾ ਸਿਖਰਾਂ ਨੂੰ ਪਹੁੰਚਾ ਹੋਇਆ ਸੀ। ਆਜ਼ਾਦੀ ਉਪਰੰਤ ਭਾਰਤ ਵਰਸ਼ ਵਿਚ ਔਰਤ ਜਾਤ ਨੂੰ ਜੋ ਨਵੀਂ ਸੂਝ ਮਿਲੀ, ਵਿੱਦਿਆ ਭਾਸਕਰ ਦਾ ਲੇਖ ਇਸ ਦਾ ਉਲੇਖ ਕਰਦਾ ਸੀ। ਕਿਸ਼ਨ ਸਿੰਘ ਨੇ ਇਸ ਵਿਚ ਜੋ ਨੰਗੇਜ਼ ਦੀਆਂ ਗੱਲਾਂ ਸਨ, ਉਨ੍ਹਾਂ ਤੇ ਵਾਵੇਲਾ ਖੜ੍ਹਾ ਕੀਤਾ ਹੋਇਆ ਸੀ। ਅਤਰ ਸਿੰਘ ਪ੍ਰਗਤੀਵਾਦੀ ਲੇਖਕ ਦੇ ਜੋ ਦਵੰਦ ਹੋ ਸਕਦੇ ਹਨ, ਉਨ੍ਹਾਂ ਦੇ ਇਸ ਨਾਟਕ ਵਿਚੋਂ ਨਿਸ਼ਾਨਦੇਹੀ ਕਰ ਰਹੇ ਸਨ।

ਜਦ ਮੈਂ ਇਹ ਨਾਟਕ ਪੜ੍ਹਿਆ ਤਾਂ ਚੰਦਰਮਾ ਨਾਮੀ ਪਾਤਰ ਜੋ ਕੁਝ ਅੰਮ੍ਰਿਤਾ ਸ਼ੇਰਗਿੱਲ ਬਾਰੇ ਕਹਿੰਦੀ ਹੈ ਉਹ ਮੈਨੂੰ ਬਹੁਤ ਭਾਵਪੂਰਤ ਲੱਗਿਆ। ਉਸ ਦਾ ਕਹਿਣਾ ਹੈ ਕਿ ਯੂਰਪੀ ਮਾਂ ਦੀ ਧੀ ਹੋਣ ਕਾਰਨ, ਉਸ ਵਿਚ ਪੱਛਮੀ ਖ਼ੂਨ ਸੀ। ਪਰ ਬਾਪ ਦੇ ਪੰਜਾਬੀ ਹੋਣ ਕਾਰਨ, ਉਸ ਵਿਚ ਪੰਜਾਬੀ ਖ਼ੂਨ ਇੰਨਾ ਬਲਵਾਨ ਸੀ ਕਿ ਇਸ ਤੋਂ ਮੁਨਕਰ ਨਹੀਂ ਸੀ ਹੋਇਆ ਜਾ ਸਕਦਾ। ਦੋਨੋਂ ਤਰ੍ਹਾਂ ਦੇ ਖ਼ੂਨ ਕਾਰਨ ਉਸ ਨੇ ਭਾਰਤ ਵਿਚ ਨਵੀਨ ਚਿੱਤਰਕਾਰੀ ਦੀ ਬੁਨਿਆਦ ਰੱਖ ਦਿੱਤੀ। ਇਸ ਦੀ ਵਿਧਾ-ਵਿਧੀ ਪੱਛਮ ਤੋਂ ਪ੍ਰਭਾਵਿਤ ਸੀ ਪਰ ਇਸ ਦਾ ਵਿਸ਼ਾ-ਵਸਤੂ ਨਿਰੋਲ ਭਾਰਤੀ ਸੀ।

ਅਫ਼ਸੋਸ ਦੀ ਗੱਲ ਇਹ ਹੈ ਕਿ ਜਵਾਨੀ ਵਿਚ ਦਿਹਾਂਤ ਪਾ ਜਾਣ ਕਾਰਨ, ਉਹ ਆਪਣੀ ਪ੍ਰਤਿਭਾ ਦਾ ਕਮਾਲ ਪੂਰੀ ਤਰ੍ਹਾਂ ਦਿਖਾ ਨਾ ਸਕੀ।

? ਸੇਖੋਂ ਸਾਹਿਬ ਤਾਂ ਜ਼ਰੂਰ ਅੰਮ੍ਰਿਤਾ ਸ਼ੇਰਗਿੱਲ ਨੂੰ ਮਿਲੇ ਹੋਣਗੇ। ਕੀ ਇਸ ਬਾਰੇ ਉਨ੍ਹਾਂ ਨਾਲ ਤੁਹਾਡੀ ਗੱਲਬਾਤ ਹੋਈ?

– ਮੇਰੀ ਸੇਖੋਂ ਸਾਹਿਬ ਨਾਲ ਇਸ ਬਾਰੇ ਕਈ ਵਾਰ ਗੱਲਬਾਤ ਹੋਈ ਸੀ। ਪਹਿਲੀ ਵਾਰੀ ਖ਼ਾਲਸਾ ਕਾਲਜ ਛੱਡਣ ਤੋਂ ਪਹਿਲਾਂ ਸੇਖੋਂ ਸਾਹਿਬ ਸੁਰਜੀਤ ਸਿੰਘ ਮਜੀਠੀਆ ਨੂੰ ਟਿਊਸ਼ਨ ਪੜ੍ਹਾਇਆ ਕਰਦੇ ਸਨ। ਉਹ ਸੁੰਦਰ ਸਿੰਘ ਮਜੀਠੀਆ ਦਾ ਪੁੱਤਰ ਸੀ ਅਤੇ ਇਸ ਤਰ੍ਹਾਂ ਅੰਮ੍ਰਿਤਾ ਸ਼ੇਰਗਿੱਲ ਦਾ ਚਚੇਰਾ ਭਰਾ ਲੱਗਦਾ ਸੀ। ਮਜੀਠਾ ਨਿਵਾਸ ਵਿਚ ਉਨ੍ਹਾਂ, ਉਸ ਨੂੰ ਦੇਖਿਆ ਜ਼ਰੂਰ ਸੀ ਪਰ ਦੂਰੋਂ ਹੀ ਜਿਸ ਕਾਰਨ ਉਸ ਦੀ ਸ਼ਕਲ ਬਾਰੇ ਬਹੁਤਾ ਕੁਝ ਨਾ ਦੱਸ ਸਕੇ।

ਨਾਟਕ ਵਿਚ ਜਿਹੜਾ ਚੰਦਰਮਾ ਦਾ ਅੰਮ੍ਰਿਤਾ ਸ਼ੇਰਗਿੱਲ ਦੀ ਕਲਾ ਬਾਰੇ ਵਿਚਾਰ ਹੈ, ਉਹ ਮੂਲ ਰੂਪ ਵਿਚ ਸੇਖੋਂ ਸਾਹਿਬ ਦਾ ਆਪਣਾ ਹੈ ਜੋ ਇਕ ਪਾਤਰ ਦੇ ਮੂੰਹੋਂ ਅਖਵਾਇਆ ਗਿਆ ਹੈ। ਇਸ ਤੋਂ ਭਲੀ ਭਾਂਤ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਦੀ ਕਲਾ ਦੇ ਉਹ ਕਿਸ ਹੱਦ ਤੱਕ ਕਦਰਦਾਨ ਸਨ।

? ਤੁਸੀਂ ਵੀ ਫੇਰ ਆਪਣੇ ਮਾਮੇ ਵਾਲੀ ਪੁਜੀਸ਼ਨ ਲੈ ਲਈ?

ਜੋ ਕੁਝ ਮੈਂ ਅੰਮ੍ਰਿਤਾ ਬਾਰੇ ਇਕੱਤਰ ਕਰਦਾ ਆਇਆ ਸੀ, ਉਸ ਨੂੰ ਮੇਰੇ ਅਧਿਐਨ ਦਾ ਆਰੰਭ ਮਿੱਥਣ ਵਿਚ ਸੇਖੋਂ ਸਾਹਿਬ ਦੀ ਇਸ ਧਾਰਨਾ ਦਾ ਮੁੱਖ ਕਰਤੱਵ ਬਣ ਗਿਆ। ਮੇਰੇ ਲਈ ਇਹ ਜਾਣਨਾ ਜ਼ਰੂਰੀ ਹੋ ਗਿਆ ਕਿ ਜੋ ਦੋਨੋਂ ਤਰ੍ਹਾਂ ਦਾ ਖ਼ੂਨ ਉਸ ਦੀਆਂ ਰਗਾਂ ਵਿਚ ਵਹਿੰਦਾ ਸੀ ਉਸ ਦਾ ਸੁਭਾਵ ਕਿਸ ਪ੍ਰਕਾਰ ਦਾ ਸੀ ਅਤੇ ਅੰਮ੍ਰਿਤਾ ਦੀ ਦੇਹ ਵਿਚ ਦਾਖ਼ਲ ਹੋ ਕੇ ਉਹ ਕਿਸ ਜਮਾਲ ਨੂੰ ਜਾ ਪਹੁੰਚਾ।

? ਕਿਸ ਤਰ੍ਹਾਂ ਦਾ ਸੀ ਦੋਨੋਂ ਤਰ੍ਹਾਂ ਦਾ ਖ਼ੂਨ ਤੇ ਕਿਸ ਜਮਾਲ ਨੂੰ ਜਾ ਪਹੁੰਚਾ ਇਸ ਦਾ ਮੇਲ?

– ਜਿੱਥੋਂ ਤੱਕ ਉਸ ਵਿਚਲੇ ਪੰਜਾਬੀ ਖ਼ੂਨ ਦਾ ਸੰਬੰਧ ਹੈ, ਇਕੱਤਰ ਕੀਤੇ ਲੇਖਾਂ ਤੋਂ ਇਹ ਪਤਾ ਚੱਲ ਜਾਂਦਾ ਸੀ ਕਿ ਅੰਮ੍ਰਿਤਾ ਦੇ ਪਿਤਾ ਦਾ ਨਾਂਅ ਉਮਰਾਓ ਸਿੰਘ ਸ਼ੇਰਗਿੱਲ ਸੀ। ਉਹ ਸੁੰਦਰ ਸਿੰਘ ਮਜੀਠੀਆ ਦਾ ਵੱਡਾ ਭਰਾ ਸੀ। ਜਿੱਥੇ ਛੋਟਾ ਭਰਾ ਪੰਜਾਬ ਦੀ ਰਾਜਨੀਤੀ ਦਾ ਪ੍ਰਬੀਨ ਖਿਲਾੜੀ ਸੀ ਉਥੇ ਵੱਡਾ ਭਰਾ ਸੰਸਕ੍ਰਿਤ ਅਤੇ ਫਾਰਸੀ ਦਾ ਵਿਦਵਾਨ ਸੀ। ਅੰਗਰੇਜ਼ੀ ਦਾ ਵੀ ਉਹ ਗਿਆਤਾ ਸੀ। ਉਸ ਨੇ ਹੰਗਰੀ ਤੋਂ ਆਈ ਤ੍ਰੀਮਤ ਨਾਲ ਸ਼ਾਦੀ ਕਰ ਲਈ ਸੀ ਜਿਸ ਤੋਂ ਅੰਮ੍ਰਿਤਾ ਅਤੇ ਉਸ ਦੀ ਛੋਟੀ ਭੈਣ ਨੇ ਜਨਮ ਲਿਆ। ਉਹ ਨਿਰਲੇਪ ਸੁਭਾਅ ਦਾ ਬੰਦਾ ਸੀ। ਵਧੇਰੇ ਪੱਛਮ ਵਿਚ ਹੀ ਰਿਹਾ। ਜਦ ਭਾਰਤ ਆਇਆ ਤਾਂ ਉਸ ਨੇ ਸ਼ਿਮਲੇ ਟਿਕਾਣਾ ਕਰੀ

ਰੱਖਿਆ। ਦੂਜੇ ਲਫ਼ਜ਼ਾਂ ਵਿਚ ਕਹਿ ਸਕਦੇ ਹਾਂ ਕਿ ਇਹ ਜਗੀਰਦਾਰੀ ਖ਼ੂਨ ਸੀ, ਆਪਣੀ ਉੱਤਮਤਾ ਵਿਚ ਵਿਸ਼ਵਾਸ ਰੱਖਣ ਵਾਲਾ। ਬਸਤੀਵਾਦੀ ਸਰਕਾਰ ਨੂੰ ਵੀ ਇਸ ਦੀ ਕਦਰ ਸੀ ਪਰ ਉਮਰਾਉ ਸਿੰਘ ਵਿਚ ਜ਼ਰੂਰ ਇਸ ਨੇ ਬਸਤੀਵਾਦ ਪ੍ਰਤੀ ਸੰਕੋਚ ਬਣਾਇਆ ਹੋਇਆ ਸੀ।

? ਤੁਹਾਨੂੰ ਇਸ ਵਿਚ ਹੋਰ ਕੀ ਨਜ਼ਰ ਆਇਆ?

– ਮੈਂ ਦੂਰ ਤੱਕ ਇਸ ਦਾ ਪਿਛੋਕੜ ਜਾਨਣ ਦਾ ਯਤਨ ਕੀਤਾ। ਇਨ੍ਹਾਂ ਦੋਨਾਂ ਭਰਾਵਾਂ ਦੇ ਬਾਪ ਦਾ ਨਾਂ ਸੂਰਤ ਸਿੰਘ ਸੀ ਜਿਸ ਨੇ 1857 ਦੇ ਗ਼ਦਰ ਵੇਲੇ ਅੰਗਰੇਜ਼ ਸਰਕਾਰ ਦੀ ਬਹੁਤ ਮੱਦਦ ਕੀਤੀ ਸੀ। ਇਸ ਕਾਰਨ ਉਸ ਨੂੰ ਯੂ.ਪੀ. ਵਿਚ ਵੱਡੀ ਜਾਇਦਾਦ ਇਨਾਮ ਵਜੋਂ ਮਿਲੀ ਅਤੇ ਰਾਜੇ ਦੇ ਖ਼ਿਤਾਬ ਨਾਲ ਨਿਵਾਜਿਆ ਗਿਆ। ਪਰ ਕੀ ਇਸ ਆਧਾਰ 'ਤੇ ਮੰਨ ਲਿਆ ਜਾਵੇ ਕਿ ਉਸ ਦੇ ਖ਼ੂਨ ਵਿਚ ਧ੍ਰੋਹ ਮਿਲਿਆ ਹੋਇਆ ਸੀ? ਇਸ ਦਾ ਨਿਰੋਲ ਨਾਂਹ ਜਾਂ ਹਾਂ ਵਿਚ ਜਵਾਬ ਨਹੀਂ ਹੋ ਸਕਦਾ। ਗ਼ਦਰ ਤੋਂ ਪਹਿਲਾਂ ਉਹ ਆਪ ਬਨਾਰਸ ਦੇ ਕਿਲ੍ਹੇ ਵਿਚ ਕੈਦ ਸੀ। ਗ਼ਦਰ ਵਿਰੁੱਧ ਤਾਂ ਇਹ ਜਾਣ ਕੇ ਉਹ ਹੋਇਆ ਸੀ ਕਿ ਬਾਗੀ ਹੋਏ ਪੂਰਬੀਏ ਸਿਪਾਹੀ ਰਾਣੀ ਜਿੰਦਾਂ ਦਾ ਖ਼ਜ਼ਾਨਾ ਲੁੱਟਣ ਆ ਪਏ ਸਨ। ਉਦੋਂ ਵਿਆਪਕ ਅਹਿਸਾਸ ਰਾਜਾਂ ਦਾ ਸੀ, ਦੇਸ਼ ਦਾ ਨਹੀਂ। ਇਸ ਤਰ੍ਹਾਂ ਦੇਸ਼ ਦੀਆ ਭਿੰਨ ਰਿਆਸਤਾਂ ਵੱਲੋਂ ਹੋਈਆਂ ਬਗ਼ਾਵਤਾਂ ਨਾਲ ਤਾਂ ਉਸ ਨੇ ਜ਼ਰੂਰ ਧ੍ਰੋਹ ਕਮਾਇਆ ਪਰ ਪੰਜਾਬ ਨਾਲ ਨਹੀਂ ਜਿਸ ਦੀ ਅੰਗਰੇਜ਼-ਵਿਰੋਧੀ ਭਾਵਨਾ ਨੂੰ ਰਾਣੀ ਜਿੰਦਾਂ ਹੀ ਤਾਂ ਸਾਕਾਰ ਕਰ ਰਹੀ ਸੀ।

? ਉਸ ਤੋਂ ਪਹਿਲਾਂ ਇਸ ਪਰਿਵਾਰ ਦੇ ਬਜ਼ੁਰਗਾਂ ਦਾ ਖ਼ੂਨ ਕਿਸ ਤਰ੍ਹਾਂ ਦਾ ਸੀ?

– ਇਸ ਪਰਿਵਾਰ ਦੇ ਇਸ ਤੋਂ ਪਹਿਲਾਂ ਦੇ ਬਜ਼ੁਰਗ ਤਿੰਨ ਭਰਾ ਸਨ। ਦੋਨਾਂ ਦਾ ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚ ਜ਼ਿਕਰ ਵੀ ਆਉਂਦਾ ਹੈ। ਪਹਿਲਾ ਸੀ ਰਣਜੋਧ ਸਿੰਘ ਜਿਹੜਾ ਰਣਜੀਤ ਸਿੰਘ ਦੇ ਰਾਜਪਾਟ ਦੌਰਾਨ ਕਾਂਗੜਾ ਰਾਜ ਦਾ ਹਾਕਮ ਰਿਹਾ। ਦੂਜਾ ਸੀ ਲਹਿਣਾ ਸਿੰਘ ਜਿਸ ਨੂੰ ਸ਼ਾਹ ਮੁਹੰਮਦ "ਅਕਲ ਦਾ ਕੋਟ" ਕਹਿ ਕੇ ਵਡਿਆਉਂਦਾ ਹੈ। ਰਣਜੋਧ ਸਿੰਘ ਬੱਦੋਵਾਲ ਦੀ ਲੜਾਈ ਵਿਚ ਅੰਗਰੇਜ਼ਾਂ ਵਿਰੁੱਧ ਲੜਿਆ ਸੀ ਅਤੇ ਰਾਜਸੀ ਪੱਖ ਤੋਂ ਪੰਜਾਬ-ਪਿਆਰ 'ਤੇ ਪੂਰਾ ਉਤਰਿਆ ਸੀ। ਲਹਿਣਾ ਸਿੰਘ, ਜਿਵੇਂ ਸ਼ਾਹ ਮੁਹੰਮਦ ਜ਼ਿਕਰ ਕਰਦਾ ਹੈ, ਤੀਰਥਾਂ ਨੂੰ ਤੁਰ ਗਿਆ। ਅੱਧਾ ਸਿੱਖ ਰਾਜ ਅੰਗਰੇਜ਼ਾਂ ਹਵਾਲੇ ਹੋ ਜਾਣ ਮਗਰੋਂ ਵਾਪਸ ਆਇਆ ਪਰ ਫੇਰ ਬਨਾਰਸ ਚਲਾ ਗਿਆ ਜਿੱਥੇ ਉਸ ਦਾ ਦਿਹਾਂਤ ਹੋ ਗਿਆ। ਰਾਜਸੀ ਪੱਖ ਤੋਂ ਭਾਵੇਂ ਉਹ ਪੰਜਾਬ-ਪਿਆਰ 'ਤੇ ਪੂਰਾ ਨਾ ਉੱਤਰਿਆ ਪਰ ਸੱਭਿਆਚਾਰਕ ਪੱਖ ਤੋਂ ਉਹ ਅਲੌਕਿਕ ਬੰਦਾ ਸੀ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਆਉਂਦਾ, ਉਹ ਕਈ

ਜ਼ਬਾਨਾਂ ਦਾ ਗਿਆਤਾ ਸੀ। ਵੱਡੀ ਗੱਲ ਇਹ ਹੈ ਕਿ ਕਲਾ ਦਾ ਬੇਮਿਸਾਲ ਕਦਰਦਾਨ ਸੀ। ਪਹਾੜੀ ਕਲਾਕਾਰਾਂ ਨੇ ਉਸੇ ਦੀ ਪ੍ਰੇਰਣਾ ਅਧੀਨ ਸਿੱਖ ਦਰਬਾਰ ਅਤੇ ਦਰਬਾਰੀਆਂ ਦੇ ਚਿੱਤਰ ਬਣਾਏ ਸਨ। ਕਹਿ ਸਕਦੇ ਹਾਂ ਉਸ ਦੇ ਖ਼ੂਨ ਵਿਚ ਵਿਦਵਾਨ ਬਣਨ, ਕਲਾ ਨੂੰ ਉਤਸ਼ਾਹਿਤ ਕਰਨ, ਸੱਭਿਆਚਾਰ ਨੂੰ ਸੰਭਾਲਣ ਦੀ ਬੜੀ ਤਾਂਘ ਸੀ। ਜਗੀਰਦਾਰੀ ਦੀ ਉਦਾਰਤਾ ਵੀ ਉਸ ਵਿਚ ਸਾਹ ਲੈ ਰਹੀ ਸੀ।

? ਮਾਂ ਵਲੋਂ ਆਏ ਪੱਛਮੀ ਖ਼ੂਨ ਦਾ ਇਸ ਨਾਲੋਂ ਕੀ ਭੇਦ ਬਣਦਾ ਹੈ?

– ਮਾਂ ਦਾ ਪਰਿਵਾਰ ਮੱਧ ਵਰਗ ਵਿਚੋਂ ਸੀ। ਜਗੀਰਦਾਰੀ ਪਰਿਵਾਰ ਵਿਚ ਜੋ ਭੋਇੰ ਦੀ ਮਾਲਕੀ ਦਾ ਮਹੱਤਵ ਹੁੰਦਾ ਹੈ ਉਹ ਮੱਧਵਰਗੀ ਪਰਿਵਾਰ ਵਿਚ ਆ ਕੇ ਮਾਇਕ ਖ਼ੁਸ਼ਹਾਲੀ ਦੀ ਲਾਲਸਾ ਵਿਚ ਬਦਲ ਜਾਂਦਾ ਹੈ। ਜਦੋਂ ਤੱਕ ਬੀਮਾ ਕੰਪਨੀ ਦੀ ਨੌਕਰੀ ਤੋਂ ਮਾਇਆ ਵਟੋਰਨ ਵਾਲਾ ਘਰ ਦਾ ਮੁਖੀਆ ਜਿੰਦਾ ਸੀ, ਖ਼ੁਸ਼ਹਾਲੀ ਹੀ ਖ਼ੁਸ਼ਹਾਲੀ ਸੀ। ਉਸ ਦੀ ਅਚਾਨਕ ਮੌਤ ਹੋ ਜਾਣ ਕਾਰਨ, ਅੰਮ੍ਰਿਤਾ ਸ਼ੇਰਗਿੱਲ ਦੀ ਵਿਧਵਾ ਨਾਨੀ ਨੂੰ ਬਦਹਾਲੀ ਨਜ਼ਰ ਆਉਣ ਲੱਗੀ। ਫੇਰ ਵੀ ਉਸ ਵਿਚ ਦੰਮ ਖੰਮ ਸੀ, ਮੁਸੀਬਤ ਦਾ ਟਾਕਰਾ ਕਰਨ ਦੀ ਸਿਰੜ ਸੀ। ਉਦਾਸੀ ਤੋਂ ਮੁਕਤ ਮਹਿਸੂਸ ਕਰਨ ਲਈ ਸੰਗੀਤ ਦਾ ਸ਼ੌਕ ਵੀ ਸੀ।

? ਅੰਮ੍ਰਿਤਾ ਦੀ ਮਾਂ ਨੂੰ ਵੀ ਤਾਂ ਸੰਗੀਤ ਦਾ ਸ਼ੌਕ ਸੀ। ਤੁਹਾਡੇ ਅਨੁਸਾਰ ਤਾਂ ਆਪਣੀ ਬੇਟੀ ਨੂੰ ਵੀ ਉਹ ਸੰਗੀਤਕਾਰ ਬਣਾਉਣਾ ਚਾਹੁੰਦੀ ਸੀ। ਉਸ ਦੀ ਚਾਹਤ ਕਿਉਂ ਪੂਰੀ ਨਾ ਹੋਈ?

– ਅੰਮ੍ਰਿਤਾ ਦੀ ਮਾਂ ਨੂੰ ਵੀ ਸੰਗੀਤ ਦਾ ਸ਼ੌਕ ਸੀ। ਇਸ ਵਿਚ ਪ੍ਰਬੀਨ ਬਣਨ ਦੀ ਉਸ ਨੂੰ ਕੋਈ ਤਾਂਘ ਨਹੀਂ ਸੀ। ਗਹਿਰੀ ਉਦਾਸੀ ਨੂੰ ਟਾਲਣ ਲਈ ਵੀ ਸੰਗੀਤ ਉਸ ਦਾ ਸ੍ਰੋਤ ਨਹੀਂ ਸੀ। ਉਹ ਤਾਂ ਇਸ ਨੂੰ ਕੇਵਲ ਸਾਧਨ ਵਜੋਂ ਹੀ ਵਰਤ ਕੇ ਤਸੱਲੀ ਕਰ ਲੈਂਦੀ ਸੀ। ਸ਼ਹਿਜ਼ਾਦੀ ਬੰਬਾ ਤੋਂ ਨੌਕਰੀ ਲੈਣ, ਉਮਰਾਉ ਸਿੰਘ ਭਰਮਾਣ ਖ਼ਾਤਰ, ਸੰਗੀਤ ਕੇਵਲ ਉਸ ਲਈ ਸਾਧਨ ਸਮਾਨ ਸੀ। ਉਸ ਦੀ ਜ਼ਿੰਦਗੀ ਵਿਚ ਕੋਈ ਟਿਕਾਉ ਨਾ ਆ ਸਕਿਆ। ਨਾ ਹੀ ਉਸ ਨੇ ਇਸ ਨੂੰ ਭਾਲਣ ਦਾ ਯਤਨ ਹੀ ਕੀਤਾ। ਸ਼ਿਮਲੇ ਆ ਕੇ ਤਾਂ ਉਸ ਦੀ ਤਲਖ਼ੀ ਅਤੇ ਬਦ-ਮਿਜ਼ਾਜੀ ਵਿਚ ਵਾਧਾ ਹੀ ਹੁੰਦਾ ਚਲਿਆ ਗਿਆ। ਮੇਰਾ ਖ਼ਿਆਲ ਹੈ ਕਿ ਸੰਗੀਤ ਅਤੇ ਸੰਗੀਤਕਾਰੀ ਵਿਚ ਇਹ ਜੋ ਪਾੜਾ ਉਸ ਦੇ ਕਾਰ ਵਿਹਾਰ, ਬੋਲ ਕਬੋਲ ਤੋਂ ਝਲਕਦਾ ਸੀ, ਉਸ ਨੇ ਅੰਮ੍ਰਿਤਾ ਨੂੰ ਸੰਗੀਤਕਾਰ ਬਣਨ ਤੋਂ ਰੋਕੀ ਰੱਖਿਆ। ਉਸ ਨੇ ਇਸ ਨੂੰ ਕਸਬ ਨਾ ਬਣਾਇਆ ਭਾਵੇਂ ਪਿਆਨੋ ਉਹ ਕਾਫ਼ੀ ਚੰਗੀ ਤਰ੍ਹਾਂ ਵਜਾ ਲੈਂਦੀ ਸੀ।

? ਚਿੱਤਰਕਾਰੀ ਨੂੰ ਉਸ ਨੇ ਕਸਬ ਵਜੋਂ ਕਿਉਂ ਲਿਆ? ਕਿਹੜੀਆਂ ਗੱਲਾਂ ਸਨ ਜਿਨ੍ਹਾਂ ਨੇ ਉਸ ਨੂੰ ਸਾਹਿਤਕਾਰੀ ਵੱਲੋਂ ਵੀ ਮੋੜੀ ਰੱਖਿਆ ਭਾਵੇਂ

ਤੁਹਾਡੇ ਕਹਿਣ ਅਨੁਸਾਰ ਉਹ ਹੰਗੇਰੀਅਨ, ਫਰਾਂਸੀਸੀ ਅਤੇ ਬਾਅਦ ਵਿਚ ਅੰਗਰੇਜ਼ੀ ਬੜੀ ਕੁਸ਼ਲਤਾ ਸਹਿਤ ਲਿਖ ਲੈਂਦੀ ਸੀ?

– ਇਕ ਵਾਰ ਇਹ ਪੁੱਛੇ ਜਾਣ ’ਤੇ ਕਿ ਉਸ ਨੇ ਚਿੱਤਰਕਾਰੀ ਕਰਨੀ ਕਦੋਂ ਆਰੰਭ ਕੀਤੀ, ਅੰਮ੍ਰਿਤਾ ਦਾ ਜਵਾਬ ਸੀ ਕਿ ਇਹ ਤਾਂ ਉਹ ਜਨਮ ਤੋਂ ਕਰਦੀ ਆਈ ਹੈ। ਜਵਾਬ ਰੌਚਕ ਤਾਂ ਹੈ ਪਰ ਵਿਵੇਕ ਦੇ ਪੱਧਰ ’ਤੇ ਸਮਝਣ ਲਈ ਇਸ ਨੂੰ ਉਸ ਦੇ ਬਚਪਨ ਨਾਲ ਜੋੜਨਾ ਜ਼ਰੂਰੀ ਹੈ। ਹੰਗਰੀ ਵਿਚ ਅੰਮ੍ਰਿਤਾ ਦੇ ਜਨਮ ਤੋਂ ਸਾਲ ਮਗਰੋਂ ਹੀ ਪਹਿਲਾ ਸੰਸਾਰ ਯੁੱਧ ਛਿੜ ਗਿਆ, ਕਿਉਂਕਿ ਹੰਗਰੀ ਇੰਗਲੈਂਡ ਵਾਲੀ ਧਿਰ ਦੀ ਵਿਰੋਧੀ ਧਿਰ ਵਿਚ ਸ਼ਾਮਿਲ ਸੀ, ਇਸ ਲਈ ਉਮਰਾਉ ਸਿੰਘ ਨੂੰ ਹਿੰਦੁਸਤਾਨੀ ਹੋਣ ਕਰਕੇ, ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਜੋ ਇਧਰੋਂ ਉਹ ਮਾਇਆ ਮੰਗਵਾਉਂਦਾ ਸੀ, ਉਹ ਰੁਕ ਗਈ ਅਤੇ ਪਰਿਵਾਰ ਨੂੰ ਦਿਨ ਕਟੀ ਕਰਨ ਖਾਤਰ, ਬੁਡਾਪੈਸਟ ਛੱਡ ਕੇ ਦੂਰ ਪਿੰਡ ਵਿਚ ਜਾ ਕੇ ਰਹਿਣਾ ਪਿਆ। ਉਥੇ ਨਾ ਪੜ੍ਹਾਈ ਦੀ ਕੋਈ ਸੁਵਿਧਾ ਸੀ ਨਾ ਸੰਗੀਤ-ਸਿੱਖਿਆ ਦੀ, ਸੋ ਬੱਚੀਆਂ ਕੋਲ ਕੁਦਰਤ ਦੇ ਨਜ਼ਾਰਿਆਂ, ਬਿਰਖਾਂ, ਬੂਟਿਆਂ, ਫਲਾਂ, ਫੁੱਲਾਂ ਨੂੰ ਦੇਖ ਕੇ ਹੀ ਮਨ ਰਿਝਾਣਾ ਪੈਂਦਾ ਸੀ। ਇਸ ਤੋਂ ਚਿੱਤਰਕਾਰੀ ਦੀ ਲਾਗ ਲੱਗ ਗਈ, ਜਿਸ ਨੂੰ ਹੋਰ ਵੀ ਬਲ ਮਿਲਿਆ ਜਦੋਂ ਸ਼ਿਮਲੇ ਦੇ ਈਸਾਈ ਸਕੂਲ ਨੇ ਅੰਮ੍ਰਿਤਾ ਨੂੰ ਖਾਰਿਜ ਕਰ ਦਿੱਤਾ। ਮਾਂ ਕੋਲ ਸੰਗੀਤ ਸਿਖਾਣ ਲਈ ਲੋੜੀਂਦਾ ਸਬਰ ਨਹੀਂ ਸੀ। ਬਾਪ ਅਧਿਆਤਮਕ ਜੋਤਿਸ਼ ਅਤੇ ਤਾਰਾ-ਗਿਆਨ ਦੇ ਉਚੇਰੇ ਮੰਡਲਾਂ ਵਿਚ ਵਿਚਰਦਾ ਸੀ। ਭਾਸ਼ਾ, ਇਸ ਦਾ ਸ਼ਾਸਤਰ ਸਿਖਾਣ ਦਾ ਉਸ ਕੋਲ ਵਿਹਲ ਹੀ ਕਿੱਥੇ ਸੀ। ਇਸ ਕਾਰਨ ਅੰਮ੍ਰਿਤਾ ਨਾ ਸੰਗੀਤ ਅਤੇ ਨਾ ਸਾਹਿਤਕਾਰੀ ਨੂੰ ਆਪਣਾ ਕਸਬ ਬਣਾਉਣ ਵਲ ਰੁਚਿਤ ਹੋ ਸਕੀ। ਚਿੱਤਰਕਾਰੀ ਕਰਨ ਦੀ ਲਾਲਸਾ ਹੀ ਦਿਲ ਤੋਂ ਚੱਲ ਕੇ ਉਸ ਦੇ ਜਿਗਰ ਤੱਕ ਉਤਰ ਸਕੀ। ਇਹ ਤਾਂ ਉਸ ਦੀ ਪ੍ਰਤਿਭਾ ਹੀ ਸੀ ਜਿਸ ਨੇ ਉਸ ਨੂੰ ਪਿਆਨੋ ਵਜਾਉਣ ਅਤੇ ਤਿੰਨ ਜ਼ਬਾਨਾਂ ਵਿਚ ਖ਼ੂਬੀ ਨਾਲ ਲਿਖਣ ਦੇ ਸਮਰੱਥ ਬਣਾ ਦਿੱਤਾ। ਖ਼ੂਬ-ਤਰ-ਖ਼ੂਬ ਬਣਨ ਦੀ ਸਮਰੱਥਾ ਉਹ ਚਿੱਤਰਕਾਰੀ ਵਿਚ ਹੀ ਜਤਲਾ ਸਕੀ।

? ਤੁਹਾਡੇ ਮੁਤਾਬਕ ਉਸ ਦੇ ਚਿੱਤਰਕਾਰ ਬਣਨ ਵਿਚ ਅੰਮ੍ਰਿਤਾ ਦੇ ਮਾਮੇ ਦਾ ਵੀ ਕਾਫ਼ੀ ਹੱਥ ਸੀ। ਚਿੱਤਰਕਾਰੀ ਵੱਲੋਂ ਮੁੱਖ ਮੋੜ ਕੇ, ਉਸ ਨੇ ਇਸ ਪਾਸੇ ਐਨਾ ਤਰੱਦਦ ਕਿਉਂ ਕੀਤਾ?

– ਇਹ ਕਈ ਸਾਲ ਮਗਰੋਂ ਦੀ ਗੱਲ ਸੀ। ਸਕੂਲ ਤੋਂ ਖਾਰਿਜ ਕੀਤੇ ਜਾਣ ਉਪਰੰਤ ਅੰਮ੍ਰਿਤਾ ਲਈ ਖਾਕੇ ਵਾਹ ਕੇ ਉਨ੍ਹਾਂ ਵਿਚ ਰੰਗ ਭਰਨਾ ਹੀ ਮਨ-ਪਰਚਾਵੇ ਦਾ ਸਾਧਨ ਬਣ ਕੇ ਰਹਿ ਗਿਆ ਸੀ। ਆਪਣੀ ਉਮਰ ਦੀਆਂ ਕੁੜੀਆਂ ਨਾਲੋਂ ਵਿੱਛੜੀ ਕੂੰਜ ਵਾਂਗ ਅਲੱਗ ਥਲੱਗ ਹੋਈ, ਉਹ ਇਸ ਵਿਚ ਕੁਝ ਕਰ ਦਿਖਾਣ ਦਾ ਇਕ ਰਾਹ ਪੇਸ਼ ਕਰਨ ਲੱਗ ਪਈ ਸੀ। ਵਿਚ

ਵਿਚਾਲੇ ਇਟਲੀ ਜਾਣ ਦਾ ਸਬੱਬ ਬਣ ਗਿਆ ਜਿਥੇ ਕਿਸੇ ਕਲਾ-ਕੇਂਦਰ ਵਿਚ ਦਾਖ਼ਲਾ ਦਿਵਾਉਣ ਦੀ ਬਜਾਏ ਉਸ ਦੀ ਮਾਂ ਆਪਣੇ ਆਸ਼ਿਕ ਕੋਲ ਰਹਿਣ ਚਲੀ ਗਈ ਸੀ। ਉਦੋਂ ਤੱਕ ਆਸ਼ਿਕ ਦਾ ਵੇਗ ਠੰਡਾ ਪੈ ਚੁੱਕਾ ਸੀ ਇਸ ਲਈ ਉਸ ਦੀ ਮਾਂ ਦੁਬਾਰਾ ਉਸ ਨੂੰ ਸ਼ਿਮਲੇ ਲੈ ਆਈ ਸੀ, ਹੋਰ ਵੀ ਤਨਹਾਈ ਦੇ ਸਪੁਰਦ ਕਰ ਦੇਣ ਲਈ ਜਿਸ ਤੋਂ ਰਾਹਤ ਪਾਉਣ ਲਈ ਅੰਮ੍ਰਿਤਾ ਨੂੰ ਲਕੀਰਾਂ ਅਤੇ ਰੰਗਾਂ ਦੀ ਦੁਨੀਆਂ ਵਿਚ ਹੋਰ ਵੀ ਡੁੱਬਣਾ ਪੈਣਾ ਸੀ। ਇਸ ਪੜਾਅ 'ਤੇ ਅੰਮ੍ਰਿਤਾ ਦੇ ਮਾਮੇ, ਬਕਤਿ ਦਾ ਸ਼ਿਮਲੇ ਆਉਣ ਹੋ ਗਿਆ। ਚੜ੍ਹਦੀ ਜਵਾਨੀ ਵਿਚ ਉਸ ਨੇ ਵੀ ਚਿੱਤਰਕਾਰ ਬਣਨ ਦਾ ਸੁਪਨਾ ਲਿਆ ਸੀ। ਹੰਭਲਾ ਵੀ ਮਾਰਿਆ ਸੀ ਪਰ ਚਿੱਤਰਕਾਰੀ ਨੂੰ ਕਸਬ ਬਣਾਉਣ ਦੇ ਅਸਮਰੱਥ ਰਿਹਾ ਸੀ। ਇਥੇ ਪਹੁੰਚ ਕੇ ਜਦ ਉਸ ਨੇ ਆਪਣੀ ਭਾਣਜੀ ਦਾ ਕੰਮ ਦੇਖਿਆ ਤਾਂ ਦੰਗ ਹੀ ਰਹਿ ਗਿਆ। ਬੋਧੀ ਗ੍ਰੰਥਾਂ ਦਾ ਗਿਆਤਾ ਬਣ ਜਾਣ ਕਾਰਨ, ਉਹ ਉਮਰਾਉ ਸਿੰਘ ਦੇ ਮਨ ਦਾ ਬੜਾ ਭੇਦੀ ਹੋ ਗਿਆ ਸੀ। ਉਸ ਦੇ ਕਹਿਣ 'ਤੇ ਉਮਰਾਉ ਸਿੰਘ ਪੈਰਿਸ ਜਾ ਵਸਣ ਲਈ ਸਹਿਮਤ ਹੋ ਗਿਆ ਜਿਥੇ ਅੰਮ੍ਰਿਤਾ ਨੂੰ ਕਿਸੇ ਲਾਸਾਨੀ ਕਲਾ-ਕੇਂਦਰ ਵਿਚ ਦਾਖਲਾ ਦਿਵਾਇਆ ਜਾ ਸਕੇ। ਇਸ ਖਾਤਰ ਜਿਹੜੇ ਯੋਗ ਬੰਦਿਆਂ ਕੋਲ ਪਹੁੰਚ ਕਰਨੀ ਜ਼ਰੂਰੀ ਸੀ, ਉਸ ਦਾ ਵੀ ਉਸ ਨੇ ਪ੍ਰਬੰਧ ਕਰ ਦਿੱਤਾ। ਇਸ ਤਰ੍ਹਾਂ ਉਸ ਦੇ ਮਾਮੇ ਦਾ ਸ਼ਿਮਲੇ ਆਉਣਾ ਅੰਮ੍ਰਿਤਾ ਲਈ ਬੜਾ ਸੁਹੰਢਣਾ ਸਿੱਧ ਹੋਇਆ। ਮਾਮੇ ਲਈ ਵੀ ਉਸ ਦੀ ਆਮਦ ਦਾ ਇਹੋ ਜਿਹਾ ਹੀ ਇਕਰਾਰ ਬਣਿਆ। ਚਿੱਤਰਕਾਰੀ ਤੋਂ ਮੁੱਖ ਮੋੜ ਕੇ ਉਹ ਇਸ ਤੜਪ ਤੋਂ ਖਹਿੜਾ ਨਹੀਂ ਛੁਡਾ ਸਕਿਆ ਹੋਵੇਗਾ ਕਿ ਉਹ ਇਸ ਨੂੰ ਕਸਬ ਨਾ ਬਣਾ ਸਕਿਆ। ਆਪਣੀ ਭਾਣਜੀ ਨੂੰ ਅਜਿਹਾ ਕਰਦਿਆਂ ਦੇਖ ਕੇ ਉਸ ਨੂੰ ਜੋ ਅਨੁਭਵ ਹੋਇਆ ਹੋਵੇਗਾ ਉਸ ਨੂੰ ਤਸੱਲੀ ਦਾ ਨਾਂਅ ਦੇ ਦੇਣਾ ਸ਼ਾਇਦ ਕਾਫ਼ੀ ਨਾ ਹੋਵੇ।

? ਨਵੀਂ ਪ੍ਰਸਥਿਤੀ ਵਿਚ ਉਹ ਕਿਵੇਂ ਨਿਭੀ?

– ਉਸ ਦੇ ਮਾਮੇ ਦੇ ਰਸੂਖ ਕਾਰਨ, ਅੰਮ੍ਰਿਤਾ ਲਈ ਯੋਗ ਬੰਦਿਆਂ ਤੱਕ ਪਹੁੰਚ ਕਰਨਾ ਸੰਭਵ ਹੋ ਗਿਆ। ਸਭ ਤੋਂ ਲਾਭਵੰਦ ਹੋਇਆ ਪ੍ਰੋਫ਼ੈਸਰ ਸਾਈਮਨ ਨਾਲ ਮੇਲ ਜੋ ਪੈਰਿਸ ਵਿਚ ਬਣੇ ਫਰਾਂਸ ਦੇ ਸਭ ਤੋਂ ਲਾਸਾਨੀ ਕਲਾ ਕੇਂਦਰ ਵਿਚ ਚਿੱਤਰਕਾਰੀ ਵਿਭਾਗ ਦਾ ਮੁਖੀ ਸੀ। ਭਾਵੇਂ ਦਾਖ਼ਲੇ ਲਈ ਲੋੜੀਂਦੀ ਉਮਰ ਨਾਲੋਂ ਅੰਮ੍ਰਿਤਾ ਇਕ ਸਾਲ ਛੋਟੀ ਸੀ ਤਦ ਵੀ ਰੰਗਾਂ ਅਤੇ ਲਕੀਰਾਂ ਨਾਲ ਉਸ ਦੇ ਸ਼ੈਦਾਅ ਨੂੰ ਦੇਖ ਕੇ ਉਸ ਨੇ ਚਿੱਤਰਕਾਰੀ ਵਿਭਾਗ ਵਿਚ ਉਸ ਨੂੰ ਦਾਖ਼ਲ ਕਰ ਲਿਆ। ਚਿੱਤਰਕਾਰ ਦੇ ਤੌਰ 'ਤੇ ਉਹ ਪ੍ਰਭਾਵਵਾਦੀ ਲਹਿਰ ਨਾਲ ਜੁੜਿਆ ਜਿਸ ਲਈ ਸਟੂਡੀਓ ਵਿਚ ਬੰਦ ਰਹਿ ਕੇ, ਰੇਖਕੀ ਦੇ ਹਿਸਾਬ ਅਨੁਸਾਰ ਕੈਨਵਸ 'ਤੇ ਕਲਪਨਾ ਅਤੇ ਕਿਆਸ ਦੀ ਮਨਾਹੀ ਸੀ। ਸੂਰਜ ਦੇ ਚੜ੍ਹਣ ਲੱਥਣ, ਦਿਨ ਰਾਤ ਦੇ

ਫਰਕ, ਔੜ ਦੇ ਆਉਣ ਜਾਂ ਬਾਰਸ਼ ਦੇ ਪੈਣ ਦਾ ਜੋ ਬਨਸਪਤੀ ਅਤੇ ਨਿੱਤਾਪ੍ਰਤੀ ਜੀਵਨ 'ਤੇ ਬਣਦਾ ਬਿਣਸਦਾ ਪ੍ਰਭਾਵ ਪੈਂਦਾ ਸੀ, ਉਸ ਨੂੰ ਰੰਗਾਂ ਅਤੇ ਲਕੀਰਾਂ ਰਾਹੀਂ ਮੂਰਤੀਮਾਨ ਕਰਨਾ ਇਸ ਤਰ੍ਹਾਂ ਦੀ ਚਿੱਤਰਕਾਰੀ ਦਾ ਮੁੱਖ ਕਰਤੱਵ ਸੀ। ਇਸ ਨੂੰ ਅਰਪਿਤ ਹੋ ਕੇ ਅੰਮ੍ਰਿਤਾ ਨੇ ਚਿੱਤਰਕਾਰੀ ਦੇ ਹਵਾਲੇ ਕਰ ਦਿੱਤਾ। ਚਿੱਤਰਕਾਰ ਦੇ ਤੌਰ 'ਤੇ ਉਸ ਦਾ ਭਵਿੱਖ ਬੜਾ ਉਜਲਾ ਸੀ, ਆਪਣੇ ਪ੍ਰੋਫ਼ੈਸਰ ਦੀ ਇਸ ਭਵਿੱਖਬਾਣੀ 'ਤੇ? ਉਹ ਪੂਰੀ ਉਤਰਣਾ ਚਾਹੁੰਦੀ ਸੀ।

? ਇਹ ਵੀ ਤਾਂ ਕਿਹਾ ਜਾਂਦਾ ਕਿ ਪੈਰਿਸ ਵਿਚ ਰਹਿੰਦਿਆਂ ਉਹ ਭੋਗ ਵਿਲਾਸ ਵਿਚ ਬਹੁਤ ਦਿਲਚਸਪੀ ਲੈਣ ਲੱਗ ਪਈ। ਕੀ ਚਿੱਤਰਕਾਰੀ ਨੂੰ ਅਰਪਿਤ ਹੋਣ ਨਾਲ ਇਸ ਦਾ ਵਿਰੋਧ ਨਹੀਂ ਬਣਦਾ?

– ਇਹ ਵਿਰੋਧ ਬਣ ਸਕਦਾ ਸੀ ਜੇ ਭੋਗ-ਵਿਲਾਸ ਨੂੰ ਰੁਮਾਂਸ ਦੀ ਅੰਤਿਮ ਪੌੜੀ ਜਾਣ ਉਹ ਘੰਟਿਆਂ ਬੱਧੀ ਆਸ਼ਿਕ ਦੀ ਉਡੀਕ ਵਿਚ ਸਮਾਂ ਬਿਤਾਉਣ ਲੱਗ ਪੈਂਦੀ। ਪੈਰਿਸ ਪਹੁੰਚਣ ਸਾਰ ਉਸ ਦੀ ਮਾਂ ਨੇ ਇਸ ਤਰ੍ਹਾਂ ਦਾ ਸੰਬੰਧ ਬਣਾਉਣ ਵੱਲ ਉਸ ਨੂੰ ਰੁਚਿਤ ਕਰਨ ਦਾ ਯਤਨ ਵੀ ਕੀਤਾ ਸੀ। ਉਸ ਦੀ ਖ਼ਾਹਿਸ਼ ਸੀ ਕਿ ਯੂ.ਪੀ. ਦੇ ਇਕ ਸ਼ਾਹੀ ਘਰਾਣੇ ਦੇ ਮੁਸਲਿਮ ਨੌਜਵਾਨ ਨਾਲ ਇਸ਼ਕ ਕਰਕੇ, ਅੰਮ੍ਰਿਤਾ ਉਸ ਨਾਲ ਸ਼ਾਦੀ ਕਰ ਲਵੇ। ਇਸ ਅੱਲ੍ਹੜ ਉਮਰੇ ਮੁਸ਼ਕੀ ਨੌਜਵਾਨ ਦੇ ਉਹ ਅਜਿਹੇ ਜਾਲ ਵਿਚ ਫਸੀ ਕਿ ਬਹੁਤ ਜਲਦ ਗਰਭ ਧਾਰਨ ਕਰ ਗਈ। ਮਾਂ ਦੀ ਉਕਸਾਹਟ ਅਧੀਨ ਕਿ ਇਹ ਅਨੁਭਵ ਬੜਾ ਨਾਟਕੀ ਸਿੱਧ ਹੋਵੇਗਾ, ਉਹ ਇਸ ਨੂੰ ਸਦਮਾ ਸਮਝ ਹੀ ਪਚਾ ਸਕੀ। ਇਸ ਕਾਰਨ ਸ਼ਾਦੀ ਨੂੰ ਮਨ ਵਿਚ ਧਾਰ ਕੇ, ਕਿਸੇ ਨਾਲ ਸੰਬੰਧ ਬਣਾਉਣ ਦੀ ਉਮੰਗ ਜਾਂਦੀ ਰਹੀ। ਸਾਥੀ ਨੌਜਵਾਨ ਚਿੱਤਰਕਾਰਾਂ ਨਾਲ ਭੋਗ-ਵਿਲਾਸ ਦੀ ਰੁਚੀ ਵਧ ਗਈ। ਅਜਿਹੇ ਭੋਗ-ਵਿਲਾਸ ਦੇ ਬਾਅਦ ਵਿਚ ਤਾਂ ਬਹੁਤ ਹਾਨੀਕਾਰਕ ਨਤੀਜੇ ਨਿਕਲੇ ਪਰ ਉਸ ਪੜਾਅ 'ਤੇ ਉਸ ਦੇ ਕੰਮ ਨਾਲ ਜੋ ਇਸ਼ਕ ਮੁਸ਼ਕ ਦਾ ਵਿਰੋਧ ਬਣ ਸਕਦਾ ਸੀ ਉਹ ਟਲ ਗਿਆ।

? ਕੀ ਇਹੋ ਕਾਰਨ ਸੀ ਕਿ ਪੈਰਿਸ ਵਿਚ ਸਿੱਖਿਆ ਲੈਣ ਉਪਰੰਤ ਜਦ ਉਸ ਨੇ ਹਿੰਦੁਸਤਾਨ ਵਿਚ ਰਹਿ ਕੇ ਚਿੱਤਰਕਾਰੀ ਕਰਨ ਦਾ ਮਨ ਬਣਾਇਆ ਤਾਂ ਮਾਂ-ਬਾਪ ਨੇ ਬਹੁਤ ਵਿਰੋਧ ਕੀਤਾ ਸੀ?

– ਠੀਕ ਇਹੋ ਕਾਰਨ ਸੀ। ਮਾਂ ਤਾਂ ਚਾਹੁੰਦੀ ਸੀ ਕਿ ਕਿਸੇ ਯੂਰਪੀ ਨੌਜਵਾਨ, ਖ਼ਾਸ ਕਰਕੇ ਕਿਸੇ ਹੰਗਰੀ ਵਾਸੀ ਨਾਲ ਸ਼ਾਦੀ ਕਰਵਾ ਕੇ ਉਹ ਯੂਰਪ ਵਿਚ ਹੀ ਵਸ ਜਾਵੇ। ਬਾਪ ਚਾਹੁੰਦਾ ਸੀ ਕਿ ਸ਼ਾਦੀ ਭਾਵੇਂ ਉਹ ਨਾ ਕਰਵਾਏ ਪਰ ਟਿਕਾਣਾ ਯੂਰਪ ਵਿਚ ਹੀ ਬਣਾਵੇ। ਭਾਵੇਂ ਹਿੰਦੁਸਤਾਨ ਵੀ ਉਹ ਚੱਕਰ ਮਾਰਦੀ ਰਹੇ। ਜਿੱਥੇ ਮਾਂ ਦੀ ਖ਼ਾਹਿਸ਼ ਸਰਲ ਪਰ ਕਠੋਰ ਸੀ, ਉਥੇ ਬਾਪ ਦੀ ਮਰਜ਼ੀ ਤਰਲ ਪਰ ਹਮਦਰਦੀ ਵਾਲੀ ਸੀ। ਪਰ ਅੰਮ੍ਰਿਤਾ ਦਾ

ਨਿਰਣਾ ਅਟੱਲ ਸੀ ਕਿਉਂ ਜੋ ਉਸ ਨੂੰ ਅਹਿਸਾਸ ਹੋ ਚੁੱਕਾ ਸੀ ਕਿ ਯੂਰਪ ਵਿਚ ਰਹਿ ਕੇ ਉਹ ਚਲੰਤ ਜਹੀ ਚਿੱਤਰਕਾਰੀ ਹੀ ਕਰ ਸਕਦੀ ਸੀ। ਇਹ ਮਨ ਵਿਚ ਧਾਰ ਕੇ ਕਿ ਯੂਰਪ ਪਿਕਾਸੋ ਅਤੇ ਬਰਾਕ ਆਦਿ ਲਈ ਹੀ ਬਣਿਆ ਹੈ ਪਰ ਹਿੰਦੁਸਤਾਨ ਦੀ ਚਿੱਤਰਕਾਰੀ ਕਰਨੀ ਉਸ ਦੇ ਨਸੀਬ ਵਿਚ ਹੀ ਆਈ ਹੈ। ਉਸ ਦੇ ਇਸ ਨਿਰਣੇ ਤੋਂ ਸੇਖੋਂ ਸਾਹਿਬ ਦੀ ਇਸ ਧਾਰਨਾ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਸ ਵਿਚ ਪੰਜਾਬੀ ਖ਼ੂਨ ਇਤਨਾ ਬਲਵਾਨ ਸੀ ਕਿ ਇਸ ਤੋਂ ਮੁਨਕਰ ਨਹੀਂ ਸੀ ਹੋਇਆ ਜਾ ਸਕਦਾ।

? ਕੀ ਉਸ ਦੇ ਇਥੇ ਪਹੁੰਚਣ ਉਪਰੰਤ ਵੀ ਮਾਂ-ਬਾਪ ਦਾ ਵਿਰੋਧ ਉਸੇ ਤਰ੍ਹਾਂ ਕਾਇਮ ਰਿਹਾ?

– ਨਹੀਂ, ਇਸ ਵਿਚ ਅਜਬ ਤਰ੍ਹਾਂ ਦੀ ਤਬਦੀਲੀ ਆ ਗਈ। ਮਾਂ ਨੇ ਵਿਰੋਧ ਜਤਲਾਉਣਾ ਤਾਂ ਬੰਦ ਕਰ ਦਿੱਤਾ ਪਰ ਇਸ ਗੱਲ ’ਤੇ ਜ਼ਿਦ ਕਰਨਾ ਆਰੰਭ ਕਰ ਦਿੱਤਾ ਕਿ ਉਹ ਜਿੱਥੇ ਵੀ ਜਾਵੇ ਉਸ ਨੂੰ ਨਾਲ ਲੈ ਕੇ ਜਾਵੇ। ਇਸ ਤਰ੍ਹਾਂ ਦੀ ਮਜਬੂਰੀ ਤੋਂ ਬਚਣਾ ਕੋਈ ਔਖੀ ਗੱਲ ਨਹੀਂ ਸੀ। ਬਾਪ ਨੇ ਨਰਮੀ ਤੋਂ ਨਹੀਂ ਬਲਕਿ ਉਦਾਰਤਾ ਤੋਂ ਕੰਮ ਲਿਆ। ‘ਜਜ਼ੀਰਾ’ ਨਾਮੀ ਜਿਸ ਸੁੰਦਰ ਤੇ ਵਿਸ਼ਾਲ ਘਰ ਵਿਚ ਉਸ ਨੇ ਨਿਵਾਸ ਕੀਤਾ ਹੋਇਆ ਸੀ, ਉਸ ਦੇ ਇਕ ਕੋਨੇ ਵਿਚ ਅੰਮ੍ਰਿਤਾ ਲਈ ਸਟੂਡੀਓ ਬਣਵਾ ਦਿੱਤਾ। ਇਹ ਗੱਲ ਉਸ ਦੇ ਜਗੀਰਦਾਰੀ ਸੁਭਾਅ ਦੇ ਅਨੁਕੂਲ ਤਾਂ ਹੈ ਹੀ ਸੀ ਪਰ ਇਸ ਦਾ ਰੌਚਿਕ ਵਾਸਤਾ ਫੋਟੋਗ੍ਰਾਫ਼ੀ ਨਾਲ ਬਣਦਾ ਸੀ ਜਿਸ ਦਾ ਸ਼ੌਕ ਉਸ ਨੇ ਜਵਾਨੀ ਤੋਂ ਹੀ ਪਾਲ ਰੱਖਿਆ ਸੀ। ਜਿਥੇ ਪਹਿਲਾਂ ਉਸ ਦੀ ਫੋਟੋਗ੍ਰਾਫ਼ੀ ਦਾ ਵਿਸ਼ਾ ਮੁੱਖ ਤੌਰ ’ਤੇ ਉਸ ਦਾ ਆਪਣਾ ਆਪ ਸੀ ਉਥੇ ਪੈਰਿਸ ਦੇ ਦਿਨਾਂ ਤੋਂ ਅੰਮ੍ਰਿਤਾ ਹੀ ਇਸ ਦਾ ਮੁੱਖ ਵਿਸ਼ਾ ਬਣ ਗਈ ਸੀ। ਅੰਮ੍ਰਿਤਾ ਦੇ ਯੂਰਪ ਵਿਚ ਵਸੇਵਾ ਕਰ ਲੈਣ ਨਾਲ, ਉਸ ਦੀ ਸੰਸਾਰਕ ਭੱਲ ਤਾਂ ਬਣੀ ਰਹਿਣੀ ਸੀ ਪ੍ਰੰਤੂ ਉਸ ਦੀ ਕਲਾ ਨੇ ਸੁੱਕ ਜਾਣਾ ਸੀ। ਇਸ ਪੜਾਅ ’ਤੇ ਉਸ ਦਾ ਦੰਪਤੀ ਜੀਵਨ ਐਨਾ ਬੇਸੁਆਦਾ ਹੋ ਗਿਆ ਸੀ ਰਾਤ ਛੱਤ ’ਤੇ ਜਾ ਕੇ ਤਾਰੇ ਦੇਖਣ ਵਿਚ ਬਤੀਤ ਹੋ ਜਾਂਦੀ ਸੀ। ਦਿਨ ਵਿਚ ਫੋਟੋਗ੍ਰਾਫ਼ੀ ਕਰਨ ਨਾਲੋਂ ਵਧੇਰੇ ਭੁਲਾਵੇ ਵਾਲੀ ਗੱਲ ਹੋਰ ਕੀ ਹੋ ਸਕਦੀ ਸੀ? ਜੇ ਫੋਟੋਆਂ ਆਪਣੀ ਧੀ ਦੀਆਂ ਹੀ ਖਿੱਚਣੀਆਂ ਹੋਣ ਤਾਂ ਇਹ ਕਾਰਜ ਰਸਭਿੰਨਾ ਵੀ ਬਣ ਜਾਂਦਾ ਸੀ। ਇਸ ਪੱਖ ਤੋਂ ਅੰਮ੍ਰਿਤਾ ਦਾ ਹਿੰਦੁਸਤਾਨ ਵਸ ਕੇ ਚਿੱਤਰਕਾਰੀ ਕਰਨਾ ਉਸ ਲਈ ਹੁਲਾਸ ਦਾ ਕਾਰਨ ਸੀ।

? ਕੀ ਇਹ ਸੁਖਾਵਾਂ ਸਿਲਸਿਲਾ ਚੱਲਦਾ ਰਿਹਾ? ਕਿੰਨੀ ਕੁ ਦੇਰ ਚੱਲਿਆ?

– ਇਹ ਸੁਖਾਵਾਂ ਸਿਲਸਿਲਾ ਕਈ ਸਾਲ ਤੱਕ ਚਲਦਾ ਰਿਹਾ। ਅੰਮ੍ਰਿਤਾ ਦੀ ਜ਼ਿੰਦਗੀ ਵਿਚ ਮਾਂ ਦਾ ਥੋੜ੍ਹਾ ਬਹੁਤ ਵਿਘਨ ਤਾਂ ਰਿਹਾ ਪਰ ਇਸ ਕਾਰਨ ਕੋਈ ਉਪਰੋਥਲੀ ਨਾ ਹੋਈ। ਪੈਰਿਸ ਦੇ ਟਾਕਰੇ ਵਿਚ ਅੰਮ੍ਰਿਤਾ ਨੇ ਵੀ ਟਿਕਾਉ ਲੈ ਆਂਦਾ। ਭੋਗ ਵਿਲਾਸ ਤਾਂ ਉਸ ਨੇ ਕਈਆਂ ਨਾਲ ਕੀਤਾ

ਹੋਵੇਗਾ ਪਰ ਟਿਕੇ ਰਹਿਣ ਵਾਲਾ ਸੰਬੰਧ ਅੰਗਰੇਜ਼ ਅਖ਼ਬਾਰ-ਨਵੀਸ ਮਲਕੋਲਮ ਮੁਗਰੱਜ ਨਾਲ ਹੀ ਜੁੜਿਆ। ਮਾਂ ਉਸ ਨੂੰ ਚੰਗਾ ਨਹੀਂ ਸੀ ਸਮਝਦੀ ਪਰ ਪਿਓ ਉਸ ਉਸ ਨੂੰ ਬਹੁਤ ਪਸੰਦ ਕਰਦਾ ਸੀ। ਅੰਮ੍ਰਿਤਾ ਨੂੰ ਉਹ ਬਹੁਤ ਪਿਆਰਾ ਸੀ ਕਿਉਂ ਜੋ ਉਸ ਦੀ ਸ਼ਕਲ ਉਸਦੀ ਸਹੇਲੀ ਨਾਲ ਮਿਲਦੀ ਸੀ ਜਿਸ ਨਾਲ ਪੈਰਿਸ ਵਿਚ ਉਸ ਨੇ ਬਹੁਤ ਸਾਂਝ ਮਾਣੀ ਸੀ। ਸੁੰਦਰ ਸਿੰਘ ਮਜੀਠਾ ਦੇ ਪਰਿਵਾਰ ਦੇ ਜੀਅ ਵੀ ਅੰਮ੍ਰਿਤਾ ਨਾਲ ਬਹੁਤ ਸਲੀਕੇ ਸਹਿਤ ਪੇਸ਼ ਆਉਂਦੇ ਸਨ। ਉਸ ਦੀਆਂ ਪੋਤੀਆਂ ਜੋ ਅੰਮ੍ਰਿਤਾ ਨਾਲੋਂ ਸਾਲ ਦੋ ਸਾਲ ਹੀ ਛੋਟੀਆਂ ਸਨ, ਉਸ ’ਤੇ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਸਨ। ਤਸੱਵਰ ਵਿਚ ਆਉਂਦਾ ਹੈ ਕਿ ਉਨ੍ਹਾਂ ਦੀਆਂ ਸ਼ਾਦੀਆਂ ਤੋਂ ਪ੍ਰਭਾਵਿਤ ਹੋ ਕੇ ਹੀ ਅੰਮ੍ਰਿਤਾ ਨੇ ਖ਼ੁਦ ਸ਼ਾਦੀ ਕਰਵਾਉਣ ਬਾਰੇ ਸੋਚਿਆ ਭਾਵੇਂ ਹੁਣ ਤੱਕ ਅਜਿਹਾ ਕਰਵਾਉਣ ਦੇ ਉਹ ਸਖ਼ਤ ਖਿਲਾਫ਼ ਚੱਲੀ ਆਈ ਸੀ। ਚਿੱਤਰਕਾਰੀ ਦੇ ਖੇਤਰ ਵਿਚ ਵੀ ਉਸ ਨੇ ਉਹ ਸ਼ਾਹਕਾਰ ਰਚੇ ਜਿਨ੍ਹਾਂ ਸਦਕਾ ਰਹਿੰਦੀ ਦੁਨੀਆਂ ਤੱਕ ਉਸ ਦਾ ਨਾਂਅ ਰਹੇਗਾ। ਨਿਰਧਨ ਲੋਕਾਈ ਦੀ ਜ਼ਿੰਦਾਦਿਲੀ, ਕੁੱਲ ਰੁਸਵਾਈਆਂ ਦੇ ਬਾਵਜੂਦ ਇਸ ਦੀ ਕਾਇਮੀ, ਸਰਗੋਸ਼ੀਆਂ ਨੂੰ ਢਾਹ ਲਾ ਰਹੀ ਇਸ ਵਿਚਲੀ ਸਹਿਣਸ਼ੀਲਤਾ ਆਦਿ ਸਭ ਸਰੋਕਾਰ ਇਨ੍ਹਾਂ ਵਿਚ ਸਾਂਭੇ ਪਏ ਹਨ। ਜੇ ਅੰਤਾਂ ਦੀਆਂ ਦੁਸ਼ਵਾਰੀਆਂ ਦੇ ਬਾਵਜੂਦ, ਲਾੜੀ ਦਾ ਹਾਰ-ਸ਼ਿੰਗਾਰ ਕਰਨ ਵਾਲੀਆਂ ਤ੍ਰੀਮਤਾਂ, ਮਰਦਾਂ ਦਾ ਕਿਰਤ ਵਿਚ ਸਾਥ ਨਿਭਾਉਣ ਵਾਲੀਆਂ ਬਹੁ-ਬੇਟੀਆਂ, ਕੁਆਰਪਣ ਦੀ ਦਹਿਲੀਜ਼ ਤੋਂ ਪਾਰ ਝਾਕਣ ਵਾਲੀਆਂ ਮੁਟਿਆਰਾਂ ਸਹਿਜ ਨੂੰ ਪ੍ਰਣਾਈਆਂ ਹੋਈਆਂ ਸਨ ਤਾਂ ਉਹ ਕਿਉਂ ਉਖੜੀ ਹੋਈ ਅਨੁਭਵ ਕਰਦੀ ਰਹੇ।

? ਕੀ ਤੁਹਾਡਾ ਸੰਕੇਤ ਉਸ ਦੇ ਸ਼ਾਦੀ ਕਰਵਾ ਲੈਣ ਦੇ ਫ਼ੈਸਲੇ ਵੱਲ ਹੈ? ਉਸ ਦੇ ਮਾਂ ਬਾਪ ਨੇ ਅੰਮ੍ਰਿਤਾ ਦੇ ਇਸ ਫ਼ੈਸਲੇ ਨੂੰ ਕਿਵੇਂ ਲਿਆ?

– ਬਿਲਕੁਲ ਮੇਰਾ ਸੰਕੇਤ ਇਸ ਪਾਸੇ ਵੱਲ ਹੀ ਹੈ। ਇਕ ਵਾਰ ਤਾਂ ਉਸ ਦੇ ਮਾਂ-ਬਾਪ ਖ਼ੁਸ਼ੀ ਵਿਚ ਝੂਮ ਗਏ ਕਿ ਉਨ੍ਹਾਂ ਦੀ ਗੁਣਵਾਨ ਧੀ ਨੇ ਸ਼ਾਦੀ ਕਰਵਾਉਣ ਦਾ ਫੈਸਲਾ ਕਰ ਲਿਆ। ਉਨ੍ਹਾਂ ਨੂੰ ਲੱਗਿਆ ਕਿ ਇਹ ਫ਼ੈਸਲਾ ਉਸ ਨੇ ਆਪਣੀ ਛੋਟੀ ਭੈਣ ਦੀ ਰੀਸ ਵਿਚ ਕੀਤਾ ਹੋਵੇਗਾ ਜਿਸ ਨੇ ਕੁਝ ਮਹੀਨੇ ਪਹਿਲਾਂ ਹੀ ਇਕ ਸ਼ਾਦੀ-ਸ਼ੁਦਾ ਅਫ਼ਸਰ ਨਾਲ ਵਿਆਹ ਕਰਵਾਇਆ ਸੀ। ਜਦ ਉਨ੍ਹਾਂ ਨੂੰ ਪਤਾ ਚਲਿਆ ਕਿ ਇਹ ਫ਼ੈਸਲਾ ਤਾਂ ਉਸ ਨੇ ਹੋਰ ਤਰ੍ਹਾਂ ਦੇ ਮਨੋਵੇਗ ਵਸ ਕੀਤਾ ਤਾਂ ਉਹ ਤਿਲਮਿਲਾ ਕੇ ਰਹਿ ਗਏ। ਬਾਪ ਨਿੰਮੋਝੂਣਾ ਹੋ ਕੇ ਰਹਿ ਗਿਆ ਅਤੇ ਮਾਂ ਸੀੜ-ਸਿਆਪਾ ਕਰਨ ’ਤੇ ਉਤਰ ਆਈ।

? ਕੀ ਗੱਲ ਉਹ ਕਿਸੇ ਮੁਜ਼ਰਿਮ, ਕਾਤਲ ਜਾਂ ਕਿਸੇ ਗੰਵਾਰ ਨਾਲ ਵਿਆਹ ਕਰਵਾਉਣ ਲੱਗੀ ਸੀ?

– ਵਿਆਹ ਤਾਂ ਉਹ ਆਪਣੀ ਮਾਸੀ ਦੇ ਲੜਕੇ ਨਾਲ ਹੀ ਕਰਵਾਉਣ ਜਾ ਰਹੀ ਸੀ। ਅੰਮ੍ਰਿਤਾ ਦਾ ਹਮ-ਉਮਰ ਉਹ ਉਸ ਦੇ ਹਰੇਕ ਭੇਦ ਤੋਂ ਜਾਣੂ ਸੀ। ਉਸ ਨੇ ਡਾਕਟਰੀ ਦੀ ਪੜ੍ਹਾਈ ਪੂਰੀ ਕਰ ਲਈ ਸੀ ਅਤੇ ਨਿੱਕੀ ਮੋਟੀ ਨੌਕਰੀ ਜੋਗਾ ਵੀ ਹੋ ਗਿਆ ਸੀ। ਪਰ ਉਸ ਵਿਚ ਕਿਸੇ ਕਿਸਮ ਦਾ ਉਤਸ਼ਾਹ ਨਹੀਂ ਸੀ। ਮਾਂ ਨੂੰ ਲੱਗਿਆ ਕਿ ਉਸ ਦੀ ਧੀ ਦੀ ਕਮਾਈ 'ਤੇ ਪਲਣ ਲਈ ਹੀ ਉਹ ਇਹ ਕਦਮ ਪੁੱਟ ਰਿਹਾ ਸੀ। ਉਸ ਦੀ ਇਹ ਹਰਕਤ ਮਾਂ ਨੂੰ ਮੁਜ਼ਰਿਮਾਨਾ ਹੀ ਲੱਗਦੀ ਸੀ, ਉਸ ਦੀ ਧੀ ਦੇ ਅਲੰਕਾਰਕ ਕਤਲ ਸਮਾਨ, ਜੋ ਉਸ ਦੇ ਭਾਣਜੇ ਵਰਗਾ ਡੀਲ ਡੌਲ ਵਾਲਾ ਪਰ ਗੁਣ-ਵਿਹੂਣਾ ਬੰਦਾ ਹੀ ਕਰ ਸਕਦਾ ਸੀ।

ਅੰਮ੍ਰਿਤਾ ਦੇ ਬਾਪ ਨੂੰ ਹੋਰ ਤਰ੍ਹਾਂ ਦਾ ਇਤਰਾਜ਼ ਸੀ ਭਾਵੇਂ ਉਹ ਇਸ ਨੂੰ ਬਾਅਵਾਜ਼ ਕਰਨ ਤੋਂ ਸੰਕੋਚ ਕਰਦਾ ਸੀ। ਪਿਛਲੇ ਸਾਲਾਂ ਵਿਚ ਅੰਮ੍ਰਿਤਾ ਦੀ ਐਨੀ ਮਹਿਮਾ ਬਣੀ ਸੀ ਕਿ ਹਿੰਦੁਸਤਾਨ ਵਿਚ ਉੱਚਕੋਟੀ ਦੇ ਬੁੱਧੀਜੀਵੀ ਉਸ ਨਾਲ ਮਿਲਣ ਨੂੰ ਸੁਭਾਗ ਸਮਝਦੇ ਸਨ। ਜਵਾਹਰ ਲਾਲ ਨਹਿਰੂ, ਜਿਸ ਦੀ ਬੀਵੀ ਦਾ ਉਸ ਵੇਲੇ ਦਿਹਾਂਤ ਹੋ ਚੁੱਕਾ ਸੀ, ਉਸ ਨਾਲ ਬਹੁਤ ਹੀ ਲਾਡ ਪਿਆਰ ਕਰਦਾ ਸੀ। ਅੰਮ੍ਰਿਤਾ ਦੇ ਬਾਪ ਨੂੰ ਤਾਂ ਇਕ ਪਲ ਇਹ ਫੁਰਨਾ ਵੀ ਫੁਰਿਆ ਸੀ ਕਿ ਦੋਵਾਂ ਦੀ ਸ਼ਾਦੀ ਹੋ ਜਾਣੀ ਚਾਹੀਦੀ ਹੈ।

? ਕੀ ਉਸ ਨੇ ਫੇਰ ਆਪਣੇ ਮਸੇਰ ਨਾਲ ਸ਼ਾਦੀ ਨਾ ਕਰਵਾਈ?

– ਸ਼ਾਦੀ ਤਾਂ ਉਸ ਨੇ ਆਪਣੇ ਮਸੇਰ ਨਾਲ ਹੀ ਕਰਾਈ ਪਰ ਕਿਸੇ ਦੀ ਵੀ ਸਹਿਮਤੀ ਇਸ ਵਿਚ ਸ਼ਾਮਿਲ ਨਹੀਂ ਸੀ। ਉਸ ਦੀ ਸ਼ਾਦੀ ਅਜਿਹੀ ਸੀ ਕਿ ਜਿਸ ਨਾਲ ਅੰਮ੍ਰਿਤਾ ਵੀ ਆਚੰਭਿਤ ਹੋ ਕੇ ਰਹਿ ਜਾਵੇ। ਪਰ ਉਹ ਅਜਿਹੀ ਸ਼ਾਦੀ ਚਾਹੁੰਦੀ ਸੀ ਜਿਸ ਨਾਲ ਉਸ ਦੇ ਜੀਵਨ ਦੀ ਪਹਿਲੀ ਲੈਅ, ਥੋੜ੍ਹੀ ਬਹੁਤ ਤਬਦੀਲੀ ਨਾਲ, ਪਹਿਲਾਂ ਦੀ ਤਰ੍ਹਾਂ ਵਿਚਰਦੀ ਰਹੇ। ਦੋਨਾਂ ਵਿਚਲੇ ਅਹਿਦਨਾਮੇ ਅਨੁਸਾਰ, ਲਾੜੇ ਨੇ ਹਿੰਦੁਸਤਾਨ ਆ ਵਸਣਾ ਸੀ, ਉਨ੍ਹਾਂ ਕੋਈ ਬੱਚਾ ਪੈਦਾ ਨਹੀਂ ਸੀ ਕਰਨਾ ਅਤੇ ਅੰਮ੍ਰਿਤਾ ਦੇ ਕਿਸੇ ਹੋਰ ਸੰਬੰਧ ਨੂੰ ਉਸ ਨੇ ਸਹਿਣ ਕਰ ਲੈਣਾ ਸੀ।

? ਕੀ ਹਸ਼ਰ ਹੋਇਆ ਫਿਰ ਸਾਰੇ ਝਮੇਲੇ ਦਾ?

– ਮਾਂ ਬਾਪ ਨੂੰ ਯਕੀਨ ਵਰਗਾ ਵਹਿਮ ਸੀ ਕਿ ਇਹ ਸ਼ਾਦੀ ਨੇਪਰੇ ਨਹੀਂ ਚੜ੍ਹਣੀ। ਅੰਮ੍ਰਿਤਾ ਨੇ ਪੱਥਰ ਚੱਟ ਕੇ ਵਾਪਸ ਮੁੜ ਆਉਣਾ ਹੈ। ਇਸ ਲਈ ਇਥੇ ਉਸ ਦੀ ਮਨ-ਇੱਛਤ ਸ਼ਾਦੀ ਦੀ ਜ਼ਮੀਨ ਤਿਆਰ ਕਰਨ ਖ਼ਾਤਰ ਉਨ੍ਹਾਂ ਉਸ ਦੇ ਸਾਰੇ ਖ਼ਤ ਵੀ ਜਲਾ ਛੱਡੇ ਜਿਹੜੇ ਢੇਰਾਂ ਦੇ ਢੇਰ ਉਸ ਨੇ ਸਾਂਭ ਰੱਖੇ ਸਨ। ਇਨ੍ਹਾਂ ਵਿਚ ਜਵਾਹਰ ਲਾਲ ਨਹਿਰੂ ਤੱਕ ਦੇ ਖ਼ਤ ਸ਼ਾਮਿਲ ਸਨ।

ਜਦ ਉਹ ਸ਼ਾਦੀ ਕਰਵਾ ਕੇ ਆ ਗਈ ਤਾਂ ਕਿਸੇ ਸੁਆਗਤ ਨਾ ਕੀਤਾ। ਮਾਂ ਨੇ ਸੀੜ ਸਿਆਪੇ ਅਤੇ ਗਾਲੀ ਗਲੋਚ ਤੋਂ ਤੰਗ ਪੈ ਕੇ ਅੰਮ੍ਰਿਤਾ ਨੇ

ਯੂ.ਪੀ. ਵਿਚ ਦੂਰ ਦੁਰਾਡੇ ਸਰਾਇਆ ਪਰਿਵਾਰ ਦੀ ਖੰਡ-ਮਿੱਲਾਂ ਵਾਲੀ ਥਾਂ ਜਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਅਲਹਿਦਗੀ ਦਾ ਅਹਿਸਾਸ ਉਸ 'ਤੇ ਐਨਾ ਭਾਰੂ ਹੋ ਗਿਆ ਸੀ ਕਿ ਚਿੱਤਰਕਾਰੀ ਤੋਂ ਵੀ ਉਸ ਨੇ ਇਕ ਵਾਰ ਤਾਂ ਮੂੰਹ ਹੀ ਮੋੜ ਲਿਆ। ਸ਼ਿਮਲੇ ਵਾਲੇ ਘਰ ਨੂੰ ਉਸ ਨੇ ਅਲਵਿਦਾ ਆਖ ਦਿੱਤੀ। ਪਿੰਜਰੇ ਵਿਚ ਬੰਦ ਪਰਾਂ ਨੂੰ ਫੜ ਫੜਾਉਂਦੇ ਜ਼ਖਮੀ ਪੰਛੀ ਵਾਂਗ ਉਸ ਦੀ ਹਾਲਤ ਹੋ ਗਈ। ਜਿਸ ਨੂੰ ਵਿਆਹ ਕੇ ਲਿਆਈ ਸੀ ਉਸ ਵਿਚ ਵੀ ਉਸ ਦਾ ਭਰੋਸਾ ਡੋਲਣ ਲੱਗ ਪਿਆ।

? ਚਿੱਤਰਕਾਰੀ ਤੋਂ ਮੂੰਹ ਮੋੜ, ਕੀ ਉਹ ਬਸ ਹਾਰੀ ਹੋਈ ਰੂਹ ਬਣ ਕੇ ਰਹਿ ਗਈ?

– ਨਿਸ਼ਚੇ ਹੀ ਕੁਝ ਦੇਰ ਲਈ ਇਵੇਂ ਹੀ ਹੋਇਆ। ਪਰ ਜੇ ਉਹ ਇਉਂ ਹਾਰ ਜਾਂਦੀ ਤਾਂ ਪੱਛਮੀ ਖ਼ੂਨ ਤਾਂ ਭਾਵੇਂ ਨਾ, ਪੰਜਾਬੀ ਖ਼ੂਨ ਨੇ ਉਸ ਨੂੰ ਮਿਹਣਾ ਹੀ ਮਾਰਨਾ ਸੀ। ਸੋ ਉਸ ਨੇ ਫੇਰ ਤਾਣ ਲਾਇਆ, ਦੂਰ ਦੁਰਾਡੇ ਸਰਾਇਆ ਨੂੰ ਛੱਡ ਕੇ ਲਾਹੌਰ ਆ ਕੇ ਵਸੇਵਾ ਕਰ ਲਿਆ। ਮਿੱਤਰਾਂ ਪਿਆਰਿਆਂ ਦਾ ਝੁਰਮਟ ਉਦਾਲੇ ਮੰਡਲਾਣ ਲੱਗਾ, ਨਵੀਆਂ ਪਹਿਲਕਦਮੀਆਂ 'ਤੇ ਵਿਚਾਰਾਂ ਹੋਣ ਲੱਗੀਆਂ। ਪੰਜਾਬ ਦੇ ਆਦਿਕਾਲੀ ਥੇਹਾਂ ਦੇ ਵੀ ਉਸ ਨੇ ਚੱਕਰ ਲਗਾਉਣੇ ਆਰੰਭ ਕਰ ਦਿੱਤੇ। ਲਾਹੌਰ ਵਿਚ ਕਲਾ ਦੇ ਜਾਗਰਣ ਨੂੰ ਬੂਰ ਪੈਣ ਲੱਗ ਪਿਆ। ਪਰ...

? ਪਰ...ਕੀ?

– ਕਿ ਰਾਤ ਅਚਾਨਕ ਉਸ ਦਾ ਦਿਹਾਂਤ ਹੋ ਗਿਆ। ਦੋ ਦਿਨ ਪਹਿਲਾਂ ਉਸ ਨੂੰ ਪੇਸ਼ਚ ਹੋ ਗਈ ਸੀ। ਉਸ ਦੇ ਖਾਵੰਦ ਨੇ ਹੀ ਉਸ ਦਾ ਇਲਾਜ ਕਰਨ ਦਾ ਯਤਨ ਕੀਤਾ। ਹਾਲਤ ਵਿਗੜਦੀ ਦੇਖ ਕੇ ਵੀ ਕਿਸੇ ਚੰਗੇ ਡਾਕਟਰ ਨੂੰ ਨਾ ਬੁਲਾਇਆ। ਉਸ ਦੇ ਮਿੱਤਰਾਂ ਪਿਆਰਿਆਂ ਕਿਸੇ ਤੱਕ ਸੂਹ ਨਾ ਕੱਢੀ। ਆਖ਼ਰੀ ਵਕਤ ਜਦ ਮਾਹਿਰ ਡਾਕਟਰ ਆਏ ਤਾਂ ਉਨ੍ਹਾਂ ਬੇਬਸੀ ਜ਼ਾਹਰ ਕੀਤੀ ਭਾਵੇਂ ਕੁਝ ਚਿਰ ਪਹਿਲਾਂ ਉਸ ਨੂੰ ਬਚਾ ਲੈਣਾ ਕੋਈ ਔਖੀ ਗੱਲ ਨਹੀਂ ਸੀ।

? ਕੀ ਇਹ ਕੁਦਰਤੀ ਮੌਤ ਸੀ ਜਾਂ ਗੁੱਝੀ ਹੱਤਿਆ?

– ਦਾਹ-ਸੰਸਕਾਰ ਵੇਲੇ ਉਸ ਦੀ ਮਾਂ ਨੇ ਇਸ ਨੂੰ ਹੱਤਿਆ ਹੀ ਕਿਹਾ ਅਤੇ ਇਸ ਦਾ ਇਲਜ਼ਾਮ ਵੀ ਆਪਣੇ ਭਾਣਜੇ ਸਿਰ ਧਰ ਦਿੱਤਾ। ਪਰ ਕਿਸੇ ਨੂੰ ਇਸ ਦਾ ਯਕੀਨ ਨਹੀਂ ਸੀ। ਅੰਮ੍ਰਿਤਾ ਦੇ ਖਾਵੰਦ ਦੀ ਦੂਜੀ ਸ਼ਾਦੀ ਤੋਂ ਪੈਦਾ ਹੋਈ ਬੇਟੀ ਨੇ ਸਾਲ ਦੋ ਸਾਲ ਪਹਿਲਾਂ ਇੰਕਸ਼ਾਫ਼ ਕੀਤਾ ਹੈ ਕਿ ਅੰਮ੍ਰਿਤਾ ਨੂੰ ਗਰਭ ਠਹਿਰ ਗਿਆ ਸੀ। ਖਾਵੰਦ ਦੀ ਮਰਜ਼ੀ ਦੇ ਉਲਟ ਉਸ ਨੇ ਕਿਸੇ ਅਨਾੜੀ ਤੋਂ ਗਰਭਪਾਤ ਕਰਵਾ ਲਿਆ ਜੋ ਵਿਗੜ ਗਿਆ ਸੀ। ਉਸ ਤੋਂ ਅੰਮ੍ਰਿਤਾ ਦੇ ਖਾਵੰਦ ਨੇ ਉਸ ਦਾ ਬਚਾ ਕਰ ਲਿਆ ਪਰ ਜ਼ਖ਼ਮ ਦੇ ਫਿਰ ਵਿਗੜ ਜਾਣ ਕਾਰਨ ਉਸ ਦਾ ਦਿਹਾਂਤ ਹੋ ਗਿਆ। ਸਿੱਧ ਹੈ ਇਹ

ਭੇਦ ਉਸ ਨੂੰ ਉਸ ਦੇ ਬਾਪ ਨੇ ਹੀ ਦਿੱਤਾ ਹੋਵੇਗਾ ਜਿਸ ਵਿਚ ਉਸ ਨੇ ਕੁਝ ਛੁਪਾ ਲਿਆ ਲੱਗਦਾ ਹੈ। ਹੋ ਸਕਦਾ ਇਹ ਗਰਭ ਅੰਮ੍ਰਿਤਾ ਨੂੰ ਕਿਸੇ ਹੋਰ ਤੋਂ ਠਹਿਰਿਆ ਹੋਵੇ ਜਿਸ ਦਾ ਭੇਦ ਭਰੇ ਢੰਗ ਨਾਲ ਉਸ ਨੇ ਆਪ ਗਰਭਪਾਤ ਕਰਨਾ ਲੋੜਿਆ ਹੋਵੇ। ਇਸ ਮੁਆਮਲੇ ਵਿਚ ਬੇਪ੍ਰਵਾਹ ਹੋਣ ਕਾਰਨ ਅੰਮ੍ਰਿਤਾ ਦੀ ਮਰਜ਼ੀ ਨਾਲ ਹੀ ਉਸ ਨੇ ਇਹ ਕੀਤਾ ਹੋਵੇਗਾ। ਇਸ ਲਿਹਾਜ਼ ਨਾਲ ਤਾਂ ਅੰਮ੍ਰਿਤਾ ਦਾ ਦਿਹਾਂਤ ਕੁਦਰਤੀ ਮੌਤ ਅਤੇ ਗੁੱਝੀ ਹੱਤਿਆ ਦਾ ਮੇਲ ਹੈ। ਪ੍ਰਤੱਖ ਤੌਰ 'ਤੇ ਇਸ ਦਾ ਦੋਸ਼ੀ ਕੋਈ ਨਹੀਂ, ਅਪ੍ਰਤੱਖ ਰੂਪ ਵਿਚ ਕਈ ਇਸ ਦੇ ਦੋਸ਼ੀ ਸਨ।

? ਪ੍ਰਤੱਖ ਤੌਰ 'ਤੇ ਨਿਰਦੋਸ਼ ਪਰ ਅਪ੍ਰਤੱਖ ਤੌਰ 'ਤੇ ਦੋਸ਼ੀਆਂ ਦਾ ਫੇਰ ਕੀ ਹਸ਼ਰ ਹੋਇਆ?

– ਅੰਮ੍ਰਿਤਾ ਦਾ ਖਾਵੰਦ ਸਰਾਇਆ ਜਾ ਕੇ ਹੀ ਵਸ ਗਿਆ। ਕਾਫ਼ੀ ਸਾਲ ਮਗਰੋਂ ਇਕ ਮੁਸਲਿਮ ਮੁਟਿਆਰ ਨਾਲ ਉਸ ਨੇ ਸ਼ਾਦੀ ਕਰਵਾ ਲਈ, ਜਿਸ ਤੋਂ ਦੋ ਧੀਆਂ ਨੇ ਜਨਮ ਲਿਆ ਜੋ ਅਜੇ ਜੀਵਤ ਹਨ। ਉਹ ਆਪ ਕਈ ਰੋਗਾਂ ਦਾ ਸ਼ਿਕਾਰ ਹੋ ਕੇ, ਦਸ ਬਾਰਾਂ ਸਾਲ ਪਹਿਲਾਂ ਹੀ ਪੂਰਾ ਹੋਇਆ ਹੈ। ਅੰਮ੍ਰਿਤਾ ਦੀ ਮਾਂ ਸੰਤਾਪ ਅਤੇ ਦੋਸ਼-ਭਾਵਨਾ ਦੀ ਐਸੀ ਸ਼ਿਕਾਰ ਹੋਈ ਕਿ ਅੰਮ੍ਰਿਤਾ ਦੇ ਦਿਹਾਂਤ ਤੋਂ ਚਾਰ ਕੁ ਸਾਲ ਬਾਅਦ ਉਸ ਨੇ ਆਤਮ-ਘਾਤ ਕਰ ਲਿਆ। ਉਮਰਾਓ ਸਿੰਘ ਦੀ ਯਾਦ-ਸ਼ਕਤੀ ਜਾਂਦੀ ਰਹੀ ਸੀ। ਚੁਰਾਸੀ ਸਾਲ ਦੀ ਉਮਰ ਵਿਚ ਉਸ ਦਾ ਦਿਹਾਂਤ ਹੋ ਗਿਆ।

? ਅੰਮ੍ਰਿਤਾ ਦੇ ਚਿੱਤਰਾਂ ਦਾ ਕੀ ਬਣਿਆ? ਕਿਸ ਨੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ?

– ਜੇ ਇਨ੍ਹਾਂ ਵਿਚੋਂ ਕਿਸੇ ਦੀ ਸਾਂਭ ਸੰਭਾਲ ਵਿਚ ਅੰਮ੍ਰਿਤਾ ਦੇ ਚਿੱਤਰ ਆ ਜਾਂਦੇ ਤਾਂ ਉਨ੍ਹਾਂ ਦਾ ਹਾਲ ਉਸ ਦੇ ਖ਼ਤਾਂ ਵਾਲਾ ਹੀ ਹੋਣਾ ਸੀ। ਖ਼ੁਸ਼ ਕਿਸਮਤੀ ਦੀ ਗੱਲ ਇਹ ਹੈ ਕਿ ਕਿਸੇ ਸੁਭਾਗੇ ਪਲ ਉਮਰਾਉ ਸਿੰਘ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਧਿਆਨ ਵਿਚ ਲਿਆ ਦਿੱਤਾ ਕਿ ਉਨ੍ਹਾਂ ਦੀ ਸੁਯੋਗ ਸਾਂਭ ਸੰਭਾਲ ਬਹੁਤ ਜ਼ਰੂਰੀ ਹੈ। ਉਸ ਦੇ ਵੱਧ ਤੋਂ ਵੱਧ ਚਿੱਤਰਾਂ ਨੂੰ ਮਾਡਰਨ ਆਰਟ ਗੈਲਰੀ ਦੇ ਸਪੁਰਦ ਕਰਵਾ ਕੇ ਉਸ ਨੇ ਉਨ੍ਹਾਂ ਦੀ ਸੁਯੋਗ ਸਾਂਭ ਸੰਭਾਲ ਯਕੀਨੀ ਬਣਾ ਦਿੱਤੀ। ਸਾਡੇ ਕੋਲ ਹੁਣ ਇਸ ਸੱਚ ਦਾ ਪ੍ਰਮਾਣ ਹੈ ਕਿ ਭਾਰਤ ਵਰਸ਼ ਵਿਚ ਨਵੀਨ ਚਿੱਤਰਕਾਰੀ ਦਾ ਨਿਰਮਾਣ ਅੰਮ੍ਰਿਤਾ ਸ਼ੇਰਗਿੱਲ ਸਦਕਾ ਹੀ ਹੋਇਆ ਤਾਂ ਇਸ ਤੱਥ ਦਾ ਪ੍ਰਤੀਮਾਨ ਜਵਾਹਰ ਲਾਲ ਨਹਿਰੂ ਸਦਕਾ ਹੀ ਪ੍ਰਾਪਤ ਹੈ। ਅਪ੍ਰਤੱਖ ਨਿਰਦੋਸ਼ਿਆਂ 'ਤੇ ਪ੍ਰਤੱਖ ਦੋਸ਼ੀਆਂ ਨੇ ਤਾਂ ਇਨ੍ਹਾਂ ਨੂੰ ਖਿੰਡਾ ਪੁੰਡਾ ਹੀ ਦੇਣਾ ਸੀ।

000

ਪੰਜਾਬੀ ਭਾਸ਼ਾ ਦੀ ਹੋਂਦ ਤੇ ਭਵਿੱਖ ਦਾ ਸਵਾਲ

"ਜਿਸ ਤਰ੍ਹਾਂ ਦਾ ਖ਼ੌਫ ਪਿਛਲੇ ਕਈ ਮਹੀਨਿਆਂ ਤੋਂ ਬਣਿਆ ਹੋਇਆ ਹੈ ਕਿ ਯੂਨੈਸਕੋ ਦੀ ਰਿਪੋਰਟ ਅਨੁਸਾਰ ਪੰਜਾਬੀ ਭਾਸ਼ਾ ਨੇ ਲੋਪ ਹੋ ਜਾਣਾ ਹੈ, ਇਸ ਦਾ ਮੈਂ ਕਾਇਲ ਨਹੀਂ।"

? ਅਜੋਕੇ ਇਤਿਹਾਸਕ ਮੋੜ 'ਤੇ ਪੰਜਾਬੀ ਬੋਲੀ ਦੀ ਸਥਿੱਤੀ ਤੁਹਾਨੂੰ ਕਿਵੇਂ ਲੱਗਦੀ ਹੈ?

– ਬੜੀ ਪੇਚੀਦਾ ਪ੍ਰਕਾਰ ਦੀ ਸਥਿਤੀ ਬਣੀ ਹੋਈ ਹੈ। ਏਥੇ ਇਕ ਗੱਲ ਸਪਸ਼ਟ ਕਰ ਲੈਣੀ ਜ਼ਰੂਰੀ ਹੈ। ਜਦ ਪੰਜਾਬੀ ਨਾਲ ਬੋਲੀ ਦਾ ਸ਼ਬਦ ਵਰਤਾਂਗੇ ਤਾਂ ਇਸ ਦਾ ਸੰਦਰਭ ਮੌਖਿਕ ਹੋਵੇਗਾ। ਜਦੋਂ ਇਸ ਨਾਲ ਭਾਸ਼ਾ ਸ਼ਬਦ ਦੀ ਵਰਤੋਂ ਕਰਾਂਗੇ ਤਾਂ ਇਸ ਦਾ ਸੰਦਰਭ ਲਿਖਤੀ ਮੰਨਿਆ ਜਾਵੇਗਾ। ਵਾਸਤਵ ਵਿਚ ਦੋਨੋਂ ਸੰਦਰਭ ਬੜੇ ਪੇਚੀਦਾ ਬਣ ਗਏ ਅਨੁਭਵ ਹੁੰਦੇ ਹਨ। ਭੂਗੋਲ ਤੇ ਇਤਿਹਾਸ ਹੀ ਨਹੀਂ ਅਰਥਚਾਰਾ ਤੇ ਸਿਆਸਤ ਦਾ ਇਹਨਾਂ ਵਿਚ ਬਰਾਬਰ ਦਖ਼ਲ ਬਣਿਆ ਹੋਇਆ ਹੈ।

? ਪੰਜਾਬੀ ਬੋਲੀ ਜਿਸ ਤੋਂ ਮਤਲਬ ਇਸਦੇ ਬੋਲਚਾਲ ਦਾ ਮਾਧਿਅਮ ਹੋਣ ਤੋਂ ਹੈ, ਉਸ ਤੇ ਇਹ ਦਖ਼ਲ ਕਿਸ ਤਰ੍ਹਾਂ ਭਾਰੂ ਹੈ?

– ਬੋਲਚਾਲ ਦੇ ਮਾਧਿਅਮ ਵਜੋਂ ਪੰਜਾਬੀ ਬੋਲੀ ਸੱਤਵੀਂ-ਅੱਠਵੀਂ ਸਦੀ ਵਿਚ ਵਰਤੀ ਜਾਣ ਲੱਗ ਪਈ ਸੀ। ਹਰਸ਼ ਵਰਧਨ ਦਾ ਪ੍ਰਤਾਪੀ ਰਾਜਪਾਟ ਢਹਿ ਢੇਰੀ ਹੋ ਚੁੱਕਾ ਸੀ। ਪਾਲੀ ਦੇ ਇਸ ਖੇਤਰ ਦੀ ਭਾਸ਼ਾ ਵਜੋਂ ਲੋਪ ਹੋ ਜਾਣ ਨਾਲ ਅਪਭ੍ਰੰਸ਼ਾਂ ਉੱਭਰ ਆਈਆਂ ਸਨ। ਇਸ ਖੇਤਰ ਦੀ ਅਪਭ੍ਰੰਸ਼ ਹਿੰਦਵੀ ਸੁਭਾਵ ਦੀ ਸੀ ਜੋ ਹਰ ਤੀਜੇ ਕੋਹ ਤੇ ਉਚਾਰ ਵਜੋਂ ਭਿੰਨ ਸੀ। ਭਿੰਨਤਾ ਦੇ ਕਾਰਨ ਭੂਗੋਲਕ ਸਨ, ਦਰਿਆ, ਉਜਾੜ, ਥਲ ਆਦਿ। ਉੱਚੀਆਂ ਜਾਤਾਂ ਵਾਲੇ ਸੰਸਕ੍ਰਿਤ ਅਤੇ ਪਾਲੀ ਦੇ ਸ਼ਬਦਾਂ, ਗੂੜ੍ਹ ਤਰ੍ਹਾਂ ਦੇ ਵਾਕਾਂਸ਼ਾਂ ਦੀ ਵਿਚ-ਵਿਚਾਲੇ ਸ਼ੁੱਧ ਵਰਤੋਂ ਵੀ ਕਰਦੇ ਸਨ। ਨਿਚਲੀਆਂ ਜਾਤਾਂ ਦੇ ਲੋਕ ਅੱਵਲ ਤਾਂ ਇਸ ਵਰਤੋਂ ਤੋਂ ਕਿਨਾਰਾਕਸ਼ੀ ਕਰੀ ਰੱਖਦੇ ਸਨ ਜਾਂ ਉਹਨਾਂ ਦੇ ਅਸ਼ੁੱਧ ਉਚਾਰ ਤੋਂ ਉਤਾਂਹ ਨਹੀਂ ਸਨ ਜਾਂਦੇ। ਕਹਿਣ ਤੋਂ ਭਾਵ ਇਹ ਹੈ ਕਿ ਜੋ ਮੌਖਿਕ ਮੰਤਵ ਖ਼ਾਤਰ, ਬੋਲਚਾਲ ਦੀ ਪੰਜਾਬੀ ਉਸ ਵਕਤ ਬਣ ਰਹੀ ਸੀ, ਉਸ ਵਿਚ ਬਥੇਰੀ ਭਿੰਨਤਾ ਸੀ ਪਰ ਉਸਦਾ ਕਾਰਨ ਭੂਗੋਲਕ ਸੀ। ਇਤਿਹਾਸ, ਸਿਆਸਤ ਅਤੇ ਅਰਥਚਾਰੇ ਦਾ ਇਸ ਪ੍ਰਕਾਰ ਦਖ਼ਲ ਕੋਈ ਨਹੀਂ ਸੀ।

? ਇਸ ਤਰ੍ਹਾਂ ਜੋ ਬੋਲਚਾਲ ਦੀ ਪੰਜਾਬੀ ਬਣ ਰਹੀ ਸੀ ਉਸਦੀ ਨੁਹਾਰ ਪਛਾਣਨ ਦੇ ਕਿੰਨੇ ਕੁ ਯਤਨ ਹੋਏ ਹਨ? ਕਿਸ ਪ੍ਰਕਾਰ ਦੀਆਂ ਔਖਿਆਈਆਂ ਹਨ ਜੋ ਦਰਪੇਸ਼ ਹੁੰਦੀਆਂ ਹਨ?

– ਮੇਰੀ ਜਾਚੇ ਇਸ ਪਾਸੇ ਬਹੁਤਾ ਕੰਮ ਨਹੀਂ ਹੋਇਆ। ਦਰਅਸਲ, ਇਹ ਕੰਮ ਔਖਾ ਵੀ ਬਹੁਤ ਹੈ, ਲਿਖਤੀ ਭਾਸ਼ਾ ਦੀ ਨੁਹਾਰ ਨੂੰ ਪਛਾਣਨ ਤੋਂ ਕਿਤੇ ਵਧੇਰੇ ਜਿਸ ਖ਼ਾਤਰ ਵੇਲੇ ਦੇ ਗ੍ਰੰਥਾਂ ਆਦਿ ਤੋਂ ਪ੍ਰਤੱਖ ਹੀ ਸਹਾਇਤਾ ਨਹੀਂ ਲਈ ਜਾ ਸਕਦੀ। ਅਪਰਤੱਖ ਸਹਾਇਤਾ ਹੀ ਲਈ ਜਾ ਸਕਦੀ ਹੈ, ਇਸ ਧਾਰਨਾ ਨੂੰ ਆਧਾਰ ਬਣਾ ਕੇ ਕਿ ਵੇਲੇ ਦੇ ਗ੍ਰੰਥਾਂ ਵਿਚ ਜੋ ਗੂੜ੍ਹ ਤਰ੍ਹਾਂ ਦੇ ਸ਼ਬਦ ਵਰਤੇ ਜਾਂਦੇ ਹਨ, ਵਾਕ ਬਣਾਏ ਜਾਂਦੇ ਹਨ, ਮੁਹਾਵਰੇ ਵਰਤੋਂ ਵਿਚ ਆਉਂਦੇ ਹਨ, ਬੋਲਚਾਲ ਦੀ ਬੋਲੀ ਉਹਨਾਂ ਨੂੰ ਵਿਗਾੜ ਕੇ ਹੀ ਵਰਤਦੀ ਹੋਵੇਗੀ। ਪੰਜਾਬੀ ਦੇ ਸੰਦਰਭ ਵਿਚ ਸਥਿਤੀ ਇਸ ਕਰਕੇ ਵੀ ਕਰੁਣਾਮਈ ਹੈ ਕਿ ਅਜੇਹੇ ਗ੍ਰੰਥਾਂ ਦੀ ਲੱਗ ਭੱਗ ਅਣਹੋਂਦ ਹੀ ਹੈ। ਰਾਜਸਥਾਨੀ ਮਿੱਸ ਦੀ ਹਿੰਦਵੀ ਵਿਚ ਲਿਖੇ ਅਦੈਮਾਨ ਦੇ ਗ੍ਰੰਥ ਤੋਂ ਬਿਨਾਂ ਕੁਝ ਵੀ ਉਪਲਬਧ ਨਹੀਂ।

? ਫੇਰ ਕਿਸ ਪ੍ਰਕਾਰ ਦਾ ਨਿਖੇੜ ਸੀ ਜਿਸਨੇ ਤ੍ਹੇਰਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਬੋਲੀ ਤੋਂ ਪੰਜਾਬੀ ਭਾਸ਼ਾ ਦੇ ਨਿਰਮਾਣ ਨੂੰ ਸੰਭਵ ਬਣਾ ਦਿੱਤਾ? ਬੋਲਚਾਲ ਦੀ ਪੰਜਾਬੀ ਤੋਂ ਲਿਖਤੀ ਭਾਸ਼ਾ ਦਾ ਨਿਰਮਾਣ ਜਿਸਦੀ ਹੂਕ ਅਜੇ ਵੀ ਸਾਡੇ ਹਿਰਦਿਆਂ ਨੂੰ ਟੁੰਬਦੀ ਹੈ?

– ਇਹ ਨਿਰਮਾਣ ਵਾਪਰਿਆ ਤਾਂ ਭੂਗੋਲਕ ਸਥੱਲ 'ਤੇ ਹੀ, ਉਹ ਵੀ ਮੁਲਤਾਨ ਦੇ ਉਦਾਲੇ ਜਿਸਦੀ ਬੋਲਚਾਲ ਦਾ ਮਾਧਿਅਮ ਖੜ੍ਹੀ ਬੋਲੀ ਸੀ। ਇਤਿਹਾਸਕ ਕਾਰਨ ਦਾ ਇਸ ਵਿਚ ਦਖਲ ਇਤਨਾ ਜ਼ਿਆਦਾ ਸੀ ਜਿਸਨੂੰ ਘਟਨਾ ਤੱਕ ਵੀ ਸੀਮਤ ਨਹੀਂ ਕੀਤਾ ਜਾ ਸਕਦਾ। ਜਿਸ ਘਟਨਾ ਦੇ ਨਾਲ ਇਸਦਾ ਬਿਰਤਾਂਤ ਬਣਦਾ ਹੈ ਉਸ 'ਚ ਮਜ਼ਹਬ, ਜਾਤ ਅਤੇ ਸਭਿਆਚਾਰ ਪਰਤੱਖ ਹੀ ਆ ਸਮਾਉਂਦੇ ਹਨ। ਬੀਜਰੂਪ ਵਿਚ ਜੋ ਘਟਨਾ ਇਸ ਨਿਰਮਾਣ ਦਾ ਕਾਰਨ ਬਣੀ ਉਹ ਸੀ ਇਸਲਾਮ ਦਾ ਪਰਚਮ ਬੁਲੰਦ ਕਰਨ ਹਿੱਤ ਅਫ਼ਗਾਨੀ, ਤੁਰਕੀ ਅਤੇ ਈਰਾਨੀ ਜਰਵਾਣਿਆਂ ਦੀ ਪੰਜਾਬ ਵਿਚ ਆਮਦ। ਯਾਤਰਾ, ਵਪਾਰ ਅਤੇ ਸਹਿਯੋਗ ਦੀ ਥਾਂ ਇਹ ਆਮਦ ਜਬਰ, ਲੁੱਟ ਅਤੇ ਨਿਰਾਦਰ ਨਾਲ ਲੱਦੀ ਕਾਂਗ ਵਾਂਗ ਸੀ। ਜਾਤ-ਪਾਤ, ਪਾਪ-ਪੁੰਨ, ਸੁੱਖ-ਦੁੱਖ, ਆਵਾਗਵਣ ਦੇ ਬੋਝ ਤੋਂ ਪੰਜਾਬੀ ਰਹਿਤਲ ਨੂੰ ਮੁਕਤ ਕਰਨ ਦਾ ਜੋ ਗੌਣ ਜਿਹਾ ਕਾਰਜ ਜੋਗੀ ਨਿਭਾ ਰਹੇ ਸਨ, ਉਸਦੀ ਇਸ ਕਾਂਗ ਅੱਗੇ ਕੁਝ ਵਟੀਂਦੀ ਨਹੀਂ ਸੀ। ਇਸਨੂੰ ਠੱਲ ਤਾਂ ਉਹ ਦਰਵੇਸ਼ ਵੀ ਨਾ ਪਾ ਸਕਿਆ ਜੋ ਇਹਨਾਂ ਦੇ ਅੰਗ ਸੰਗ ਪੰਜਾਬ ਆ ਬਹੁੜਿਆ। ਵਾਰਿਸ ਸ਼ਾਹ ਦੇ ਕਹਿਣ ਅਨੁਸਾਰ ਪੰਜਾਬ ਦਾ ਦੁੱਖ ਦਰਦ ਦੂਰ ਕਰਨ ਖ਼ਾਤਰ ਉਸਨੇ ਪਾਕਪਟਨ ਦੇ ਸਥਾਨ 'ਤੇ ਡੇਰਾ ਜਮਾ ਲਿਆ। ਕੌਣ ਮੰਨ ਸਕਦਾ ਸੀ ਕਿ ਪ੍ਰਦੇਸੀ ਮਾਂ-ਪਿਉ ਦਾ ਜਾਇਆ, ਜਰਵਾਣਿਆਂ ਦੀ ਨਸਲ ਵਿਚੋਂ, ਉਹਨਾਂ ਦੇ ਮਜ਼ਹਬ ਨੂੰ ਮੰਨਣ ਵਾਲਾ ਪੰਜਾਬ ਦਾ ਦੁੱਖ ਦਰਦ ਐਨਾ ਦਿਲ ਨੂੰ ਲਾ ਬੈਠੇਗਾ ਕਿ ਦੁਖਿਆਰਿਆਂ ਨੂੰ ਧਰਵਾਸ ਦੇਣਾ

ਹੀ ਉਸਦਾ ਸਿਦਕ ਬਣ ਜਾਵੇਗਾ। ਇਸਦਾ ਮਾਧਿਅਮ ਸਨ ਢਾਈ ਕੁ ਸੌ ਕਾਵਿਮਈ ਸਤਰਾਂ ਜਿਨ੍ਹਾਂ ਵਿਚ ਵਰਤੇ ਗਏ ਪੰਜ ਕੁ ਸੌ ਸ਼ਬਦ ਹਲੀਮੀ, ਦਰਵੇਸ਼ੀ, ਪਾਵਨਤਾ ਅਤੇ ਗੰਭੀਰਤਾ ਦਾ ਅਜੇਹਾ ਅਚੰਭਾ ਸਿਰਜਦੇ ਹਨ ਜਿਸਦੀ ਹੂਕ ਹੁਣ ਤੱਕ ਸਾਡੇ ਹਿਰਦਿਆਂ ਨੂੰ ਟੁੰਬਦੀ ਹੈ। ਵਾਸਤਵ ਵਿਚ ਪੰਜਾਬੀ ਭਾਸ਼ਾ ਦਾ ਨਿਰਮਾਣ ਏਥੋਂ ਹੀ ਆਰੰਭ ਹੁੰਦਾ ਹੈ।

? ਜੇ ਇਸਲਾਮ ਦਾ ਪ੍ਰਵੇਸ਼ ਕਿਸੇ ਹੋਰ ਰੂਪ ਵਿਚ ਹੁੰਦਾ ਤਾਂ ਕੀ ਪੰਜਾਬੀ ਸਾਹਿਤ ਦਾ ਆਰੰਭ ਇਸੇ ਪ੍ਰਕਾਰ ਦਾ ਹੁੰਦਾ? ਜੋ ਬਾਅਦ ਵਿਚ ਇਸਦਾ ਸਰੂਪ ਨਿਖਰਿਆ, ਕੀ ਉਸ ਵਿਚ ਵੀ ਕੋਈ ਭਿੰਨਤਾ ਹੁੰਦੀ?

– ਨਿਸਚੇ ਨਾਲ ਤਾਂ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਅਨੁਮਾਨ ਹੀ ਹੋ ਸਕਦਾ ਹੈ। ਉਸ ਹਾਲਤ ਵਿਚ ਪੰਜਾਬੀ ਭਾਸ਼ਾ ਦਾ ਆਰੰਭ ਹੀ ਵੱਖਰੀ ਤਰ੍ਹਾਂ ਨਾ ਹੁੰਦਾ, ਜੋ ਸਾਹਿਤ ਇਸ ਵਿਚ ਰਚਿਆ ਜਾਂਦਾ, ਉਸਦਾ ਸਰੂਪ ਵੀ ਭਿੰਨ ਪ੍ਰਕਾਰ ਦਾ ਹੁੰਦਾ।

ਮੇਰੇ ਇਸ ਅਨੁਮਾਨ ਦਾ ਆਧਾਰ ਉਹ ਧਾਰਨਾ ਹੈ ਜੋ ਦੇਸ਼ ਦੀ ਸਭ ਤੋਂ ਸੁਜਾਨ ਇਤਿਹਾਸਕਾਰ ਰੋਮਿਲਾ ਥਾਪਰ ਆਪਣੀ ਅਜੋਕੀ ਰਚਨਾ (Somanatha) ਵਿਚ ਪ੍ਰਸਤੁੱਤ ਕੀਤੀ ਹੈ। ਉਸ ਅਨੁਸਾਰ ਭਾਰਤ ਵਿਚ ਇਸਲਾਮ ਦਾ ਪ੍ਰਵੇਸ਼ ਜੇ ਅਰਬ ਦੇਸ਼ ਵਲੋਂ ਹੁੰਦਾ ਤਾਂ ਜਬਰ ਨਾਲੋਂ ਇਸਦਾ ਮਾਧਿਅਮ ਵਧੇਰੇ ਸਹਿਯੋਗ ਹੋਣਾ ਸੀ। ਵਪਾਰ ਨੂੰ ਪ੍ਰਫੁੱਲਤ ਕਰਨਾ ਇਸ ਦਾ ਮੁੱਖ ਮੰਤਵ ਬਣ ਜਾਣਾ ਸੀ। ਤੱਥ ਦੀ ਘਾਟ ਦੇ ਬਾਵਜੂਦ ਮੈਨੂੰ ਇਹ ਧਾਰਨਾ ਸੱਚ ਦੇ ਸਮੀਪ ਜਾਪਦੀ ਹੈ। ਇਸਦੀ ਪ੍ਰੇਰਣਾ ਵਸ ਮੇਰਾ ਇਹ ਮੰਨਣ ਨੂੰ ਦਿਲ ਕਰਦਾ ਹੈ ਕਿ ਉਸ ਹਾਲਤ ਵਿਚ ਲਿਖਤੀ ਪੰਜਾਬੀ ਦੀ ਸਿੰਧੀ ਨਾਲ ਵਧੇਰੇ ਨੇੜਤਾ ਹੋਣੀ ਸੀ। ਸੂਫ਼ੀ ਸੰਵੇਦਨਾ ਦੀ ਵੀ ਇਸ ਭਾਸ਼ਾ ਵਿਚ ਰਚੇ ਜਾਣ ਵਾਲੇ ਸਾਹਿਤ ਨੇ ਵਧੇਰੇ ਗੰਭੀਰ ਪਹਿਚਾਣ ਕਰਵਾਉਣੀ ਸੀ ਜਿਸ ਨੇ ਸੁਲਤਾਨ ਬਾਹੂ, ਸ਼ਾਹ ਹੁਸੈਨ ਅਤੇ ਬੁੱਲੇ ਸ਼ਾਹ ਤੋਂ ਕਿਤੇ ਪਾਰ ਜਾਣਾ ਸੀ। ਸ਼ਾਹ ਅਬਦੁਲ ਲਤੀਫ਼ ਦੀ ਮਹਾਨ ਰਚਨਾ 'ਰਿਸਾਲੋ' ਦਾ ਕੋਈ ਪੰਜਾਬੀ ਰੂਪ ਵੀ ਹੋਣਾ ਸੀ।

? ਜੇ ਇਹ ਨੌਬਤ ਆ ਬਣਦੀ, ਕੀ ਪੰਜਾਬੀ ਸਾਹਿਤ ਵਿਚ ਪ੍ਰਥਮ ਸਥਾਨ ਸੂਫ਼ੀ ਕਾਵਿ ਦਾ ਨਾ ਬਣ ਜਾਂਦਾ? ਉਸ ਹਾਲਤ ਵਿਚ ਗੁਰਬਾਣੀ ਨੂੰ ਕੀ ਮਹੱਤਵ ਅਤੇ ਮੁੱਲ ਮਿਲਦਾ?

– ਉਸ ਹਾਲਤ ਵਿਚ ਵੀ ਅੰਤਰ-ਵਿਰੋਧ ਤਾਂ ਬਣਨੇ ਹੀ ਸਨ ਜਿਨ੍ਹਾਂ ਦਾ ਰਚਵੇਂ ਹੋਣਾ ਸੰਭਵ ਹੀ ਨਹੀਂ ਸੰਭਾਵੀ ਵੀ ਹੋ ਨਿਬੜਣਾ ਸੀ। ਇਸ ਗੱਲ ਦਾ ਪ੍ਰਮਾਣ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਦੱਖਣੀ-ਪੱਛਮੀ ਦਿਸ਼ਾ ਵਿਚ ਜੋ ਗੁਰੂ ਨਾਨਕ ਦੇਵ ਨੇ ਰਟਨ ਕੀਤਾ ਉਸ ਦੌਰਾਨ ਉਨ੍ਹਾਂ ਮੱਕੇ ਜਾਣ ਨੂੰ ਤਰਜੀਹ ਦਿਤੀ। ਇਤਿਹਾਸਕ ਉਥਲ-ਪੁਥਲ ਨੇ ਇਹ ਸਿੱਧ ਕਰ ਦਿਤਾ ਸੀ ਕਿ ਇਸਲਾਮ ਦਾ ਆਰੰਭ ਪਿਆ ਮੱਕੇ ਤੋਂ ਹੋਇਆ ਹੋਵੇ,

ਇਸਦੀ ਸੱਤਾ ਦਾ ਕੇਂਦਰ ਤਾਂ ਗ਼ਜ਼ਨੀ ਬਣ ਚੁੱਕਾ ਸੀ। ਉਹ ਬਗਦਾਦ ਗਏ ਪਰ ਗਜ਼ਨੀ ਜਾਣਾ ਮੁਨਾਸਬ ਨਾ ਸਮਝਿਆ।

ਨਾਨਕ ਬਾਣੀ ਵਿਚ ਗੁਰੂ ਸਾਹਿਬ ਨੇ ਜੇ ਇਕ ਪਾਸੇ ਹਿੰਦੂ ਮੱਤ, ਬੁੱਧ ਧਰਮ, ਜੈਨ ਧਰਮ ਅਤੇ ਜੋਗ ਮੱਤ ਨੂੰ ਤਨਕੀਦ ਹੇਠ ਲਿਆਂਦਾ ਤਾਂ ਦੂਜੇ ਪਾਸੇ ਇਸਲਾਮ ਦੇ ਦਾਅਵੇਦਾਰ ਬਣੇ ਮੁੱਲਾਂ, ਮੌਲਾਣਿਆਂ ਅਤੇ ਰਾਜਨੀਤਕਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। ਜਦੋਂ ਉਨ੍ਹਾਂ ਨੂੰ ਪ੍ਰਤੀਦਵੰਦੀ ਪਰਤੱਖ ਹੀ ਬੇਈਮਾਨੀ, ਲੁੱਟ ਖਸੁੱਟ ਅਤੇ ਉਪੱਦਰ ਤੇ ਉਤਰਿਆ ਨਜ਼ਰ ਆਉਂਦਾ ਸੀ ਤਾਂ ਉਹ ਕਠੋਰ ਸ਼ਬਦਾਂ ਵਿਚ ਉਸਨੂੰ ਨਕਾਰਣ ਤੋਂ ਸੰਕੋਚ ਨਹੀਂ ਕਰਦੇ ਸਨ। ਬਹੁਤੀ ਵਾਰੀ ਉਸਦੀਆਂ ਕਹਿਣੀਆਂ ਅਤੇ ਕਰਨੀਆਂ ਵਿਚ ਉਹ ਛਿਦਰ ਪਾਉਂਦੇ ਚਲੇ ਜਾਂਦੇ ਸਨ ਜਿਸ ਦੇ ਸਾਹਮਣੇ ਪ੍ਰਤੀਦਵੰਦੀ ਬੇਵਸ ਅਤੇ ਬੇਆਵਾਜ਼ ਹੋ ਕੇ ਰਹਿ ਜਾਂਦਾ ਸੀ। ਆਪਣੇ ਸੰਵਾਦ ਨੂੰ ਹੋਰ ਵੀ ਗਹਿਰਾਈ ਅਤੇ ਬੁਲੰਦੀ ਬਖਸ਼ਣ ਖ਼ਾਤਰ, ਉਹ ਪ੍ਰਤੀਦਵੰਦੀ ਦੀ ਚਿੰਤਨ ਪ੍ਰਣਾਲੀ ਨਕਾਰਦੇ ਨਹੀਂ ਸਨ। ਉਸਦੇ ਵਿਚਾਰਾਂ ਦੀ ਅਜਿਹੀ ਪੁਨਰ-ਵਿਆਖਿਆ ਕਰਦੇ ਸਨ ਕਿ ਉਪਰੋਕਤ ਚਿੰਤਨ-ਪ੍ਰਣਾਲੀ ਉਪਰੋਂ ਬੇਸ਼ੱਕ ਪ੍ਰਤੀਦਵੰਦੀ ਦੀ ਲੱਗੇ ਪ੍ਰੰਤੂ ਮੂਲ ਰੂਪ ਵਿਚ ਗੁਰੂ ਸਾਹਿਬ ਦੇ ਮੌਲਿਕ ਚਿੰਤਨ ਨਾਲ ਉਜਲ ਹੋ ਜਾਂਦੀ ਸੀ। ਜੇ ਇਸਲਾਮ ਦਾ ਪ੍ਰਵੇਸ਼ ਜਬਰ ਤੇ ਜ਼ੁਲਮ ਦੀ ਥਾਂ ਸਹਿਯੋਗ ਅਤੇ ਮੇਲ ਮਿਲਾਪ ਨਾਲ ਹੋਇਆ ਹੁੰਦਾ ਤਾਂ ਗੁਰੂ ਸਾਹਿਬ ਦੇ ਸੰਵਾਦ ਵਿਚ ਅੰਤਿਮ ਪ੍ਰਕਾਰ ਦੀ ਤਨਕੀਦ ਦੀ ਹੋਰ ਵੀ ਭਰਪੂਰਤਾ ਹੋਣੀ ਸੀ।

? ਇਸ ਨਾਲ ਪੰਜਾਬੀ ਭਾਸ਼ਾ ਨੂੰ ਕੀ ਪਰਾਪਤ ਹੋਇਆ? ਕਿਸ ਪ੍ਰਕਾਰ ਦੀ ਸਮਰੱਥਾ ਦੀ ਉਹ ਹੱਕਦਾਰ ਬਣ ਗਈ?

– ਆਪਣੇ ਸੰਵਾਦ ਨੂੰ ਗਹਿਰਾਈ ਅਤੇ ਵਿਸ਼ਾਲਤਾ ਨਾਲ ਭਰਪੂਰ ਕਰਨ ਖ਼ਾਤਰ, ਗੁਰੂ ਨਾਨਕ ਦੇਵ ਨੇ ਅਤੀਤ ਦੀਆਂ ਭਾਰਤੀ ਭਾਸ਼ਾਵਾਂ ਤੋਂ ਹੀ ਨਹੀਂ ਸਗੋਂ ਆਪਣੇ ਵੇਲੇ ਦੀਆਂ ਬੋਲੀਆਂ ਅਤੇ ਉਪ ਭਾਖ਼ਾਵਾਂ ਤੋਂ ਅਨੇਕ ਸ਼ਬਦ ਲਏ। ਅਰਬੀ, ਫ਼ਾਰਸੀ ਏਥੋਂ ਤੱਕ ਸਿੰਧੀ ਤੋਂ ਸ਼ਬਦ ਲੈਣ ਤੋਂ ਵੀ ਉਨ੍ਹਾਂ ਸੰਕੋਚ ਨਾ ਕੀਤਾ। ਸਰਲ ਜਿਹੇ ਅਨੁਮਾਨ ਅਨੁਸਾਰ ਇਹਨਾਂ ਸ਼ਬਦਾਂ ਦੀ ਗਿਣਤੀ ਅੱਠ ਕੁ ਹਜ਼ਾਰ ਬਣ ਜਾਂਦੀ ਹੈ।

ਜੇ ਇਹ ਸ਼ਬਦ ਜਿਉਂ ਦੇ ਤਿਉਂ ਹੀ ਪੰਜਾਬੀ ਵਿਚ ਆ ਜਾਂਦੇ ਤਾਂ ਗੁਰੂ ਸਾਹਿਬ ਦੀ ਭਾਸ਼ਾ ਨੇ ਇਕ ਤਰ੍ਹਾਂ ਦਾ ਮਿਲਗੋਭਾ ਜਿਹਾ ਬਣ ਜਾਣਾ ਸੀ। ਵੀਹਵੀਂ ਸਦੀ ਦੇ ਆਰੰਭ ਵਿਚ (Esperanto) ਨਾਮ ਦੀ ਮਸਨੂਈ ਭਾਸ਼ਾ ਘੜੀ ਗਈ ਸੀ ਜਿਸ ਵਿਚ ਹੋਰਾਂ ਭਾਸ਼ਾਵਾ ਦੇ ਸ਼ਬਦ ਜਿਉਂ ਦੇ ਤਿਉਂ ਇਕੱਤਰ ਹੋ ਗਏ ਸਨ। ਭਾਵੇਂ ਗੁਰੂ ਸਾਹਿਬ ਕੁਝ ਮੂਲ ਸ਼ਬਦ ਜਿਉਂ ਦੇ ਤਿਉਂ ਸਵੀਕਾਰ ਕੀਤੇ ਤਤਸਮ ਵਿਧੀ ਅਧੀਨ, ਪ੍ਰੰਤੂ ਗਿਣਤੀ ਵਿਚ ਉਹ ਐਨੇ ਘੱਟ ਹਨ ਕਿ ਦੋਸ਼ ਨਹੀਂ ਬਣਦੇ। ਬੁਨਿਆਦੀ ਤੌਰ ਤੇ ਗੁਰੂ

ਸਾਹਿਬ ਨੇ ਤਦਭਵ ਵਿਧੀ ਅਨੁਸਾਰ ਲਏ, ਉਹਨਾਂ ਦੇ ਉਚਾਰ ਅਤੇ ਜੋੜ ਵਿਚ ਪਰਿਵਰਤਨ ਲਿਆਕੇ, ਜਿਸ ਕਾਰਨ ਉਹ ਪੰਜਾਬੀ ਭਾਸ਼ਾ ਦੀ ਅਣਮੋਲ ਪੂੰਜੀ ਬਣ ਗਏ। ਜੇ ਸ਼ੇਖ ਫ਼ਰੀਦ ਦੇ ਸ਼ਲੋਕਾਂ ਵਿਚ ਵਰਤੇ ਗਏ ਕੁਝ ਸੈਂਕੜੇ ਸ਼ਬਦ ਬੜੇ ਸੂਖਮ ਅਹਿਸਾਸਾਂ ਨੂੰ ਪ੍ਰਗਟਾਉਣ ਦੇ ਸਮਰਥ ਸਨ ਤਾਂ ਗੁਰੂ ਸਾਹਿਬ ਵਲੋਂ ਵਰਤੇ ਗਏ ਹਜ਼ਾਰਾਂ ਸ਼ਬਦ ਸੰਜੀਦਾ ਸੰਵਾਦ, ਗੰਭੀਰ ਚਿੰਤਨ, ਬੁਲੰਦ ਸੋਚ ਅਤੇ ਭਰਪੂਰ ਵਿਚਾਰ-ਵਟਾਂਦਰੇ ਦੇ ਲਖਾਇਕ ਸਨ।

? ਕਿਸੇ ਹੋਰ ਭਾਰਤੀ ਜਾਂ ਯੂਰਪੀ ਭਾਸ਼ਾ ਵਿਚ ਇਸ ਤਰ੍ਹਾਂ ਦਾ ਕਰਤੱਵ ਸਰਅੰਜਾਮ ਹੋਇਆ?

– ਵੈਸੇ ਤਾਂ ਇਹ ਕਰਤੱਵ ਭਾਰਤ ਦੀਆਂ ਕਈ ਭਾਸ਼ਾਵਾਂ ਵਿਚ ਚੱਲ ਰਿਹਾ ਸੀ। ਬੰਗਾਲੀ ਅਤੇ ਮਰਾਠੀ, ਪੰਜਾਬੀ ਤੋਂ ਪਹਿਲਾਂ ਹੋਂਦ ਵਿਚ ਆ ਗਈਆਂ ਸਨ ਅਤੇ ਕਿਸੇ ਹੱਦ ਤੱਕ ਉਹ ਇਸੇ ਅਮਲ ਦੁਆਰ ਪਰਵਾਨ ਚੜ੍ਹ ਰਹੀਆਂ ਸਨ। ਗੁਜਰਾਤੀ ਅਤੇ ਸਿੰਧੀ ਪੰਜਾਬੀ ਦੀਆਂ ਸਮਕਾਲੀ ਸਨ ਅਤੇ ਉਹਨਾਂ ਵਿਚ ਵੀ ਇਸ ਅਮਲ ਦਾ ਅਭਾਵ ਨਹੀਂ ਸੀ। ਜਿਸ ਚੇਤੰਨ ਰੂਪ ਵਿਚ ਇਹ ਕਰਤੱਵ ਪੰਜਾਬੀ ਵਿਚ ਨੇਪਰੇ ਚੜ੍ਹਿਆ, ਵਿਸ਼ੇਸ਼ ਕਰਕੇ ਗੁਰੂ ਨਾਨਕ ਦੇਵ ਦੇ ਪ੍ਰਯਾਸ ਦੁਆਰਾ ਉਸਦੀ ਮਿਸਾਲ ਇਹਨਾਂ ਭਾਸ਼ਾਵਾਂ ਵਿਚ ਨਹੀਂ ਮਿਲਦੀ।

ਯੂਰਪੀ ਭਾਸ਼ਾਵਾਂ ਵੀ ਇਸੇ ਕਰਤੱਵ ਦੀਆਂ ਹਾਣੀ ਹੋ ਚੁੱਕੀਆਂ ਸਨ ਜਾਂ ਹੋ ਰਹੀਆਂ ਸਨ। ਗੁਰੂ ਨਾਨਕ ਵਰਗਾ ਸੁਚੇਤ ਅਤੇ ਚੇਤੰਨ ਪ੍ਰਯਾਸ ਉਹਨਾਂ ਵਿਚ ਵਿਸ਼ੇਸ਼ ਤੌਰ 'ਤੇ ਅਤਾਲਵੀ ਭਾਸ਼ਾ ਵਿਚ ਹੀ ਵਾਪਰਿਆ। ਇਸ ਦਾ ਸਿਹਰਾ ਮਹਾਨ ਕਵੀ ਦਾਂਤੇ ਨੂੰ ਜਾਂਦਾ ਜਿਸਦਾ ਸਮਾਂ ਗੁਰੂ ਨਾਨਕ ਦੇਵ ਨਾਲੋਂ ਦੋ ਕੁ ਸਦੀਆਂ ਪਹਿਲਾ ਦਾ ਸੀ। ਜਿਵੇਂ ਉਸਦੀ ਮਹਾਨ ਰਚਨਾ 'ਦੈਵੀ ਸੁਖਾਂਤ' ਤੋਂ ਭਲੀਭਾਂਤ ਹੀ ਪਰਤੱਖ ਹੋ ਜਾਂਦਾ ਹੈ, ਉਹ ਅਤਾਲਵੀ ਭਾਸ਼ਾ ਦਾ ਨਿਰਮਾਣਕਾਰ ਸੀ ਜਿਸਦੀ ਰੀਸੇ ਅੰਗਰੇਜ਼ੀ ਵਿਚ ਚਾਸਰ ਅਤੇ ਫਰਾਂਸੀਸੀ ਵਿਚ ਰੈਬਲਾਇਸ ਆਦਿ ਨੇ ਇਹ ਕਰਤੱਵ ਨਿਭਾਉਣ ਦਾ ਸਿਰਤੋੜ ਯਤਨ ਕੀਤਾ। ਉਹਨਾਂ ਦੇ ਇਹ ਯਤਨ ਦਾਂਤੇ ਦੇ ਪ੍ਰਯਾਸ ਦੀ ਤੁਲਨਾ ਵਿਚ ਨਹੀਂ ਰੱਖੇ ਜਾ ਸਕਦੇ। ਇਸੇ ਪ੍ਰਕਾਰ ਜੋ ਯਤਨ ਭਾਰਤੀ ਭਾਸ਼ਾਵਾਂ ਵਿਚ ਹੋਏ ਉਹਨਾਂ ਦੀ ਤੁਲਨਾ ਉਸਦੇ ਪ੍ਰਯਾਸ ਨਾਲ ਨਹੀਂ ਹੋ ਸਕਦੀ।

? ਚਿੰਤਨ ਦੀ ਬੁਲੰਦੀ ਅਤੇ ਸੰਵਾਦ ਦੀ ਗਹਿਰਾਈ ਪਾ ਕੇ ਕੀ ਪੰਜਾਬੀ ਭਾਸ਼ਾ ਆਪਣੀਆਂ ਕੁੱਲ ਸੰਭਾਵਨਾਵਾਂ ਹੰਢਾ ਲੈਂਦੀ ਹੈ? ਜਿਨ੍ਹਾ ਪ੍ਰਮਾਣਾਂ ਅਤੇ ਪ੍ਰਤੀਮਾਨਾਂ ਨਾਲ ਪ੍ਰਤੀਬੱਧ ਹੋ ਕੇ ਇਹ ਨਾਨਕ ਬਾਣੀ ਵਿਚ ਪੇਸ਼ ਹੈ, ਕੀ ਉਹਨਾਂ ਨਾਲ ਸਾਡਾ ਸਭ ਕੁਝ ਸੌਰ ਜਾਂਦਾ ਹੈ?

– ਕੁਝ ਕੁ ਸੈਂਕੜੇ ਸ਼ਬਦਾਂ ਰਾਹੀਂ ਪੰਜਾਬੀ ਭਾਸ਼ਾ ਦਾ ਜੋ ਸ਼ੇਖ ਫਰੀਦ ਦੇ

ਸ਼ਲੋਕਾਂ ਵਿਚ ਆਰੰਭ ਹੋਇਆ, ਉਸ ਅੱਗੇ ਜੋ ਪਸਮੰਜ਼ਰ ਨਾਨਕਬਾਣੀ ਖੋਲਦੀ ਹੈ, ਸਿੱਟੇ ਵਜੋਂ ਕਈ ਹਜ਼ਾਰ ਸ਼ਬਦ ਜੋ ਪੰਜਾਬੀ ਵਿਚ ਪ੍ਰਵੇਸ਼ ਕਰ ਜਾਂਦੇ ਹਨ, ਸੀਮਤ ਅਰਥਾਂ ਉਦਾਲੇ ਬਹੁ-ਪਰਤੀ ਭਾਵ ਗ੍ਰਹਿਣ ਕਰ ਲੈਂਦੇ ਹਨ, ਕਾਵਿਮਈ ਅਤੇ ਸੰਵਾਦਮਈ ਧੁਨੀਆਂ ਨੂੰ ਪ੍ਰਣਾਏ ਜਾਂਦੇ ਹਨ, ਉਨ੍ਹਾਂ ਦੀ ਬਦੌਲਤ ਪੰਜਾਬੀ ਉਦਾਲੇ ਦੀਆਂ ਉਪ ਭਾਖਾਵਾਂ ਤੇ ਪ੍ਰਮੁੱਖਤਾਵਾਂ ਪਰਾਪਤ ਕਰਨ ਦੇ ਸਮਰੱਥ ਹੋ ਜਾਂਦੀ ਹੈ।

ਇਸ ਦਾ ਅਨੁਮਾਨ ਗੁਰੂ ਅਰਜਨ ਦੇਵ ਦੇ ਪ੍ਰਯਾਸ ਤੋਂ ਹੋਰ ਵੀ ਪਰਤੱਖ ਹੋ ਜਾਂਦਾ ਹੈ। ਪੰਜਾਬੀ ਗੁੜ੍ਹਤੀ ਨਾਲ ਪ੍ਰਬਲ ਹੋਏ ਕਈ ਹਜ਼ਾਰ ਸ਼ਬਦ ਜੋ ਨਾਨਕ ਬਾਣੀ ਦੁਆਰਾ ਇਸਦੀ ਰਚਵੀਂ ਪੂੰਜੀ ਬਣਦੇ ਹਨ, ਉਹ ਮੂਲ ਸ੍ਰੋਤਾਂ ਵਲ ਉਹਨਾਂ ਦਾ ਮੁੱਖ ਮੋੜ ਦਿੰਦੇ ਹਨ। ਉਹ ਵਿਸ਼ੇਸ਼ਤਾ ਜੋ ਨਾਨਕ ਬਾਣੀ ਨੇ ਉਹਨਾਂ ਨੂੰ ਪ੍ਰਦਾਨ ਕੀਤੀ ਸੀ, ਉਸ ਤੋਂ ਜਿਵੇਂ ਉਹਨਾਂ ਦੀ ਮੁਕਤੀ ਦੀ ਕਾਮਨਾ ਕੀਤੀ ਜਾ ਰਹੀ ਹੋਵੇ। ਪਰ ਵਾਸਤਵ ਵਿਚ ਅਜੇਹਾ ਨਹੀਂ ਸੀ। ਮੂਲ ਬੋਲੀਆਂ ਵਿਚ, ਖ਼ਾਸ ਤੌਰ 'ਤੇ ਜਿਵੇਂ ਉੱਤਰੀ ਭਾਰਤ ਵਿਚ ਉਹਨਾਂ ਦਾ ਵਹਾਉ ਬਣਿਆ ਹੋਇਆ ਸੀ, ਉਹਨਾਂ ਨੂੰ ਨਾਨਕਬਾਣੀ ਦੀ ਗੁੜ੍ਹਤੀ ਦੇਣਾ, ਗੁਰੂ ਅਰਜਨ ਦੇਵ ਦਾ ਪ੍ਰਯੋਜਨ ਜਾਪਦਾ ਸੀ। ਇਕ ਤਰ੍ਹਾਂ ਤਾਂ ਲਗਦਾ ਹੈ ਜਿਵੇਂ ਪਰਵਾਨ ਚੜ੍ਹੀ ਪੰਜਾਬੀ ਭਾਸ਼ਾ ਨੂੰ ਖੋਰਾ ਲਗ ਰਿਹਾ ਸੀ। ਦੂਜੀ ਤਰ੍ਹਾਂ ਇਹ ਵੀ ਅਨੁਭਵ ਹੋ ਰਿਹਾ ਸੀ ਕਿ ਇਸਦੀਆਂ ਸੰਭਾਵਨਾਵਾਂ ਨੂੰ ਹੋਰ ਵਿਸਤ੍ਰਿਤ ਕਰਨ ਦਾ ਪ੍ਰਯਾਸ ਹੋ ਰਿਹਾ ਸੀ। ਅਜੋਕੇ ਇਤਿਹਾਸਕ ਦੌਰ ਵਿਚ ਇਹ ਕਰਤੱਵ, ਸੋਲ੍ਹਵੀਂ ਸਦੀ ਵਿਚ ਵਾਪਰੇ ਜੋ ਕਿਸੇ ਕੌਤਿਕ ਤੋਂ ਘੱਟ ਨਹੀਂ ਸੀ, ਸਾਡੀਆਂ ਭਾਸ਼ਿਕ ਚੁਣੌਤੀਆਂ ਦਾ ਹੱਲ ਤਾਂ ਪੇਸ਼ ਨਹੀਂ ਕਰਦਾ। ਉਹਨਾਂ ਨੂੰ ਹੱਲ ਕਰਨ ਦੀ ਸਮਰੱਥਾ ਦਾ ਅਹਿਸਾਸ ਜ਼ਰੂਰ ਕਰਵਾ ਦਿੰਦਾ ਹੈ।

? ਚੁਣੌਤੀਆਂ ਦਾ ਹੱਲ ਪੇਸ਼ ਕਰਨ ਦੀ ਥਾਂ, ਉਹਨਾਂ ਨੂੰ ਹੱਲ ਕਰਨ ਦੀ ਸਮਰੱਥਾ ਕਰਵਾਉਣ ਤੋਂ ਤੁਹਾਡਾ ਕੀ ਭਾਵ ਹੈ?

– ਨਾਨਕ ਬਾਣੀ, ਗੁਰੂ ਅਰਜਨ ਦੇਵ ਦੀ ਰਚਨਾ, ਜਾਂ ਕਹਿ ਲਵੋ ਸੋਲ੍ਹਵੀ ਸਦੀ ਦੀ ਪੰਜਾਬੀ ਭਾਸ਼ਾ ਵਿਚ ਜਿਵੇਂ ਸ਼ਬਦ ਪ੍ਰਵਚਨ ਵਿਚ ਢਲਦੇ ਹਨ, ਇਸ ਖ਼ਾਤਰ ਜਿਨ੍ਹਾਂ ਵਿਆਕਰਣਕ ਅਸੂਲਾਂ ਨੂੰ ਉਹ ਪਾਬੰਦ ਹੁੰਦੇ ਹਨ, ਵਿਸ਼ਰਾਮ ਚਿੰਨ੍ਹਾਂ ਸਹਾਰੇ ਇਸਤਰੀ ਲਿੰਗ ਜਾਂ ਪੁਲਿੰਗ ਹੋਣ ਦੀ ਆਭਾ ਗ੍ਰਹਿਣ ਕਰਦੇ ਹਨ, ਇਕ ਜਾਂ ਬਹੁ ਬਣ ਜਾਣ ਦੇ ਯੋਗ ਹੁੰਦੇ ਹਨ, ਉਹ ਹੁਣ ਦੀ ਮਾਨਸਿਕਤਾ ਲਈ ਉਪਰੀਆਂ ਕਿਰਿਆਵਾਂ ਹਨ। ਫੇਰ ਉਹਨਾਂ ਦਾ ਪ੍ਰਵਚਨ ਵਿਚ ਜੋ ਵਹਾਉ ਸਿਰਜਿਆ ਜਾਂਦਾ ਹੈ, ਉਹ ਸੰਗੀਤਕ ਧੁਨੀਆਂ ਦੀ ਨਿਰੰਤਰਤਾ ਅਨੁਕੂਲ ਹੈ। ਉਹ ਪ੍ਰਗਟਾ ਜੋ ਭਾਵਾਂ ਅਤੇ ਪ੍ਰਭਾਵਾਂ ਦੇ ਵਿਗਠਨ ਨੂੰ ਸੰਗਠਨ ਜਿੰਨਾ ਹੀ ਜ਼ਰੂਰੀ ਸਮਝਦਾ ਹੋਵੇ, ਹਰ ਪਲ ਸੰਗੀਤਕ ਲੈਅ ਵਿਚ ਢਲਣ ਦੇ ਯੋਗ ਨਾ ਹੋਵੇ, ਦਰਅਸਲ, ਇਸਦੇ

ਪ੍ਰਤੀਕੂਲ ਵਿਚਰਦਾ ਹੋਵੇ, ਉਸ ਲਈ ਵੱਖਰੀ ਭਾਸ਼ਾ ਦੀ ਲੋੜ ਹੈ। ਕਾਵਿ ਦੀ ਪਾਬੰਦੀ ਨਾਲੋਂ ਕਿਤੇ ਵਧੇਰੇ ਉਸਨੂੰ ਗੱਦ ਦੀ ਆਜ਼ਾਦੀ ਚਾਹੀਦੀ ਹੁੰਦੀ ਹੈ। ਇਸ ਤੇ ਤਾਂ ਭਾਈ ਗੁਰਦਾਸ ਦੀ ਭਾਸ਼ਾ ਵੀ ਪੂਰੀ ਨਹੀਂ ਉਤਰਦੀ ਭਾਵੇਂ ਉਸ ਨੂੰ ਸੰਗੀਤਕ ਧੁਨੀਆਂ ਦੀ ਥਾਂ, ਮਾਤ੍ਰਿਕ ਪ੍ਰਬੰਧ ਨਾਲ ਜੁੜਨ ਦੀ ਲਾਲਸਾ ਬਣੀ ਰਹਿੰਦੀ ਹੈ।

? ਕੀ ਇਸ ਤਰ੍ਹਾਂ ਦੀ ਪੰਜਾਬੀ ਭਾਸ਼ਾ ਦੇ ਨਿਰਮਾਣ ਦਾ ਯਤਨ ਨਹੀਂ ਹੋਇਆ?

– ਹੋਇਆ, ਵੀਹਵੀਂ ਸਦੀ ਦੇ ਅੱਧ ਵਿਚ ਵਿਚਾਰਾਂ ਦੇ ਨਿਰੰਤਰ ਪ੍ਰਗਟਾ ਲਈ ਲੋੜੀਂਦੀ ਗੱਦ ਦਾ ਨਿਰਮਾਣ ਹੋਇਆ। ਇਸ ਤੋਂ ਪਹਿਲਾਂ ਦੀ ਪੰਜਾਬੀ ਗੱਦ ਤਾਂ ਕਾਵਿ ਦਾ ਅਨੁਕਰਣ ਹੀ ਸੀ। ਜਿੱਥੇ ਕਿਤੇ ਇਸ ਪ੍ਰਕਾਰ ਦੇ ਅਨੁਕਰਣ ਤੋਂ ਮੁਕਤ ਸੀ ਉਥੇ ਉਸ ਵਿਚ ਲਚਕ ਦੀ ਪੂਰੀ ਤਰ੍ਹਾ ਅਣਹੋਂਦ ਸੀ। ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਦੇ ਜੋ ਤਿੰਨ ਪ੍ਰਤਿਭਾਵਾਨ ਵਿਅਕਤੀ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ ਅਤੇ ਪ੍ਰੋਫ਼ੈਸਰ ਪੂਰਨ ਸਿੰਘ ਹੋਏ, ਉਹਨਾਂ ਦੀ ਗੱਦ 'ਚੋਂ ਇਸ ਧਾਰਨਾ ਦਾ ਪਰਤੱਖ ਪ੍ਰਮਾਣ ਮਿਲ ਜਾਂਦਾ ਹੈ। ਬਸਤੀਵਾਦੀ ਰਾਜ ਅਧੀਨ, ਪੰਜਾਬੀ ਜੀਵਨ ਨੂੰ ਜੋ ਦੁਸ਼ਵਾਰੀਆਂ ਦਾ ਅਹਿਸਾਸ ਹੋਣ ਲੱਗਾ ਸੀ, ਸਾਂਝੀਵਾਲਤਾ ਲਈ ਜੋ ਲਾਲਸਾ ਬਣਨ ਲੱਗੀ ਸੀ, ਪਦਾਰਥਕ ਵਿਕਾਸ ਦੀ ਲੋੜ ਮਹਿਸੂਸ ਹੋਣ ਲੱਗੀ ਸੀ, ਸਿਮਰਿਤੀ ਅਤੇ ਕਲਪਨਾ ਦੇ ਤੁਲ ਬੁੱਧ ਵਿਵੇਕ ਦਾ ਸਹਾਰਾ ਲੈਣ ਦੀ ਅਕਾਂਖਿਆ ਪ੍ਰਬਲ ਹੋਣ ਲੱਗੀ ਸੀ, ਉਸ ਸਭ ਕੁਝ ਤੋਂ ਇਹ ਪ੍ਰਤਿਭਾਵਾਨ ਵਿਅਕਤੀ ਬੇਲਾਗ ਤਾਂ ਨਹੀਂ ਸਨ, ਪ੍ਰੰਤੂ ਇਸ ਤੋਂ ਵਿਛੁੰਨੇ ਹੋਏ ਜ਼ਰੂਰ ਸਨ। ਇਸੇ ਕਾਰਨ ਭਾਈ ਕਾਨ੍ਹ ਸਿੰਘ ਨਾਭਾ ਦੀ ਗੱਦ ਦਾ ਵਧੇਰੇ ਭਾਗ ਇਸ ਪ੍ਰਕਾਰ ਦਾ ਹੈ ਜੋ ਗੁਰੂ ਅਰਜਨ ਦੇਵ ਵਲੋਂ ਪ੍ਰਚਲਿਤ ਸ਼ਬਦਾਵਲੀ ਨਾਲ ਹੀ ਸੰਤੁਸ਼ਟ ਹੈ। ਪ੍ਰੋਫ਼ੈਸਰ ਪੂਰਨ ਸਿੰਘ ਦੀ ਗੱਦ ਤਾਂ ਉਸਦੇ ਕਾਵਿ ਨਾਲੋਂ ਘੱਟ ਹੀ ਅੰਤਰ ਦਿਖਾਉਂਦੀ ਹੈ ਅਤੇ ਉਸੇ ਤਰ੍ਹਾਂ ਦੀ ਮਸਤੀ ਦਾ ਵਾਹਣ ਬਣੀ ਰਹਿੰਦੀ ਹੈ। ਕੇਵਲ ਭਾਈ ਵੀਰ ਸਿੰਘ ਵਿਚ ਉਸਦੀ ਗੱਦ-ਰਚਨਾ ਕਾਵਿ-ਰਚਨਾ ਨਾਲੋਂ ਹੱਟ ਕੇ ਆਪਣੀ ਪਛਾਣ ਬਣਾਉਂਦੀ ਹੈ। ਇਸੇ ਆਧਾਰ 'ਤੇ ਭਾਈ ਸਾਹਿਬ ਆਧੁਨਿਕ ਪੰਜਾਬੀ ਗੱਦ ਦੇ ਬਾਨੀ ਵਜੋਂ ਜਾਣੇ ਜਾਣ ਦਾ ਅਧਿਕਾਰੀ ਹੈ। ਰਸਮ ਵਜੋਂ ਤਾਂ ਅਸੀਂ ਸ਼ਰਧਾ ਰਾਮ ਫਿਲੌਰੀ ਨੂੰ ਇਹ ਅਧਿਕਾਰ ਦੇ ਦਿੰਦੇ ਹਾਂ ਪਰ ਅਸਲ ਵਿਚ ਇਸਦਾ ਸਿਹਰਾ ਭਾਈ ਵੀਰ ਸਿੰਘ ਨੂੰ ਜਾਂਦਾ ਹੈ।

? ਪੰਜਾਹਵਿਆਂ ਦੌਰਾਨ ਜੋ ਪੰਜਾਬੀ ਗੱਦ ਦਾ ਨਿਰਮਾਣ ਹੋਇਆ ਉਸਦੇ ਪ੍ਰਮਾਣ ਅਤੇ ਪ੍ਰਤੀਮਾਨ ਕਿਸ ਪ੍ਰਕਾਰ ਦੇ ਸਨ? ਉਸ ਦਹਾਕੇ ਦੀ ਇਤਿਹਾਸਕ ਸਥਿਤੀ ਨਾਲ ਇਸਦਾ ਕਿਹੋ ਜਿਹਾ ਨਾਤਾ ਜੁੜਦਾ ਹੈ?

– ਓਪਰੀ ਨਜ਼ਰੇ ਤਾਂ ਇਹ ਲੱਗਦਾ ਹੈ ਕਿ ਦੇਸ਼ ਦੀ ਵੰਡ ਹੋ ਜਾਣ ਨਾਲ

ਪੰਜਾਬ ਨੂੰ ਹੀ ਨਹੀਂ ਸਗੋਂ ਇਸਦੀ ਭਾਸ਼ਾ ਨੂੰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਰਦੂ ਅਤੇ ਫਾਰਸੀ ਦੀ ਜੋ ਸ਼ਬਦਾਵਲੀ ਉਦੋਂ ਤੱਕ ਬੌਧਿਕ ਰੂਪ ਵਿਚ ਉਪਯੋਗੀ ਬਣੀ ਆਈ ਸੀ, ਉਹ ਓਪਰੀ ਹੋ ਗਈ। ਉਸਦੀ ਥਾਂ ਨਵੀਨ ਸ਼ਬਦਾਵਲੀ ਦੀ ਲੋੜ ਸੀ ਜਿਸ ਦਾ ਸ੍ਰੋਤ ਭਾਰਤੀ ਭਾਸ਼ਾ ਹੀ ਹੋ ਸਕਦੀ ਸੀ। ਇਹ ਭਾਰਤੀ ਭਾਸ਼ਾ ਸੰਸਕ੍ਰਿਤ ਹੀ ਸੀ ਜਿਸ ਤੋਂ ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਨੇ ਅਣਗਿਣਤ ਸ਼ਬਦ ਲਏ ਸਨ।

? ਸਮਝਿਆ ਜਾਂਦਾ ਹੈ ਕਿ ਅਜੋਕੇ ਪੂਰਬੀ ਪੰਜਾਬ ਦੀ ਪੰਜਾਬੀ ਸੰਸਕ੍ਰਿਤ ਦੇ ਬੋਝ ਥੱਲੇ ਦੱਬੀ ਗਈ ਹੈ। ਕੀ ਇਹ ਸੱਚ ਹੈ?

– ਦੀਰਘ ਦ੍ਰਿਸ਼ਟੀ ਤੋਂ ਦੇਖਿਆ ਇਹ ਧਾਰਨਾ ਅੰਸ਼ਕ ਰੂਪ ਵਿਚ ਹੀ ਸੱਚ ਲੱਗਦੀ ਹੈ। ਮੁੱਖ ਕਾਰਨ ਇਹ ਸੀ ਕਿ ਵੰਡ ਦੀ ਭੈਭੀਤ ਘਟਨਾ ਘਟ ਜਾਣ ਦੇ ਬਾਵਜੂਦ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ ਦੇਸ਼ ਨੇ ਸਾਂਝੀਵਾਲਤਾ ਦਾ ਰਾਹ ਚੁਣ ਲਿਆ ਸੀ। ਲੋਕਰਾਜ ਸਥਾਪਿਤ ਹੋ ਗਿਆ ਸੀ, ਪ੍ਰਗਤੀ ਪੰਧ ਅਪਣਾ ਲਿਆ ਗਿਆ ਸੀ, ਸਮਾਨਤਾ ਦਾ ਬੋਲਬਾਲਾ ਸੀ। ਇਸ ਸਭ ਕੁਝ ਦੇ ਵਿਵੇਚਨ ਲਈ ਪ੍ਰਚਲਿਤ ਗੱਦ ਨਾਲੋਂ ਕਿਤੇ ਸੰਜੀਦਾ, ਲਚਕਦਾਰ, ਭਾਵ-ਉਤੇਜਿਕ ਅਤੇ ਚਿੰਤਨ-ਪ੍ਰੇਰਿਕ ਗੱਦ ਦੀ ਲੋੜ ਸੀ। ਕਿਉਂਕਿ ਇਸ ਖ਼ਾਤਰ ਪੰਜਾਬ ਨੂੰ ਕਿਸੇ ਹੋਰ ਪ੍ਰਾਂਤ ਨਾਲੋਂ ਵੱਧ ਕਸ਼ਟ ਉਠਾਣਾ ਪਿਆ ਸੀ, ਇਸ ਲਈ ਪੰਜਾਬੀ ਬੁੱਧੀਜੀਵੀ, ਵਿਸ਼ੇਸ਼ ਤੌਰ ਤੇ ਇਤਿਹਾਸਕ-ਪਦਾਰਥਿਕ ਚਿੰਤਨਧਾਰਾ ਨੂੰ ਪ੍ਰਣਾਏ ਹੋਏ, ਵਧੇਰੇ ਹੀ ਸਾਹਸ ਭਰਪੂਰ ਸਨ। ਇਸ ਵਿਚ ਮੁੱਖ ਕਰਤੱਵ ਨਿਭਾਉਣ ਦਾ ਗੌਰਵ ਸੰਤ ਸਿੰਘ ਸੇਖੋਂ ਦੇ ਹਿੱਸੇ ਆਇਆ। ਉਸਨੇ ਆਰੰਭ ਤਾਂ ਤਤਸਮ ਵਿਧੀ ਅਨੁਸਾਰ ਸੰਸਕ੍ਰਿਤ ਸ਼ਬਦਾਂ ਨੂੰ ਪੰਜਾਬੀ ਵਿਚ ਰਚਾਉਣ ਨਾਲ ਕੀਤਾ ਪ੍ਰੰਤੂ ਬੜੀ ਛੇਤੀ ਗੁਰੂ ਨਾਨਕ ਦੇਵ ਵਾਲੀ ਤਦਭਵ ਵਿਧੀ ਉਸਨੂੰ ਵਧੇਰੇ ਕਾਰਗਰ ਲੱਗਣ ਲੱਗ ਪਈ। ਸ਼ਬਦਾਵਲੀ ਤੋਂ ਅਗਾਂਹ ਉਸਨੇ ਵਾਕ ਬਣਤਰ ਵਿਚ ਵੀ ਵੱਡੀ ਤਬਦੀਲੀ ਲਿਆਂਦੀ। ਸਕਰਮਕ ਦੇ ਨਾਲ ਅਕਰਮਕ, ਪਰੋਖ ਦੇ ਅਪਰੋਖ ਵਚਨ ਅਤੇ ਸਰਲ ਦੇ ਨਾਲ ਸੰਯੁਕਤ ਅਤੇ ਮਿਸ਼ਰਤ ਵਾਕ-ਬਣਤਰ ਨੂੰ ਸਭ ਤੋਂ ਵਧ ਸੇਖੋਂ ਸਾਹਿਬ ਨੇ ਹੀ ਪ੍ਰਚਲਿਤ ਕੀਤਾ। ਸ਼ਬਦਾਵਲੀ ਅਤੇ ਵਾਕ-ਬਣਤਰ ਤੋਂ ਅਗਾਂਹ, ਉਨ੍ਹਾਂ ਦੇ ਪ੍ਰਯਾਸ ਦਾ ਪ੍ਰਭਾਵ ਸੋਚਣ ਅਤੇ ਜਾਨਣ ਤੇ ਵੀ ਪਿਆ। ਵਿਚਾਰਾਂ ਨੂੰ ਕਿਸੇ ਧਾਰਾ ਵਿਚ ਪਰੋਣ ਦਾ ਉੱਦਮ ਹੋਣ ਲੱਗਾ।

? ਤੁਹਾਡੇ ਇਸ ਵਿਸਤ੍ਰਿਤ ਬਿਆਨ ਤੋਂ ਇਹ ਗੱਲ ਪਰਤੱਖ ਹੋ ਜਾਂਦੀ ਹੈ ਕਿ ਸ਼ੇਖ ਫ਼ਰੀਦ ਤੋਂ ਚੱਲ ਕੇ ਸੰਤ ਸਿੰਘ ਸੇਖੋਂ ਤੱਕ ਪੰਜਾਬੀ ਭਾਸ਼ਾ ਬਦਲਦੀ ਆਈ ਹੈ। ਅਗਾਂਹ ਨੂੰ ਵੀ ਇਹ ਬਦਲਦੀ ਰਹੇਗੀ। ਜੇ ਇਹ ਕੁਦਰਤੀ ਵਰਤਾਰਾ ਹੈ ਤਾਂ ਪੰਜਾਬੀ ਭਾਸ਼ਾ ਦੀ ਹੋਂਦ ਪ੍ਰਤੀ ਚਿੰਤਾ ਕਰਨ ਦੀ ਕੀ ਲੋੜ ਹੈ?

– ਭਾਸ਼ਾ ਦੇ ਬਣੇ ਰਹਿਣ ਅਤੇ ਖ਼ਤਮ ਹੋ ਜਾਣ ਬਾਰੇ ਜੋ ਸਰਲ ਜਿਹੀ ਧਾਰਨਾ ਬਣੀ ਹੋਈ ਹੈ, ਉਸਨੂੰ ਪੇਚੀਦਗੀ ਵਿਚ ਜਾ ਕੇ ਸਮਝਣ ਦੀ ਲੋੜ ਹੈ। ਕੋਈ ਉਪਭਾਖ਼ਾ, ਜਿਸਦੀ ਆਪਣੀ ਕੋਈ ਲਿਪੀ ਨਹੀਂ ਅਤੇ ਜਿਸ ਵਿਚ ਸਾਹਿਤ-ਰਚਨਾ ਨਾ ਹੋਣ ਦੇ ਬਰਾਬਰ ਹੈ, ਜੋ ਕੁਝ ਲੋਕਾਂ ਦੀ ਬੋਲਚਾਲ ਤੱਕ ਹੀ ਸੀਮਿਤ ਰਹੀ ਹੈ, ਜੇ ਬੋਲੇ ਜਾਣ ਤੋਂ ਹਟ ਜਾਂਦੀ ਹੈ ਤਾਂ ਕਾਫ਼ੀ ਹੱਦ ਤੱਕ ਕਿਹਾ ਜਾ ਸਕਦਾ ਹੈ ਕਿ ਉਹ ਖ਼ਤਮ ਹੋ ਗਈ ਹੈ। ਪੂਰੀ ਤਰ੍ਹਾਂ ਖ਼ਤਮ ਹੋਈ ਸ਼ਾਇਦ ਇਸਨੂੰ ਫੇਰ ਵੀ ਮੰਨਿਆ ਨਹੀਂ ਜਾ ਸਕਦਾ ਕਿਉਂ ਜੋ ਇਸਦੇ ਸ਼ਬਦਾਂ ਨੂੰ ਉਚਾਰਣ ਦਾ ਲਹਿਜਾ ਦੂਜੀ ਬੋਲੀ ਦੇ ਉਚਾਰਣ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਪਰ ਜੇ ਕੋਈ ਭਾਸ਼ਾ ਜਿਸ ਵਿਚ ਸਾਹਿਤ-ਰਚਨਾ ਹੋਈ ਹੋਵੇ, ਉਹ ਦ੍ਰਿਸ਼ ਤੋਂ ਲੋਪ ਹੋ ਜਾਂਦੀਹੈ ਤਾਂ ਓਪਰੀ ਨਜ਼ਰ ਭਾਵੇਂ ਉਹ ਖ਼ਤਮ ਹੋ ਗਈ ਹੋਵੇ, ਦੀਰਘ ਦ੍ਰਿਸ਼ਟੀ ਨੂੰ ਉਹ ਜੀਵੰਤ ਹੀ ਪ੍ਰਤੀਤ ਹੋਵੇਗੀ। ਜੇ ਬਾਅਦ ਦੀ ਸਾਹਿਤ-ਰਚਨਾ ਵਿਚ ਉਸ ਦਾ ਪ੍ਰਭਾਵ ਬਣਿਆ ਰਹਿੰਦਾ ਹੈ, ਜਿਵੇਂ ਯੂਰਪ ਵਿਚ ਲਾਤੀਨੀ, ਮੱਧ ਏਸ਼ੀਆ ਵਿਚ ਅਰਬੀ ਅਤੇ ਭਾਰਤ ਵਿਚ ਸੰਸਕ੍ਰਿਤ ਤਾਂ ਉਸਨੂੰ ਚਿਰੰਜੀਵੀ ਮੰਨਣਾ ਯੋਗ ਹੋਵੇਗਾ। ਜੇ ਉਸਦੇ ਚਿਰਜੀਵੀ ਪ੍ਰਭਾਵ ਤੋਂ ਮੁੱਖ ਮੋੜ ਲਿਆ ਜਾਵੇ ਤਾਂ ਚਿੰਤਾ ਦਾ ਹੋਣਾ ਸੁਭਾਵਕ ਵੀ ਹੈ।

? ਭਾਸ਼ਾ ਦੀ ਉਨਤੀ ਦਾ ਅਸਲੀ ਮਾਪਦੰਡ ਕੀ ਹੈ, ਇਸ ਵਿਚ ਉੱਤਮ ਸਾਹਿਤ ਦੀ ਸਿਰਜਣਾ ਜਾਂ ਸਰਕਾਰੀ ਅਰਥਾਤ ਦਫ਼ਤਰੀ ਕੰਮਕਾਜ ਵਿਚ ਇਸਦੀ ਪ੍ਰਮੁੱਖਤਾ?

– ਜਿੱਥੋਂ ਤੱਕ ਤਾਂ ਬੋਲੀ ਦੀ ਗੱਲ ਹੈ, ਇਸਦੇ ਬੋਲਚਾਲ ਦਾ ਮਾਧਿਅਮ ਹੋਣ ਤੋਂ, ਉਸ ਲਈ ਤਾਂ ਸਰਕਾਰੀ ਅਤੇ ਦਫ਼ਤਰੀ ਕੰਮਕਾਜ ਵਿਚ ਇਸਦਾ ਪ੍ਰਮੁੱਖ ਹੋਣਾ ਲਾਹੇਵੰਦ ਹੈ। ਇਸ ਕਾਰਨ ਇਸ ਨੂੰ ਬੋਲਚਾਲ ਦਾ ਮਾਧਿਅਮ ਬਣਾਉਣ ਦੀ ਲੋੜ ਬਣੀ ਰਹਿੰਦੀ ਹੈ। ਜੇ ਇਸ ਲੋੜ ਨਾਲ ਤਾਂਘ ਵੀ ਆ ਜੁੜੇ ਤਾਂ ਇਸਦਾ ਸਭਿਆਚਾਰਕ ਮਹੱਤਵ ਵੀ ਸਿੱਧ ਹੋ ਜਾਂਦਾ ਹੈ। ਫੇਰ ਸਾਹਿਤ-ਸਿਰਜਣਾ ਦਾ ਵੀ ਇਸ ਵਲ ਰੁਖ ਹੋ ਜਾਂਦਾ ਹੈ ਅਤੇ ਇਸਦਾ ਸਾਹਿਤਕ ਭਾਸ਼ਾ ਨਾਲ ਰਚਵਾਂ ਸੰਬੰਧ ਬਣ ਜਾਂਦਾ ਹੈ। ਇਸ ਪੜਾਅ ਤੇ ਭਾਸ਼ਾ ਦੇ ਵਿਗਾਸ ਦਾ ਸਵਾਲ ਖੜ੍ਹਾ ਹੋ ਜਾਂਦਾ ਹੈ। ਜਿਸ ਲਈ 'ਉਨਤੀ' ਜਾਂ 'ਵਿਕਾਸ' ਆਦਿ ਸ਼ਬਦ ਊਣੇ ਪ੍ਰਤੀਤ ਹੁੰਦੇ ਹਨ। ਸੋ ਇਸਦੇ ਵਿਗਾਸ ਲਈ ਉੱਤਮ ਸਾਹਿਤ-ਰਚਨਾ ਦੀ ਲੋੜ ਬਣ ਜਾਂਦੀ ਹੈ। ਏਥੇ ਧਿਆਨ ਵਿਚ ਰੱਖਣ ਵਾਲੀ ਗੱਲ ਇਹ ਹੈ ਕਿ ਜੋ ਉੱਤਮ ਸਾਹਿਤ ਰਚਿਆ ਜਾਵੇ ਉਹ ਪੁਰਾਤਨ ਮਿਆਰਾਂ ਦਾ ਹੀ ਪੱਖ ਨਾ ਪੂਰਦਾ ਹੋਵੇ। ਪਹਿਲੀਆਂ ਵਿਧੀਆਂ, ਵਿਧਾਵਾਂ ਅਤੇ ਜੁਗਤਾਂ ਦਾ ਹੀ ਕਰਿਸ਼ਮਾ ਪ੍ਰਤੀਤ ਨਾ ਹੋਵੇ। ਅਜੋਕੇ ਜੀਵਨ-ਅਨੁਭਵ ਅਤੇ ਭਾਵ-ਬੋਧ ਨਾਲ ਉਸਦਾ ਰਚਵਾਂ ਸਬੰਧ ਹੋਵੇ। ਉਸ ਨੂੰ ਸਿਰਜਣ ਵਾਲੀਆਂ ਵਿਧੀਆਂ, ਵਿਧਾਵਾਂ ਅਤੇ ਜੁਗਤਾਂ

ਦਾ ਵੀ ਅਜੋਕਾ ਸੰਦਰਭ ਬਣਦਾ ਹੋਵੇ ਭਾਵੇਂ ਇਸ ਖ਼ਾਤਰ ਪੁਰਾਤਨ ਮਿਆਰਾਂ ਦਾ ਕਿੰਨਾ ਵੀ ਨਿਰਵੇਚਨ ਲੋੜੀਂਦਾ ਨਾ ਹੋਵੇ। ਇਸ ਖ਼ਾਤਰ ਸਾਹਿਤਕ ਭਾਸ਼ਾ ਅਤੇ ਬੋਲਚਾਲ ਦੀ ਬੋਲੀ ਦਾ ਅੰਤਰ-ਕਿਰਿਆ ਵਿਚ ਵਿਚਰਣਾ ਅਨਿਵਾਰੀ ਹੋ ਜਾਂਦਾ ਹੈ। ਨਤੀਜੇ ਵਜੋਂ ਸਾਹਿਤਕ ਭਾਸ਼ਾ ਵਾਸਤਵਿਕ ਜੀਵਨ-ਅਨੁਭਵ ਨਾਲ ਨਾਤਾ ਗੰਢ ਲੈਂਦੀਹੈ ਅਤੇ ਬੋਲਚਾਲ ਦੀ ਬੋਲੀ ਉੱਜਲਤਾ ਗ੍ਰਹਿਣ ਕਰ ਲੈਂਦੀ ਹੈ।

? ਇਸ ਤਰ੍ਹਾਂ ਦੇ ਪ੍ਰਯਾਸ ਦੀ ਸੱਭ ਤੋਂ ਵਧੀਆ ਉਦਾਹਰਣ ਕਿਸ ਭਾਸ਼ਾ ਦੀ ਹੋ ਸਕਦੀ ਹੈ?

– ਇਸਦੀ ਸਭ ਤੋਂ ਵਧੀਆ ਉਦਾਹਰਣ ਫਰਾਂਸੀਸੀ ਭਾਸ਼ਾ ਦੀ ਬਣਦੀ ਹੈ। ਕਈ ਸਦੀਆਂ ਤੋਂ ਫਰਾਂਸ ਵਿਚ ਬਾਦਸ਼ਾਹੀ ਚਲੀ ਆ ਰਹੀ ਸੀ ਜਿਸਦੀ ਤਾਨਾਸ਼ਾਹੀ ਇਸ ਪ੍ਰਕਾਰ ਜੀਵਨ ਦੇ ਹਰੇਕ ਪੱਖ 'ਤੇ ਭਾਰੂ ਸੀ। ਜੜ੍ਹਤਾ, ਸਿੱਥਲਤਾ ਅਤੇ ਮੁਰਦੇਹਾਣੀ ਨੇ ਲੋਕਾਂ ਨੂੰ ਮੁੱਢੋਂ-ਸੁੱਢੋਂ ਹੀ ਨਿੱਸਲ ਅਤੇ ਨਕਾਰਾ ਕਰ ਛੱਡਿਆ ਸੀ। ਇਸ ਵਿਚ ਰਾਜਸੱਤਾ ਹੀ ਨਹੀਂ ਧਰਮ ਵੀ, ਸਮਾਜਕ ਸੰਸਥਾਵਾਂ ਹੀ ਨਹੀਂ, ਸਿੱਖਿਆ-ਸੰਸਥਾਨ ਸਭ ਭਾਈਵਾਲ ਸਨ। ਅਠਾਰਵੀਂ ਸਦੀ ਦੇ ਦੂਜੇ ਅੱਧ ਵਿਚ ਇਨ੍ਹਾਂ ਦੀ ਤਨਕੀਦ ਆਰੰਭ ਹੋਈ ਜੋ ਬੇਕਿਰਕ ਹੀ ਨਹੀਂ ਬੇਲਿਹਾਜ਼ ਵੀ ਸੀ। ਜੇ ਵਾਲਟੇਅਰ ਨੇ ਧਰਮ ਨੂੰ ਕੱਚ ਸਿੱਧ ਕੀਤਾ ਤਾਂ ਮੌਂਟਸਕਿਊ ਨੇ ਸਮਾਜਕ ਸੰਸਥਾਵਾਂ ਦੇ ਕੰਮਕਾਜ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ। ਰੂਸੋ ਨੇ ਸਿੱਖਿਆ-ਸੰਸਥਾਨ ਦਾ ਪਾਖੰਡ ਹੀ ਨਸ਼ਰ ਨਾ ਕੀਤਾ ਬਲਕਿ ਮਾਨਵ ਦੇ ਵਿਕਾਸ ਲਈ ਬਦਲਵੀਂ ਦ੍ਰਿਸ਼ਟੀ ਦੀ ਵਿਆਖਿਆ ਕਰ ਦਿੱਤੀ। ਨਤੀਜੇ ਵਜੋਂ ਫਰਾਂਸੀਸੀ ਭਾਸ਼ਾ ਇਤਨੀ ਸਮਰੱਥ ਹੋ ਗਈ ਕਿ ਇਸ ਵਿਚ ਹੋਈ ਤਨਕੀਦ ਨੇ ਫਰਾਂਸੀਸੀ ਇਨਕਲਾਬ ਲਈ ਰਾਹ ਪੱਧਰਾ ਕਰ ਦਿੱਤਾ। ਫਰਾਂਸੀਸੀ ਭਾਸ਼ਾ ਵਿਚ ਤਨਕੀਦ ਨੇ ਜੋ ਸਰਹੱਦਾਂ ਮਿਥੀਆਂ ਸਨ, ਇਨਕਲਾਬ ਉਹਨਾਂ ਨੂੰ ਵੀ ਉਲੰਘ ਗਿਆ। ਫੇਰ ਫਰਾਂਸੀਸੀ ਭਾਸ਼ਾ/ਬੋਲੀ ਨੇ ਇਹਨਾਂ ਉਲੰਘਣਾਵਾਂ ਨੂੰ ਬੇਨਕਾਬ ਕਰਨ ਦਾ ਬੀੜਾ ਚੁੱਕਿਆ ਜਿਸਨੇ ਇਸਦੇ ਵਾਰਤਿਕ ਸਾਹਿਤ ਨੂੰ ਯੂਰਪ ਦਾ ਸਭ ਤੋਂ ਸੰਜੀਦਾ ਸਿੱਧ ਕਰ ਦਿੱਤਾ, ਸਮਾਨਤਾ, ਸਾਂਝੀਵਾਲਤਾ, ਦਿਆਨਤਦਾਰੀ ਅਤੇ ਨਿਆਂ ਦਾ ਦਾਅਵੇਦਾਰ, ਜਿਸਦੀ ਸਵੀਕ੍ਰਿਤੀ ਵੀਹਵੀਂ ਸਦੀ ਦੇ ਅੱਧ ਤੱਕ ਬਣੀ ਰਹੀ। ਦੋਨਾਂ ਵਿਸ਼ਵ-ਯੁੱਧਾਂ ਦੇ ਵਿਚਕਾਰਲੇ ਸਮੇਂ ਦੌਰਾਨ ਜਰਮਨ ਭਾਸ਼ਾ/ਬੋਲੀ ਇਸਦੇ ਬਰਾਬਰ ਨਹੀਂ ਆਈ ਸੌ ਸਾਲ ਤੋਂ ਵੱਧ ਸਮੇਂ ਲਈ ਫਰਾਂਸੀਸੀ ਭਾਸ਼ਾ ਦੀ ਪ੍ਰਮੁੱਖਤਾ ਬਣੀ ਰਹੀ ਸੀ।

? ਇਸ ਦਾ ਮਤਲਬ ਇਹ ਹੋਇਆ ਕਿ ਰਾਜਸੱਤਾ ਅਤੇ ਸਥਾਪਤੀ ਤੇ ਪ੍ਰਮੁੱਖਤਾ ਦਰਸਾਉਣ ਨਾਲ ਹੀ ਕੋਈ ਭਾਸ਼ਾ ਆਪਣਾ ਜਲਵਾ ਦਿਖਾ ਸਕਦੀ ਹੈ। ਇਸ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਨੇ ਕਿਸ ਤਰ੍ਹਾਂ ਦਾ ਕਰਤੱਵ

ਨਿਭਾਇਆ ਹੈ?

– ਮੱਧਕਾਲ ਵਿਚ ਪੰਜਾਬੀ ਭਾਸ਼ਾ ਨੇ ਜੋ ਕਰਤੱਵ ਨਿਭਾਇਆ ਉਸ ਤੇ ਤਾਂ ਜਿੰਨਾ ਗੌਰਵ ਕੀਤਾ ਜਾਵੇ, ਥੋੜ੍ਹਾ ਹੈ। ਭਾਵੇਂ ਇਹ ਕਰਤੱਵ ਵਿਸ਼ੇਸ਼ ਖੇਤਰ ਤੱਕ ਸੀਮਤ ਰਿਹਾ, ਕੁੱਲ ਪੰਜਾਬ ਨੂੰ ਕਲਾਵੇ ਵਿਚ ਨਾ ਲੈ ਸਕਿਆ, ਪ੍ਰੰਤੂ ਇਸਦੀ ਚਿਰਜੀਵਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਤੋਂ ਦੂਜੇ ਥਾਂ ‘ਤੇ ਆਉਂਦਾ ਹੈ ਪ੍ਰਗਤੀਵਾਦੀ ਦੌਰ ਵਿਚ ਪੰਜਾਬੀ ਭਾਸ਼ਾ ਦਾ ਕਰਤੱਵ ਜਿਸਦਾ ਮੰਤਵ ਪ੍ਰਚਲਿਤ ਰਾਜਸੱਤਾ ਨੂੰ ਉਖਾੜ ਕੇ ਉਸਦੀ ਥਾਂ ਬਦਲਵੀਂ ਰਾਜਸੱਤਾ ਸਥਾਪਿਤ ਕਰਨਾ ਨਹੀਂ ਸੀ। ਜਾਤਪਾਤ, ਫ਼ਿਰਕਾਪ੍ਰਸਤੀ ਅਤੇ ਅਗਿਆਨ ਨੂੰ ਦੂਰ ਕਰਨਾ ਇਸਦਾ ਮੰਤਵ ਸੀ, ਵੇਲੇ ਦੀ ਰਾਜਸੱਤਾ ਦੇ ਲੋਕਪੱਖੀ ਭਾਗ ਦਾ ਸਮਰਥਨ ਕਰਕੇ ਜੋ ਸਾਂਝੀਵਾਲਤਾ ਦਾ ਅਨੁਆਈ ਸੀ। ਅਜੋਕੇ ਪੜਾਅ ਤੇ ਭਾਵ ਇੱਕੀਵੀਂ ਸਦੀ ਵਿਚ ਪੰਜਾਬੀ ਭਾਸ਼ਾ ਲਈ ਪ੍ਰਮੁੱਖਤਾ ਦਰਸਾਉਣ ਦਾ ਸਰੋਕਾਰ ਪੇਤਲਾ ਪੈ ਗਿਆ ਲੱਗਦਾ ਹੈ। ਰਾਜਸੱਤਾ ਦੀ ਤਾਨਾਸ਼ਾਹੀ ਇਸ ਕਦਰ ਇਸਦੀਆਂ ਪਰਤਾਂ ਵਿਚ ਜਾ ਸਮਾਈ ਹੈ ਕਿ ਗੰਭੀਰ ਤਨਕੀਦ ਅਤੇ ਭਰਪੂਰ ਸੰਵਾਦ ਦਾ ਜਿਵੇਂ ਭਾਸ਼ਾ ਵਿਚੋਂ ਅਭਾਵ ਹੀ ਹੋ ਗਿਆ ਹੋਵੇ। ਭੇਖ ਦਾਅਵਿਆਂ ਨੂੰ ਸਰਅੰਜ਼ਾਮ ਦੇਣ ਲਈ ਰਾਜਨੀਤੀ ਜਿਵੇਂ ਭੇਖ ਨੂੰ ਹੀ ਆਪਣੇ ਧੁਰ ਅੰਦਰ ਸਮਾ ਬੈਠੀ ਹੈ, ਉਸਦਾ ਕਾਫ਼ੀ ਪ੍ਰਭਾਵ ਪੰਜਾਬੀ ਭਾਸ਼ਾ ਨੇ ਵੀ ਗ੍ਰਹਿਣ ਕਰ ਲਿਆ ਹੈ।

? ਪੰਜਾਬੀ ਭਾਸ਼ਾ ਦਾ ਭਵਿੱਖ ਤੁਹਾਨੂੰ ਕਿਸ ਤਰ੍ਹਾ ਦਾ ਲੱਗਦਾ ਹੈ?

– ਜਿਸ ਤਰ੍ਹਾਂ ਦਾ ਖ਼ੌਫ਼ ਪਿਛਲੇ ਕੁਝ ਮਹੀਨਿਆਂ ਤੋਂ ਫੈਲਿਆ ਹੋਇਆ ਹੈ ਕਿ ਯੂਨੈਸਕੋ ਦੀ ਰਿਪੋਰਟ ਅਨੁਸਾਰ ਪੰਜਾਬੀ ਭਾਸ਼ਾ ਨੇ ਲੋਪ ਹੋ ਜਾਣਾ ਹੈ ਇਸ ਦਾ ਮੈਂ ਕਾਇਲ ਨਹੀਂ। ਜਿਨ੍ਹਾਂ ਲੋਕਾਂ ਨੇ ਇਸਨੂੰ ਦਫ਼ਤਰੀ ਅਤੇ ਸਰਕਾਰੀ ਭਾਸ਼ਾ ਬਣਾਉਣ ਦਾ ਬੀੜਾ ਚੁੱਕਿਆ ਹੋਇਆ ਹੈ ਉਹਨਾਂ ਦੀਆਂ ਸਰਗਰਮੀਆਂ ਦਾ ਇਸਨੂੰ ਸ਼ਾਇਦ ਹੀ ਕੋਈ ਲਾਭ ਪਹੁੰਚੇ। ਰਸਮੀ ਤੌਰ ’ਤੇ ਇਹਨਾਂ ਸਰਗਰਮੀਆਂ ਦਾ ਹੁੰਗਾਰਾ ਭਰਨਾ, ਇੱਕਾ ਦੁੱਕਾ ਕਾਨੂੰਨ ਪਾਸ ਕਰ ਦੇਣ ਨਾਲ ਰਾਜਸੱਤਾ ਨੂੰ ਵੀ ਆਪਣਾ ਫ਼ਿਕਰ ਦਰਸਾਉਣ ਦਾ ਸ਼ੁਭ ਅਵਸਰ ਹੱਥ ਲੱਗ ਜਾਂਦਾ ਹੈ। ਵੈਸੇ ਰਾਜਸੱਤਾ ਦਾ ਜੋ ਕਿਰਦਾਰ ਹੈ ਕਿ ਭੇਖ ਦਾ ਸਹਾਰਾ ਲੈਂਦੀ, ਇਹ ਭੇਖ ਨੂੰ ਹੀ ਆਪਣਾ ਸਭ ਕੁਝ ਸਮਝ ਬੈਠੀ ਹੈ, ਜਿਸ ਕਾਰਨ ਜੋ ਸਾਰਥਿਕ ਕਦਮ ਚੁੱਕੇ ਵੀ ਜਾ ਸਕਦੇ ਹੋਣ, ਉਹਨਾਂ ਤੋਂ ਧਰਵਾਸ ਉੱਠ ਜਾਂਦਾ ਹੈ।

ਬਾਕੀ, ਸੰਸਾਰ ਭਰ ਵਿਚ ਉਹਨਾਂ ਸਾਰੀਆਂ ਭਾਸ਼ਾਵਾਂ ਦੇ ਲੋਪ ਹੋ ਜਾਣ ਦਾ ਖ਼ਤਰਾ ਹੈ ਜੋ ਸੱਤ-ਅੱਠ ਸੌ ਸਾਲ ਪਹਿਲਾਂ ਪ੍ਰਗਟ ਹੋਈਆਂ ਸਨ। ਵਿਸ਼ਵੀਕਰਣ, ਮਿਆਰੀਕਰਣ ਅਤ ਉਦਾਰੀਕਰਣ ਦਾ ਜੋ ਸਿਲਸਿਲਾ ਚੱਲਿਆ ਹੈ, ਉਸਨੇ ਮਨ ਦੇ ਤਨ ਦੇ ਅਨੁਪਾਤ ਨੂੰ ਬਦਲ ਦਿੱਤਾ ਹੈ। ਪ੍ਰੇਮ

ਦੀ ਥਾਂ ਮੇਚ, ਕਾਮ ਦੀ ਥਾਂ ਕਾਮੁਕਤਾ, ਨੰਗੇਜ਼ ਦੀ ਥਾਂ ਨਗਨਤਾ ਦਾ ਇਉਂ ਬੋਲਬਾਲਾ ਹੋ ਗਿਆ ਹੈ ਕਿ ਇਹਨਾਂ ਦਾ ਮੁੱਲ ਵਪਾਰ ਨਿਰਧਾਰਣ ਕਰਨ ਲੱਗ ਪਿਆ ਹੈ ਅਤੇ ਵਪਾਰ ਦੇ ਵਾਧੇ ਲਈ ਇਹਨਾਂ ਦੀ ਵਰਤੋਂ ਜ਼ਰੂਰੀ ਹੋ ਗਈ ਹੈ। ਮਸਨੂਈਅਤ ਨੇ ਮਾਸੂਮੀਅਤ ਨੂੰ ਲੋਪ ਕਰ ਦਿੱਤਾ ਹੈ। ਨਾਲ ਹੀ ਜਿਸ ਤਰ੍ਹਾਂ ਦਾ ਵਿਸ਼ਵ-ਵਿਆਪੀ ਸੰਕਟ ਆ ਵਾਰਿਦ ਹੋਇਆ ਹੈ, ਉਸ ਤੋਂ ਵਿਸ਼ਵੀਕਰਣ, ਮਿਆਰੀਕਰਣ ਅਤੇ ਉਦਾਰੀਕਰਣ ਨੂੰ ਨਿਯੰਤਰਨ ਵਸ ਲਿਆਉਣ ਦੀ ਆਵੱਸ਼ਕਤਾ ਨੇ ਵੀ ਉਭਰਨਾ ਆਰੰਭ ਕਰ ਦਿੱਤਾ ਹੈ। ਜਿਉਂ ਜਿਉਂ ਇਹ ਆਵੱਸ਼ਕਤਾ ਬਲਵਾਨ ਹੋਵੇਗੀ, ਮਾਨਵੀ ਕਦਰਾਂ-ਕੀਮਤਾਂ ਨਾਲ ਸੱਤ-ਅੱਠ ਸੌ ਸਾਲ ਤੋਂ ਤਬਦੀਲੀਆਂ ਭੋਗਦੀਆਂ ਭਾਸ਼ਾਵਾਂ ਤੇ ਜੋ ਖ਼ਤਰਾ ਮੰਡਰਾਉਂਦਾ ਹੈ ਉਹ ਘਟ ਜਾਵੇਗਾ। ਉਹਨਾਂ ਦਾ ਭਵਿੱਖ ਫੇਰ ਉਜਲਾ ਹੋ ਜਾਵੇਗਾ। ਨਿਸਚੇ ਹੀ ਪੰਜਾਬੀ ਭਾਸ਼ਾ ਦਾ ਉਹਨਾਂ ਵਿਚ ਸ਼ੁਮਾਰ ਹੋਵੇਗਾ।

.ਗ਼ਦਰ ਲਹਿਰ ਦੀ ਕਵਿਤਾ ਵਿੱਚ ਪੂਰੇ ਰਾਸ਼ਟਰ ਦੀ ਆਜ਼ਾਦੀ ਦਾ ਤਸੱਵੁਰ

ਡਾ. ਸਾਹਿਬ, ਗ਼ਦਰ ਲਹਿਰ ਦੀ ਕਵਿਤਾ ਨੂੰ ਪੰਜਾਬੀ ਸਾਹਿਤ ਇਤਿਹਾਸ ਵਿਚ ਜੋ ਸਥਾਨ ਹਾਸਲ ਹੈ, ਕੀ ਉਹ ਕਾਫੀ ਹੈ?

ਡਾ. ਗਿੱਲ : ਮੇਰੀ ਸਮਝ ਅਨੁਸਾਰ ਇਸ ਲਹਿਰ ਦੀ ਕਵਿਤਾ ਨੂੰ ਜੋ ਸਥਾਨ ਹਾਸਲ ਹੈ, ਉਸ ਤੋਂ ਜ਼ਿਆਦਾ ਦੀ ਇਹ ਹੱਕਦਾਰ ਹੈ। ਦਰਅਸਲ, ਇਸ ਕਵਿਤਾ ਦੀ ਭਾਵੁਕ ਪ੍ਰਸ਼ੰਸਾ ਨੇ ਵੀ ਇਸ ਦੇ ਕਈ ਪੱਖਾਂ ਬਾਰੇ ਮਿਆਰੀ ਰਾਇ ਨਹੀਂ ਬਣਨ ਦਿੱਤੀ। ਗ਼ਦਰ ਲਹਿਰ ਦੀ ਕਵਿਤਾ ਨੂੰ ਸਹੀ ਸਥਾਨ ਤਦ ਹੀ ਹਾਸਲ ਹੋ ਸਕਦਾ ਹੈ ਜੇਕਰ ਇਸ ਦਾ ਸਰਬਪੱਖੀ ਵਿਸ਼ਲੇਸ਼ਣ ਅਤੇ ਮੁਲੰਕਣ ਹੋਵੇ। ਇਸ ਦਿਸ਼ਾ ਵਿਚ ਮੈਂ ਕੁਝ ਯਤਨ ਆਰੰਭ ਵੀ ਕਰ ਰਿਹਾ ਹਾਂ।

? ਗ਼ਦਰ ਲਹਿਰ ਦੀ ਕਵਿਤਾ ਨੂੰ ਤੁਸੀਂ ਪ੍ਰਮੁੱਖ ਤੌਰ ’ਤੇ ਕਿਹੜਿਆਂ ਨੁਕਤਿਆਂ ਉਪਰ ਕੇਂਦਰਿਤ ਕਰਦੇ ਹੋ?

ਡਾ. ਗਿੱਲ : ਇਸ ਕਵਿਤਾ ਦੇ ਬੁਨਿਆਦੀ ਨੁਕਤੇ ਉਹ ਹਨ, ਜਿਨ੍ਹਾਂ ਦੀ ਸਿੱਧੀ ਸਾਂਝ ਗ਼ਦਰ ਲਹਿਰ ਦੀ ਆਤਮਾ ਨਾਲ ਬਣਦੀ ਹੈ। ਇਸ ਕਵਿਤਾ ਦਾ ਵਕਤਾ ਵੀ ਸਰੋਤਾ ਵੀ ਦੋਵੇਂ ਹੀ ਸਮੂਹ ਹਨ। ਬਾਕੀ ਦੀ ਪੰਜਾਬੀ ਕਵਿਤਾ ਨਾਲੋਂ ਇਸ ਦਾ ਨਿਖੇੜਾ ਆਮ ਕਰਕੇ ਸਮੂਹਿਕਤਾ ਦੇ ਆਧਾਰ ਉਤੇ ਹੁੰਦਾ ਨਜ਼ਰ ਆਉਂਦਾ ਹੈ। ਦੂਸਰੀ ਪੰਜਾਬੀ ਕਵਿਤਾ ਵਿਚ ਮੈਂ’ ਦੀ ਕਾਫ਼ੀ ਪ੍ਰਧਾਨਤਾ ਹੈ। ਇਸ ਕਵਿਤਾ ਦੇ ਮਹੱਤਵ ਨੂੰ ਸਥਾਪਤ ਕਰਨ ਵਾਲਾ ਦੂਜਾ ਨੁਕਤਾ ਇਸ ਦੇ ਉਦੇਸ਼ ਨਾਲ ਸਬੰਧ ਰੱਖਦਾ ਹੈ। ਇਸ ਕਵਿਤਾ ਦਾ ਇਕ ਨਿਸ਼ਚਿਤ ਰਾਜਸੀ ਮੰਤਵ ਹੈ ਤੇ ਉਹ ਹੈ ਦੇਸ਼ ਦੀ ਆਜ਼ਾਦੀ।

? ਗ਼ਦਰ ਲਹਿਰ ਦੀ ਕਵਿਤਾ ਵਿਚ ਦੇਸ਼ ਦੀ ਆਜ਼ਾਦੀ ਦਾ ਸੰਕਲਪ ਕੀ ਹੈ?

ਡਾ. ਗਿੱਲ : ਮੁਢਲੇ ਰੂਪ ਵਿਚ ਇਹ ਦੇਸ਼ ਦੀ ਰਾਜਸੀ ਆਜ਼ਾਦੀ ਦਾ ਹੀ ਉਦੇਸ਼ ਹੈ। ਇਸ ਆਜ਼ਾਦੀ ਵਿਚ ਕਿਰਤੀ ਵਰਗ ਦੀ ਮੁਕਤੀ ਦਾ ਪ੍ਰਤੀਬਿੰਬ ਵੀ ਦੇਖਿਆ ਜਾ ਸਕਦਾ ਹੈ। ਪੰਜਾਬ ਦੀ ਭੂਮਿਕਾ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੀ ਹੈ, ਇਸ ਆਜ਼ਾਦੀ ਨੇ ਪੂਰੇ ਦੇਸ਼ ਦੀ ਆਜ਼ਾਦੀ ਦੇ ਰੂਪ ਵਿਚ ਮੁਕੰਮਲ ਹੋਣਾ ਹੈ। ਤੁਸੀਂ ਵੇਖਿਆ ਹੀ ਹੈ ਕਿ ਇਸ ਕਵਿਤਾ ਵਿਚ ਹਿੰਦ ਵਾਸੀਓ’ ਸੰਬੋਧਨ ਆਉਂਦਾ ਹੈ ਤੇ ਇਹ ਵਾਰ-ਵਾਰ ਆਉਂਦਾ ਹੈ, ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਗ਼ਦਰ ਲਹਿਰ ਦੀ ਕਵਿਤਾ ਵਿਚ ਪੂਰੇ ਰਾਸ਼ਟਰ ਦੀ ਆਜ਼ਾਦੀ ਦਾ ਤਸੱਵੁਰ ਹੈ।

? : ਗ਼ਦਰ ਲਹਿਰ ਦੀ ਕਵਿਤਾ ਵਿਚ ਗ਼ਦਰੀਆਂ ਦੀ ਭੂਮਿਕਾ ਨੂੰ ਕਿਵੇਂ ਦੇਖਿਆ ਗਿਆ ਹੈ?

ਡਾ. ਗਿੱਲ : ਇਹ ਸਵਾਲ ਬਹੁਤ ਮਹੱਤਵਪੂਰਨ ਹੈ, ਗ਼ਦਰੀ ਕਵੀ ਆਪਣੇ ਫਿਰਕੇ ਤੋਂ ਬਾਹਰਲੇ ਲੋਕਾਂ ਨੂੰ ਵਡਿਆਉਣ ਦੀ ਦਰਿਆਦਿਲੀ ਦਿਖਾਉਂਦੇ ਹਨ।

? : ਤੁਹਾਡਾ ਮਤਲਬ, ਉਹ ਗ਼ੈਰ ਸੰਪ੍ਰਦਾਇਕ ਦ੍ਰਿਸ਼ਟੀ ਰੱਖਦੇ ਸਨ?

ਡਾ. ਗਿੱਲ : ਨਹੀਂ, ਉਹ ਤਾਂ ਗ਼ੈਰ ਸੰਪ੍ਰਦਾਇਕਤਾ ਤੋਂ ਵੀ ਅੱਗੇ ਲੰਘ ਗਏ ਸਨ। ਦਰਅਸਲ, ਉਨ੍ਹਾਂ ਲਈ ਸੰਪ੍ਰਦਾਇ ਕੋਈ ਮਹੱਤਵ ਹੀ ਨਹੀਂ ਸੀ ਰੱਖਦਾ, ਉਹ ਲਹਿਰ ਵਿਚ ਯੋਗਦਾਨ ਦੇਣ ਵਾਲਿਆਂ ਨੂੰ ਵਡਿਆਉਂਦੇ ਸਨ ਤੇ ਜੇ ਕੋਈ ਲਹਿਰ ਤੋਂ ਵੱਖ ਵੀ ਹੋ ਜਾਂਦਾ ਸੀ ਤਾਂ ਉਸ ਨੂੰ ਵੀ ਛਟਿਆਉਂਦੇ ਨਹੀਂ ਸਨ, ਇਸ ਪ੍ਰਸੰਗ ਵਿਚ ਡਾ. ਹਰਦਿਆਲ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਜੋ ਗ਼ਦਰ ਲਹਿਰ ਤੋਂ ਪਾਸੇ ਹਟ ਗਿਆ ਸੀ, ਪਰ ਗ਼ਦਰ ਲਹਿਰ ਦੀ ਕਵਿਤਾ ਵਿਚ ਉਸ ਦੀ ਸ਼ਾਨ ਦੇ ਖਿਲਾਫ਼ ਕਦੇ ਇਕ ਲਫ਼ਜ਼ ਵੀ ਨਹੀਂ ਕਿਹਾ ਗਿਆ। ਇਹ ਉਨ੍ਹਾਂ ਲੋਕਾਂ ਦੀ, ਜਿਨ੍ਹਾਂ ਨੂੰ ਪੜ੍ਹਨ-ਲਿਖਣ ਦਾ ਮੌਕਾ ਨਹੀਂ ਮਿਲਿਆ ਜਾਂ ਬਹੁਤ ਘੱਟ ਮੌਕਾ ਮਿਲਿਆ, ਬੇਮਿਸਾਲ ਦਰਿਆਦਿਲੀ ਦੀ ਕਵਿਤਾ ਹੈ।

? : ਇਸ ਕਵਿਤਾ ਦੇ ਕੋਈ ਹੋਰ ਲੱਛਣ ਜੋ ਇਸ ਨੂੰ ਲੋਕ ਸਮੂਹ ਦੀ ਕਵਿਤਾ ਦਾ ਕਿਰਦਾਰ ਬਖ਼ਸ਼ਦੇ ਹੋਣ?

ਡਾ. ਗਿੱਲ : ਗ਼ਦਰ ਲਹਿਰ ਦੀ ਕਵਿਤਾ ਬਹੁਪਰਤੀ ਨਹੀਂ ਹੈ, ਇਸ ਕਰਕੇ ਇਹ ਇਕਾਂਤ ਵਿਚ ਬੈਠ ਕੇ ਪੜ੍ਹਨ ਵਾਲੀ ਕਵਿਤਾ ਨਹੀਂ, ਹਿਹ ਸਰੋਤਾ ਮੁਖੀ ਕਵਿਤਾ ਹੈ। ਇਹ ਇਕੱਠ ਵਿਚ ਬੈਠ ਕੇ ਸੁਣਨ ਵਾਲੀ ਕਵਿਤਾ ਹੈ। ਇਸ ਕਵਿਤਾ ਦਾ ਪਾਠਕ ਮੁਖੀ ਹੋਣ ਦੀ ਬਜਾਏ ਸਰੋਤਾਮੁਖੀ ਇਸ ਨੂੰ ਸਮੂਹਿਕਤਾ ਦਾ ਚਰਿੱਤਰ ਪ੍ਰਦਾਨ ਤਾਂ ਕਰਦਾ ਹੀ ਹੈ, ਨਾਲ ਹੀ ਸਮੂਹ ਦੇ ਆਪਣੇ ਸੁਹਜ ਸੁਆਦ ਵੀ ਇਸ ਕਵਿਤਾ ਵਿਚ ਆ ਰਲਦੇ ਹਨ। ਮਸਲਨ, ਇਸ ਕਵਿਤਾ ਵਿਚ ਹਰਮਨ ਪਿਆਰੇ ਲੋਕਧਾਰਾਈ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਬੈਂਤ, ਕੋਰੜਾ ਆਦਿ ਛੰਦ ਇਸ ਦੀ ਲੋਕਮੁਖੀ ਬਿਰਤੀ ਦੇ ਹੀ ਸੂਚਕ ਹਨ।

? : ਕੋਈ ਹੋਰ ਗੱਲ ਜੋ ਗ਼ਦਰ ਪਾਰਟੀ ਲਹਿਰ ਦੀ ਕਵਿਤਾ ਬਾਰੇ ਕਹਿਣੀ ਬਣਦੀ ਹੋਵੇ।

ਡਾ. ਗਿੱਲ : ਇਹ ਇਸਦੇ ਸਰੂਪ ਬਾਰੇ ਹੈ, ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ ਕਿ ਇਹ ਕਵਿਤਾ ਸਰੋਤਾਮੁਖੀ ਹੈ, ਇਸ ਲਈ ਇਹ ਕਿਸੇ ਨਿਸ਼ਚਿਤ ਪਾਠ ਵਿਚ ਨਹੀਂ ਢਲਦੀ, ਇਹ ਇਕ ਪ੍ਰਵਚਨ ਦੇ ਰੂਪ ਵਿਚ ਹੈ, ਆਪਣੇ ਸਮੇਂ ਦੇ ਹਿਸਾਬ ਨਾਲ ਇਹ ਪ੍ਰਵਚਨ ਦੇ ਰੂਪ ਵਿਚ ਹੀ ਵਧੇਰੇ ਪ੍ਰਸੰਗਿਕ ਅਤੇ ਪ੍ਰਵਾਨਿਤ ਹੋ ਸਕਦੀ ਸੀ।

? : ਪੰਜਾਬੀ ਦੀ ਉਚੇਰੀ ਕਵਿਤਾ ਵਿਚ ਵਧੇਰੇ ਸਵੀਕਾਰੇ ਗਏ ਗ਼ਦਰੀਆਂ ਦੇ ਸਮਕਾਲੀ ਕਵੀਆਂ, ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਤੋਂ ਗ਼ਦਰੀ

ਕਵੀਆਂ ਦੀ ਵੱਖਰਤਾ ਕੀ ਸੀ?

ਡਾ. ਗਿੱਲ : ਇਹ ਵੱਖਰਤਾ ਬੜੀ ਅਰਥ ਭਰਪੂਰ ਹੈ, ਇਹ ਸਿੱਖ ਇਤਿਹਾਸ ਪ੍ਰਤੀ ਦੋ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਵਿਚ ਦੇਖੀ ਜਾ ਸਕਦੀ ਹੈ, ਜਿਥੇ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਸਿੱਖ ਗੁਰੂ ਸਾਹਿਬਾਨ ਨੂੰ ਦੈਵੀ ਪੁਰਸ਼ਾਂ ਵਜੋਂ ਆਪਣੀ ਕਵਿਤਾ ਵਿਚ ਵਡਿਆਉਂਦੇ ਹਨ, ਉਥੇ ਗ਼ਦਰੀ ਕਵੀ ਉਨ੍ਹਾਂ ਨੂੰ ਯੁੱਗ ਪਲਟਾਊ ਸੰਸਾਰਕ ਵਿਅਕਤੀਆਂ ਵਜੋਂ ਪੇਸ਼ ਕਰਦੇ ਹਨ। ਇਹ ਰੁਝਾਨ ਪੰਜਾਬੀ ਕਵਿਤਾ ਲਈ ਨਾ ਕੇਵਲ ਨਵਾਂ ਸੀ, ਸਗੋਂ ਵਧੇਰੇ ਪ੍ਰਸੰਗਿਕ ਵੀ ਸੀ, ਮਗਰੋਂ ਤੀਹਵਿਆਂ ਵਿਚ ਪ੍ਰਗਤੀਵਾਦੀ ਸਾਹਿਤਧਾਰਾ ਵਿਚ ਇਹ ਰੁਝਾਨ ਹੋਰ ਵੀ ਜ਼ੋਰ ਫੜ ਗਿਆ ਤੇ ਸਿੱਖ ਇਤਿਹਾਸ ਦੀ ਪੁਨਰ-ਵਿਆਖਿਆ ਦੀ ਸੰਭਾਵਨਾ ਬਣ ਗਈ, ਜਿਸ ਦੇ ਤਹਿਤ ਸਿੱਖ ਇਤਿਹਾਸ ਨੂੰ ਕਿਸਾਨੀ ਦੇ ਅੰਦੋਲਨ ਵਜੋਂ ਪਰਿਭਾਸ਼ਿਤ ਕੀਤਾ ਗਿਆ। ਸੋ, ਦੱਬੇ-ਕੁਚਲੇ ਲੋਕਾਂ ਦੀ ਸਮਾਜਿਕ ਮੁਕਤੀ ਦੇ ਮਾਡਲ ਵਜੋਂ ਸਿੱਖ ਇਤਿਹਾਸ ਨੂੰ ਉਭਾਰਨ ਵਾਲੀ ਪਹਿਲੀ ਪੰਜਾਬੀ ਕਵਿਤਾ ਗ਼ਦਰ ਲਹਿਰ ਦੀ ਕਵਿਤਾ ਹੀ ਸੀ।

? : ਕਈ ਚਿੰਤਕਾਂ ਦਾ ਵਿਚਾਰ ਹੈ ਕਿ ਲਹਿਰ ਦੀ ਕਵਿਤਾ ਭਵਿੱਖ ਵਿਚ ਤਾਂ ਹੀ ਪ੍ਰਵਾਨ ਚੜ੍ਹਦੀ ਹੈ ਜਦੋਂ ਇਨ੍ਹਾਂ ਲਹਿਰਾਂ ਦੀਆਂ ਸਮਰਥਕ ਜਥੇਬੰਦੀਆਂ ਅਤੇ ਵਿਅਕਤੀ ਮਜ਼ਬੂਤੀ ਨਾਲ ਲਹਿਰ ਦੇ ਕਵੀਆਂ/ਕਵਿਤਾ ਦਾ ਪ੍ਰਚਾਰ ਕਰਦੇ ਰਹਿਣ। ਗੁਰਮਤਿ ਕਾਵਿ ਧਾਰਾ (ਭਾਈ ਵੀਰ ਸਿੰਘ) ਤੋਂ ਮਗਰੋਂ ਨਕਸਲਵਾਦੀ ਲਹਿਰ ਦੀ ਕਵਿਤਾ (ਪਾਸ਼, ਦਿਲ) ਦਾ ਹਵਾਲਾ ਵੀ ਉਹ ਇਸ ਪ੍ਰਸੰਗ ਵਿਚ ਦਿੰਦੇ ਹਨ।

ਡਾ. ਗਿੱਲ : ਮੈਂ ਇਸ ਧਾਰਨਾ ਨਾਲ ਸਹਿਮਤ ਨਹੀਂ ਹਾਂ। ਦਰਅਸਲ, ਗ਼ਦਰੀ ਰਾਜਸੀ ਆਗੂ ਤੇ ਕਾਰਕੁੰਨ ਸਨ, ਭਾਵ ਪਹਿਲਾਂ ਉਹ ਰਾਜਸੀ ਵਿਅਕਤੀ ਸਨ ਤੇ ਬਾਅਦ ਵਿਚ ਕਵੀ। ਉਨ੍ਹਾਂ ਨੇ ਕਵਿਤਾ ਨੂੰ ਆਪਣੇ ਰਾਜਸੀ ਮੰਤਵ ਦੀ ਸਿੱਧੀ ਦਾ ਹਥਿਆਰ ਬਣਾਇਆ, ਦੂਜੇ ਪਾਸੇ ਪਾਸ਼ ਅਤੇ ਦਿਲ ਪਹਿਲਾਂ ਕਵੀ ਸਨ ਤੇ ਬਾਅਦ ਵਿਚ ਰਾਜਸੀ ਵਿਅਕਤੀ, ਰਾਜਸੀ ਵਿਅਕਤੀ ਤਾਂ ਉਹ ਸਗੋਂ ਬਹੁਤ ਘੱਟ ਸਨ। ਇਸ ਲਈ ਉਨ੍ਹਾਂ ਦੀ ਕਵਿਤਾ ਵਧੇਰੇ ਮਹੱਤਵ ਗ੍ਰਹਿਣ ਕਰ ਗਈ। ਕਈ ਨਕਸਲਵਾੜੀ ਕਵੀ ਲਹਿਰ ਵਿਚ ਵੱਡੇ ਰਾਜਸੀ ਆਗੂਆਂ ਦੀ ਹੈਸੀਅਤ ਰੱਖਦੇ ਸਨ, ਪਰ ਉਨ੍ਹਾਂ ਦੀ ਕਵਿਤਾ ਜ਼ਿਆਦਾ ਪ੍ਰਭਾਵਿਤ ਨਹੀਂ ਕਰਦੀ ਜਿਵੇਂ ਕਿ ਦਰਸ਼ਨ ਖਟਕੜ ਦੀ ਕਵਿਤਾ।

? : ਗ਼ਦਰ ਲਹਿਰ ਦੀ ਕਵਿਤਾ ਵਿਚ ਤੁਹਾਡੀ ਜਾਚੇ ਪੜਾਅਵਾਰ ਪਰਿਵਰਤਨ ਕਿਹੜੇ ਆਏ।

ਡਾ. ਗਿੱਲ : ਗ਼ਦਰ ਲਹਿਰ ਦੇ ਦੋ ਪੜਾਅ ਹਨ, ਪਹਿਲੇ ਪੜਾਅ 'ਤੇ ਗ਼ਦਰੀ ਜੋਸ਼ ਨਾਲ ਭਰਪੂਰ ਹਨ, ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਹਥਿਆਰਬੰਦ

ਘੋਲ ਰਾਹੀਂ ਨਿਸ਼ਚਿਤ ਰੂਪ ਵਿਚ ਆਪਣਾ ਨਿਸ਼ਾਨਾ ਸਰ ਕਰ ਲੈਣਗੇ। ਇਸ ਪੜਾਅ ਤੱਕ ਦੀ ਸਾਰੀ ਗ਼ਦਰੀ ਕਵਿਤਾ ਵਿਚ ਜਜ਼ਬੇ ਦਾ ਵੇਗ ਬਹੁਤ ਤੀਬਰ ਹੈ ਤੇ ਇਹ ਸਾਮਰਾਜੀ ਰਣਨੀਤੀ ਤੋਂ ਕਾਫੀ ਬੇਖ਼ਬਰ ਹੈ। ਦੂਜੇ ਪੜਾਅ 'ਤੇ, ਜਦੋਂ ਗ਼ਦਰ ਲਹਿਰ ਆਪਣਾ ਨਿਸ਼ਾਨਾ ਹਾਸਲ ਕਰਨ ਵਿਚ ਸਫ਼ਲ ਨਹੀਂ ਹੁੰਦੀ, ਗ਼ਦਰੀ ਕਵਿਤਾ ਵਿਚ ਜੋਸ਼ ਅੰਦਰ ਹੋਸ਼ ਦਾ ਸਮਾਵੇਸ਼ ਹੁੰਦਾ ਹੈ। ਲਹਿਰ ਦੀ ਅਸਫ਼ਲਤਾ ਦੇ ਕਾਰਨਾਂ ਵੱਲ ਧਿਆਨ ਮੁੜਦਾ ਹੈ। ਇਸ ਪੜਾਅ 'ਤੇ ਗ਼ਦਰੀ ਪੰਜਾਬ ਦਾ ਸਮਾਜਿਕ ਅਧਿਐਨ ਕਰਦੇ ਹਨ ਤੇ ਪਾਉਂਦੇ ਹਨ ਕਿ ਅੰਗਰੇਜ਼ ਹਕੂਮਤ ਨੇ ਪੰਜਾਬ ਵਿਚ ਲੋਕ ਰੋਹ ਅਥਵਾ ਵਿਦਰੋਹ ਨਾਲ ਨਜਿੱਠਣ ਲਈ ਇਕ ਪਿੱਠੂ ਸ਼੍ਰੇਣੀ ਮਜ਼ਬੂਤ ਕਰ ਲਈ ਸੀ, ਲੰਬੜਦਾਰ, ਜ਼ੈਲਦਾਰ ਆਦਿ ਟੁੱਕੜਬੋਚ ਗ਼ਦਰੀ ਕਵਿਤਾ ਵਿਚ ਸਾਮਰਾਜ ਦੀ ਰਣਨੀਤੀ ਨੂੰ ਦਰਸਾਉਂਦੇ ਹਨ। ਗ਼ਦਰੀ ਲਹਿਰ ਦੀ ਕਵਿਤਾ ਵਿਚ ਸਮਾਜ ਦਾ ਇਹ ਵਿਸ਼ਲੇਸ਼ਣ ਹਾਲਾਂਕਿ ਕਾਫ਼ੀ ਸੀਮਤ ਹੈ, ਫਿਰ ਵੀ ਹੋਸ਼ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ। ਗ਼ਦਰੀ ਵਿਸ਼ਵ ਸਿਆਸਤ ਬਾਰੇ ਅਜੇ ਵੀ ਭਾਵ ਇਸ ਪੜਾਅ 'ਤੇ ਵੀ ਕੋਈ ਪਰਿਪੱਕ ਸਮਝ ਬਣਾਉਣ ਵਿਚ ਅਸਫ਼ਲ ਰਹਿੰਦੇ ਹਨ।

? : ਦੇਸ਼ ਦੀ ਸੁਤੰਤਰਤਾ ਲਈ ਕੀ ਜਰਮਨ ਸਹਿਯੋਗ 'ਤੇ ਟੇਕ ਰੱਖਣੀ ਵਾਜਬ ਨਹੀਂ ਸੀ।

ਡਾ. ਗਿੱਲ : ਗ਼ਦਰੀ ਇਸ ਤੱਥ ਨੂੰ ਸ਼ਾਇਦ ਨਜ਼ਰ ਅੰਦਾਜ਼ ਕਰ ਗਏ ਕਿ ਉਦੋਂ ਜਰਮਨੀ ਵੀ ਬਰਤਾਨੀਆ ਵਾਂਗ ਇਕ ਸਾਮਰਾਜੀ ਮੁਲਕ ਸੀ, ਉਹ ਇਕ ਹੋਰ ਤੱਥ ਨੂੰ ਵੀ ਅਣਡਿੱਠ ਕਰ ਗਏ ਕਿ ਉਸ ਵੇਲੇ ਦੀ ਜਰਮਨ ਸਰਕਾਰ ਖ਼ੁਦ ਵੀ ਆਪਣੇ ਦੇਸ਼ ਦੀਆਂ ਲੋਕ ਲਹਿਰਾਂ ਨੂੰ ਸਖ਼ਤੀ ਨਾਲ ਕੁਚਲ ਰਹੀ ਸੀ ਤੇ ਰੋਜ਼ਾ ਲਕਜ਼ਮਬਰਗ ਵਰਗੀਆਂ ਨੇਤਾਵਾਂ 'ਤੇ ਬੇਇੰਤਹਾ ਤਸ਼ੱਦਤ ਢਾਹਿਆ ਜਾ ਰਿਹਾ ਸੀ। ਦਰਅਸਲ, ਇਹੀ ਉਹ ਧਿਰਾਂ ਸਨ ਜਿਹੜੀਆਂ ਗ਼ਦਰੀਆਂ ਦੀ ਭਾਵਨਾ ਅਤੇ ਮੰਤਵ ਨਾਲ ਮੇਲ ਖਾਂਦੀਆਂ ਸਨ, ਪਰ ਗ਼ਦਰੀਆਂ ਦੀ ਕਵਿਤਾ ਵਿਚ ਵੀ ਇਨ੍ਹਾਂ ਦਾ ਕੋਈ ਇਸ਼ਾਰਾ ਨਹੀਂ ਮਿਲਦਾ। ਹਰਦਿਆਲ ਵਰਗਾ ਬੁੱਧੀਜੀਵੀ ਵੀ ਇਨ੍ਹਾਂ ਦਾ ਜ਼ਿਕਰ ਨਹੀਂ ਕਰਦਾ। ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਰਣਨੀਤਕ ਅਤੇ ਨੈਤਿਕ ਦੋਹਾਂ ਪੱਖੋਂ ਤੋਂ ਹੀ ਗ਼ਦਰੀਆਂ ਦਾ ਉਸ ਸਮੇਂ ਦੀ ਜਰਮਨ ਸਰਕਾਰ ਦੇ ਸਹਿਯੋਗ 'ਤੇ ਟੇਕ ਰੱਖਣਾ ਉਚਿਤ ਨਹੀਂ ਸੀ।

? : ਦੂਜੇ ਪੜਾਅ 'ਤੇ ਗ਼ਦਰੀਆਂ ਵਿਚ ਕੋਈ ਨਵੀਂ ਸਮਝ ਵੀ ਉਭਰ ਰਹੀ ਸੀ।

ਡਾ. ਗਿੱਲ : ਇਸ ਪੜਾਅ 'ਤੇ ਵਿਆਪਕ ਨਿਰਾਸਤਾ ਦੀ ਸੰਭਾਵਨਾ ਵੀ ਸੀ ਪਰ ਗ਼ਦਰੀਆਂ ਵਿਚ ਆਸ ਦੀ ਕਿਰਨ ਨੇ ਆਪਣੀ ਹੋਂਦ ਬਣਾਈ ਰੱਖੀ। ਗ਼ਦਰੀ ਭਾਵੇਂ ਆਪਣੇ ਵੇਲੇ ਦੇ ਸਮਾਜ ਦਾ ਕੋਈ ਗ਼ਹਿਰਾ ਤੇ

ਪ੍ਰਮਾਣਿਕ ਵਿਸ਼ਲੇਸ਼ਣ ਤਾਂ ਨਹੀਂ ਕਰ ਸਕੇ, ਪਰ ਉਨ੍ਹਾਂ ਦੀ ਇਹ ਬਾਕਮਾਲ ਸਮਝ ਬਣੀ ਕਿ ਅਜੇ ਵੀ ਪੰਜਾਬ ਦੇ ਕਿਸਾਨਾਂ ਨੂੰ ਸਾਮਰਾਜ ਵਿਰੁੱਧ ਘੋਲ ਲਈ ਲਾਮਬੰਦ ਕੀਤਾ ਜਾ ਸਕਦਾ ਹੈ। ਇਸ ਮਨੋਰਥ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਉਪਰ ਵਧੇਰੇ ਜ਼ੋਰ ਦੇਣ ਦੀ ਲੋੜ ਮਹਿਸੂਸ ਕੀਤੀ ਗਈ। ਦਰਅਸਲ, ਗ਼ਦਰੀਆਂ ਦੀ ਇਹੋ ਬੀਜ ਰੂਪ ਸਮਝ ਸੀ, ਜਿਹੜੀ ਬਾਅਦ ਦੀਆਂ ਸਾਮਰਾਜ ਵਿਰੋਧੀ ਲਹਿਰਾਂ ਵਿਚ ਜ਼ੋਰਦਾਰ ਤਰੀਕੇ ਨਾਲ ਪ੍ਰਗਟ ਹੋਈ।

? : ਗ਼ਦਰੀ ਕਵਿਤਾ ਕਿਸ ਕਾਵਿ ਧਾਰਾ ਦੇ ਜ਼ਿਆਦਾ ਨੇੜੇ ਹੈ, ਪ੍ਰਗਤੀਵਾਦੀ ਕਵਿਤਾ ਦੇ ਜਾਂ ਨਕਸਲੀ ਕਵਿਤਾ ਦੇ।

ਡਾ. ਗਿੱਲ : ਗਹੁ ਨਾਲ ਦੇਖਿਆ ਜਾਵੇ ਤਾਂ ਇਹ ਦੋਹਾਂ ਲਈ ਹੀ ਜ਼ਮੀਨ ਤਿਆਰ ਕਰਦੀ ਹੈ। ਜਦੋਂ ਇਹ ਕਵਿਤਾ ਪੰਜਾਬੀ ਸਮਾਜ ਬਾਰੇ ਪੁਨਰ ਵਿਚਾਰ ਕਰਦਿਆਂ ਇਹ ਸਿੱਟੇ ਕੱਢਦੀ ਹੈ ਕਿ ਇਥੇ ਪਹਿਲਾਂ ਸਥਾਪਿਤ ਰਹੀਆਂ ਹਕੂਮਤਾਂ, ਹਿੰਦੂ ਰਾਜ ਦੀ ਐਸ਼ਪ੍ਰਸਤੀ, ਇਸਲਾਮੀ ਰਾਜ ਦਾ ਜ਼ੋਰ ਜ਼ੁਲਮ ਤੇ ਸਿੱਖ ਰਾਜ ਦੀ ਸਿੱਖਾ ਸਾਹੀ ਦੀ ਰਹਿੰਦ-ਖੂੰਹਦ ਅਜੇ ਮੌਜੂਦ ਹੈ, ਜਿਸ ਤੋਂ ਲੋਕਾਂ ਨੂੰ ਮੁਕਤ ਕਰਨ ਦੀ ਲੋੜ ਹੈ ਤਾਂ ਇਹ ਕਵਿਤਾ ਪ੍ਰਗਤੀਵਾਦੀ ਕਵਿਤਾ ਦਾ ਆਧਾਰ ਬਣਦੀ ਹੈ। ਇਸੇ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਨੂੰ ਵੀ ਦੈਵੀ ਪੁਰਖ ਦੀ ਥਾਂ ਪਰਮ ਪੁਰਖ ਵਜੋਂ ਦੇਖਣ ਦੀ ਪ੍ਰਵਿਰਤੀ ਵਜੋਂ ਵੀ ਇਹ ਕਵਿਤਾ ਪ੍ਰਗਤੀਵਾਦੀ ਕਵਿਤਾ ਦੇ ਨਜ਼ਦੀਕ ਹੈ। ਇਸ ਕਵਿਤਾ ਵਿਚ ਮੱਧਕਾਲੀਨ ਪ੍ਰੇਮ ਕਹਾਣੀਆਂ/ਲੋਕ ਕਹਾਣੀਆਂ ਨੂੰ ਇਨਕਲਾਬ ਦੇ ਸ੍ਰੋਤਾਂ ਵਜੋਂ ਲੈਣ ਦੀ ਰੁਚੀ ਵੀ, ਜਿਵੇਂ ਕਿ ਗ਼ਦਰੀਆਂ ਦੇ ਪੰਜਾਬ ਜਾ ਕੇ ਵਿਦਰੋਹ ਕਰਨ ਨੂੰ ਰਾਂਝੇ ਦੇ ਰੰਗਪੁਰ ਜਾ ਕੇ ਅਲਖ਼ ਜਗਾਉਣ ਨਾਲ ਤੁਲਨਾਇਆ ਗਿਆ ਹੈ ਤੇ ਉਨ੍ਹਾਂ ਦੀ ਹਿੰਮਤ ਅਤੇ ਸਿਦਕ ਦੀ ਤੁਲਨਾ ਫਰਹਾਦ ਨਾਲ ਕੀਤੀ ਗਈ ਹੈ। ਇਸ ਰੁਚੀ ਦਾ ਸਬੰਧ ਵੀ ਪ੍ਰਗਤੀਵਾਦੀ ਕਵਿਤਾ ਨਾਲ ਹੀ ਬਣਦਾ ਹੈ, ਨਕਸਲੀ ਕਵਿਤਾ ਵਿਚ ਇਹ ਪ੍ਰਵਿਰਤੀ ਦਿਖਾਈ ਨਹੀਂ ਦਿੰਦੀ।

ਜਿਥੇ ਆ ਕੇ ਗੱਲ ਯੁੱਧ ਦੇ ਸਰੂਪ ਬਾਰੇ ਹੁੰਦੀ ਹੈ, ਇਹ ਕਵਿਤਾ ਨਕਸਲੀ ਕਵਿਤਾ ਨਾਲ ਮੇਲ ਖਾਣ ਲਗਦੀ ਹੈ। ਇਸ ਨੂੰ ਯੁੱਧ ਮੈਦਾਨ ਪੂਰੀ ਤਰ੍ਹਾਂ ਤਿਆਰ ਵਿਖਾਈ ਦਿੰਦਾ ਹੈ, ਇਸ ਵਿਚ 'ਗੋਰੀਆਂ ਰੰਡੀਆਂ ਕਰਨ' ਦੀ ਗੱਲ ਵੀ ਆਉਂਦੀ ਹੈ। ਪਹਿਲੇ ਪੜਾਅ ਦੀ ਕਵਿਤਾ ਵਿਚ ਉਤਸ਼ਾਹ ਇੰਨਾ ਭਾਰੂ ਹੈ ਕਿ ਗ਼ਦਰ ਸ਼ੁਰੂ ਕਰਦਿਆਂ ਹੀ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਤੋਂ ਮੁਕਤ ਕਰਵਾ ਲਿਆ ਜਾਵੇਗਾ।

? : ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਉਹ ਕਿਹੜੇ ਨਾਇਕ ਸਨ ਜਿਨ੍ਹਾਂ ਤੋਂ ਗ਼ਦਰ ਦੇ ਕਵੀ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਹੋਏ?

ਡਾ. ਗਿੱਲ : ਰਾਸ਼ਟਰੀ ਪੱਧਰ 'ਤੇ 1857 ਦੀ ਬਗ਼ਾਵਤ ਦੇ ਆਗੂਆਂ ਨੂੰ

ਗ਼ਦਰੀ ਨਾਇਕਾਂ ਵਜੋਂ ਵੇਖਦੇ ਸਨ, ਆਇਰਲੈਂਡ ਦੀ ਆਜ਼ਾਦੀ ਦੀ ਲਹਿਰ ਤੋਂ ਵੀ ਉਹ ਪ੍ਰਭਾਵਿਤ ਸਨ। ਅੰਤਰਰਾਸ਼ਟਰੀ ਪੱਧਰ 'ਤੇ ਕਈ ਲਹਿਰਾਂ ਤੋਂ ਇਲਾਵਾ ਉਹ ਬਾਲਸ਼ਵਿਕ ਕ੍ਰਾਂਤੀ ਦੇ ਆਗੂ ਲੈਨਿਨ ਅਤੇ ਤੁਰਕੀ ਦੇ ਕਮਾਲ ਪਾਸ਼ਾ ਤੋਂ ਪ੍ਰਭਾਵਿਤ ਸਨ। ਇਨ੍ਹਾਂ ਨਾਇਕਾਂ ਦਾ ਜ਼ਿਕਰ ਗ਼ਦਰੀਆਂ ਦੀ ਕਵਿਤਾ ਵਿਚ ਕਾਫੀ ਆਇਆ ਹੈ।

? : ਕਿਸ ਕਵੀ ਦਾ ਗ਼ਦਰ ਲਹਿਰ ਦੀ ਕਵਿਤਾ ਨੂੰ ਵਧੇਰੇ ਯੋਗਦਾਨ ਰਿਹਾ।

ਡਾ. ਗਿੱਲ : ਗ਼ਦਰੀ ਕਵੀਆਂ ਦੀਆਂ 'ਗ਼ਦਰ' ਵਿਚ ਪ੍ਰਕਾਸ਼ਿਤ ਕਵਿਤਾਵਾਂ ਤੋਂ ਇਲਾਵਾ 'ਗ਼ਦਰ ਦੀ ਗੂੰਜ' ਟਾਈਟਲ ਹੇਠ 7 ਲੜੀਆਂ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਵਿਚੋਂ 5 ਉਪਲਬਧ ਹਨ। ਇਸ ਕਵਿਤਾ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਅਤੇ ਵਧੇਰੇ ਪ੍ਰਭਾਵਸ਼ਾਲੀ ਭਗਵਾਨ ਸਿੰਘ ਪ੍ਰੀਤਮ ਹੈ। ਬਹੁਤ ਸਾਰੀ ਕਵਿਤਾ ਉਪਰ ਉਨ੍ਹਾਂ ਦੇ ਕਰਤਾ ਦਾ ਨਾਂ ਦਰਜ ਨਹੀਂ ਹੈ। ਕਿਤੇ ਕੋਈ ਅਧੂਰਾ ਜਿਹਾ ਨਾਂ ਦਰਜ ਹੈ, ਜਿਵੇਂ ਕਿ 'ਦੁਖੀ', ਜਿਸ ਤੋਂ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਕਿ ਇਹ ਕਵਿਤਾ ਮੁਨਸ਼ਾ ਸਿੰਘ ਦੁਖੀ ਦੀ ਹੋਵੇਗੀ। ਇਸੇ ਤਰ੍ਹਾਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਦੀ ਕਵਿਤਾ ਬਾਰੇ ਅਨੁਮਾਨ ਲਗਾਏ ਗਏ ਹਨ, ਪਰ ਪ੍ਰਮੁੱਖ ਕਵੀ ਅਤੇ ਗ਼ਦਰੀ ਲਹਿਰ ਦੀ ਕਵਿਤਾ ਦਾ ਰੁਝਾਨ ਨਿਸ਼ਚਿਤ ਕਰਨ ਵਾਲਾ ਕਵੀ ਭਗਵਾਨ ਸਿੰਘ ਪ੍ਰੀਤਮ ਹੀ ਹੈ। ਇਥੇ ਇਕ ਗੱਲ ਫਿਰ ਦੁਹਰਾਉਣੀ ਚਾਹਾਂਗਾ ਕਿ ਪ੍ਰਗਤੀਵਾਦੀ ਲਹਿਰ ਤੇ ਨਕਸਲਵਾੜੀ ਲਹਿਰ ਦੀ ਕਵਿਤਾ 'ਪਾਠ' ਵਿਚ ਢਲੀ ਹੋਈ ਕਵਿਤਾ ਹੈ, ਜਦ ਕਿ ਗ਼ਦਰ ਲਹਿਰ ਦੀ ਕਵਿਤਾ ਪ੍ਰਵਚਨ ਦੀ ਸ਼ਕਲ ਵਿਚ ਹੈ।

? : ਕਲਾ ਪੱਖੋਂ ਗ਼ਦਰੀ ਕਵਿਤਾ ਦੀ ਤੁਲਨਾ ਭਾਈ ਵੀਰ ਸਿੰਘ ਜਾਂ ਪ੍ਰੋ. ਪੂਰਨ ਸਿੰਘ ਨਾਲ ਕਰਨੀ ਕਿੰਨੀ ਕੁ ਉਚਿਤ ਹੈ।

ਡਾ. ਗਿੱਲ : ਮੇਰਾ ਖਿਆਲ ਹੈ ਕਿ ਇਹ ਤੁਲਨਾ ਉਚਿਤ ਨਹੀਂ ਹੈ। ਇਸ ਪੱਖੋਂ, ਭਾਵ ਕਲਾ ਪੱਖੋਂ ਗ਼ਦਰੀ ਕਵਿਤਾ ਕਵੀਸ਼ਰੀ ਪਰੰਪਰਾ ਦੇ ਵਧੇਰੇ ਨਜ਼ਦੀਕ ਹੈ। ਉਚਿਤ ਇਹੋ ਹੋਵੇਗਾ ਕਿ ਅਸੀਂ ਇਸ ਕਵਿਤਾ ਦੇ ਨਿਭਾਅ ਦੀ ਤੁਲਨਾ ਬਾਬੂ ਰਜਬ ਅਲੀ, ਅਮਰ ਸਿੰਘ ਸ਼ੌਂਕੀ ਆਦਿ ਕਵੀਸ਼ਰਾਂ ਦੀ ਕਵੀਸ਼ਰੀ ਨਾਲ ਹੀ ਕਰੀਏ।

ਭਾਈ ਸੰਤੋਖ ਸਿੰਘ ਬਾਰੇ ਗੱਲਬਾਤ

ਗਿੱਲ ਸਾਹਿਬ, ਪਤਾ ਲੱਗਾ ਹੈ ਕਿ ਇਟਲੀ ਦੇ ਮਹਾਨ ਮਾਰਕਸੀ ਚਿੰਤਕ ਅਨਤੋਨੀਓ ਗ੍ਰਾਮਸ਼ੀ ਬਾਰੇ ਜੋ ਤੁਹਾਡੀ ਕਿਤਾਬ ਛਪ ਰਹੀ ਹੈ, ਉਹ ਕਿਰਤੀ' ਰਸਾਲੇ ਦੇ ਬਾਨੀ ਅਤੇ ਕਿਰਤੀ ਕਿਸਾਨ ਪਾਰਟੀ ਦੇ ਨਿਰਮਾਤਾ ਭਾਈ ਸੰਤੋਖ ਸਿੰਘ ਨੂੰ ਸਮਰਪਤ ਹੈ। ਇਸ ਦਾ ਕੀ ਭੇਤ ਹੈ?

– ਇਹ ਬਿਲਕੁਲ ਸੱਚ ਹੈ। ਕਾਰਨ ਇਸ ਦਾ ਇਹ ਹੈ ਕਿ ਲੰਮੇ ਇਤਿਹਾਸ ਵਾਲੇ, ਭਿੰਨ ਵਰਗਾਂ, ਸਭਿਆਚਾਰਾਂ ਅਤੇ ਧਰਮਾਂ ਵਿਚ ਖੰਡਿਤ ਦੇਸ਼ਾਂ ਵਿਚ ਸਮਾਜਵਾਦੀ ਕ੍ਰਾਂਤੀ ਲਿਆਉਣ ਦੀ ਜੋ ਦ੍ਰਿਸ਼ਟੀ ਗ੍ਰਾਮਸ਼ੀ ਨੇ ਚਿਤਵੀ, ਉਸ ਦੀ ਤਰੰਗ ਮੈਨੂੰ ਭਾਈ ਸੰਤੋਖ ਸਿੰਘ ਦੇ ਯਤਨ ਵਿਚੋਂ ਉੱਠਦੀ ਮਹਿਸੂਸ ਹੋਈ ਹੈ। ਮੈਨੂੰ ਇਹ ਗੌਰਵ ਵਾਲੀ ਗੱਲ ਲੱਗਦੀ ਹੈ ਕਿ ਦੁਨੀਆ ਭਰ ਵਿਚ ਸਮਾਜਵਾਦੀ ਨਿਜ਼ਾਮਾਂ ਦੇ ਢਹਿ-ਢੇਰੀ ਹੋ ਜਾਣ ਮਗਰੋਂ ਵੀ ਜਿਸ ਦ੍ਰਿਸ਼ਟੀ ਨੂੰ ਕੋਈ ਆਂਚ ਨਹੀਂ ਆਈ, ਉਸ ਦੀ ਟਿਮਕਣ ਭਾਈ ਸੰਤੋਖ ਸਿੰਘ ਤੋਂ ਮਿਲਦੀ ਹੈ।

? : ਸਮਾਜਵਾਦੀ ਕ੍ਰਾਂਤੀ ਲਿਆਉਣ ਦੀ ਇਸ ਦ੍ਰਿਸ਼ਟੀ ਦੇ ਮੂਲ ਆਧਾਰ ਕੀ ਸਨ? ਕਿਰਤੀ' ਰਸਾਲੇ ਨੂੰ ਆਰੰਭ ਕਰਨ ਅਤੇ ਕਿਰਤੀ ਕਿਸਾਨ ਪਾਰਟੀ ਬਣਾਉਣ ਤੋਂ ਉਨ੍ਹਾਂ ਦੀ ਤਰੰਗ ਤੁਹਾਨੂੰ ਕਿਵੇਂ ਉਠਦੀ ਪ੍ਰਤੀਤ ਹੋਈ ਹੈ? ਉਸ ਦੀ ਟਿਮਕਣ ਕਿਵੇਂ ਦਿਖਾਈ ਦਿੰਦੀ ਹੈ?

– ਇਸ ਦਾ ਮੁੱਖ ਆਧਾਰ ਤਾਂ ਇਹ ਹੈ ਕਿ ਅਨਤੋਨੀਉ ਗ੍ਰਾਮਸ਼ੀ ਅਨੁਸਾਰ ਇਟਲੀ ਵਰਗੇ ਦੇਸ਼ ਵਿਚ ਜਿਥੇ ਉਤਰੀ ਭਾਗ ਸਨਅਤੀਕਰਨ ਦੀ ਲਪੇਟ ਵਿਚ ਆਇਆ ਹੋਇਆ ਸੀ ਪਰ ਦੱਖਣੀ ਭਾਗ ਜਗੀਰਦਾਰੀ ਅਧੀਨ ਸੀ, ਕੈਥੋਲਿਕ ਮੱਤ ਕੁੱਲ ਵਸੋਂ ਦੇ ਅੰਗ ਅੰਗ ਵਿਚ ਸਮਾਇਆ ਹੋਇਆ ਸੀ, ਬੁੱਧੀਵਰਗ ਵਲੋਂ ਦੋਨਾਂ ਭਾਗਾਂ ਵਿਚ ਏਕਤਾ ਲਿਆਉਣ ਦਾ ਕੋਈ ਉਪਰਾਲਾ ਨਹੀਂ ਸੀ ਹੋ ਰਿਹਾ, ਮਿਆਰੀ ਭਾਸ਼ਾ ਉਪਰੀ ਜਹੀ ਬਣਕੇ ਰਹਿ ਗਈ ਸੀ ਅਤੇ ਲੋਕ ਆਪੋ ਆਪਣੀਆਂ ਉਪਭਾਖਾਵਾਂ ਨਾਲ ਹੀ ਬੁੱਤਾਂ ਸਾਰ ਰਹੇ ਸਨ, ਉਥੇ ਵਿਦਰੋਹ ਰਾਹੀਂ ਰਾਜਸੱਤਾ ਹਥਿਆ ਕੇ ਸਮਾਜਵਾਦੀ ਕ੍ਰਾਂਤੀ ਨਹੀਂ ਸੀ ਲਿਆਂਦੀ ਜਾ ਸਕਦੀ। ਕਿਰਤੀ ਕਿਸਾਨ ਏਕਤਾ ਸਥਾਪਤ ਕਰਕੇ ਬੁੱਧੀਵਰਗ ਨੂੰ ਇਸ ਏਕਤਾ ਦਾ ਸ੍ਰੋਤ ਬਣਾ ਕੇ, ਕੁਲ ਸਭਿਆਚਾਰ ਨੂੰ ਆਰਜ਼ੂ ਤੋਂ ਪਾਰ ਜੁਸਤਜੂ ਦਾ ਵਾਹਣ ਮਿਥ ਕੇ ਹੀ ਇਸ ਯਤਨ ਨੂੰ ਸਿਰੇ ਲਾਇਆ ਜਾ ਸਕਦਾ ਸੀ। ਇਹ ਪ੍ਰਭੂਸੱਤਾ ਪ੍ਰਾਪਤ ਕਰਨ ਵਾਲੀ ਗੱਲ ਸੀ, ਜਿਸ ਦੇ ਪਾਸਾਰ ਨੂੰ ਚਿਤਵਣ ਅਤੇ ਇਸ ਦੇ ਭੇਦਾਂ ਨੂੰ ਖੋਲ੍ਹਣ ਵਿਚ ਜੋ ਕਮਾਲ ਅਨਤੋਨੀਓ ਗ੍ਰਾਮਸ਼ੀ ਨੇ ਕਰ ਦਿਖਾਇਆ, ਉਸ ਦੀ ਵੀਹਵੀਂ ਸਦੀ ਦੇ ਮਾਰਕਸੀ ਚਿੰਤਨ ਵਿਚ ਹੋਰ ਕਿਤੇ ਮਿਸਾਲ ਨਹੀਂ ਮਿਲਦੀ।

ਚਿੰਤਨ ਦੀ ਇਹ ਗਹਿਰਾਈ ਅਤੇ ਉਦੇਸ਼ ਦੀ ਇਹ ਬੁਲੰਦੀ ਭਾਈ ਸੰਤੋਖ ਸਿੰਘ ਵਲੋਂ ਕਿਰਤੀ' ਰਸਾਲਾ ਅਰੰਭ ਕਰਨ ਅਤੇ ਕਿਰਤੀ ਕਿਸਾਨ ਪਾਰਟੀ ਦਾ ਨਿਰਮਾਣ ਕਰਨ ਤੋਂ ਪ੍ਰਗਟ ਤਾਂ ਨਹੀਂ ਹੁੰਦੀ ਪਰ ਉਸ ਦੇ ਯਤਨ ਵਿਚੋਂ ਅਜਿਹੀ ਤਰੰਗ ਉਠਦੀ ਜ਼ਰੂਰ ਪ੍ਰਤੀਤ ਹੁੰਦੀ ਹੈ। ਇਹ ਸ੍ਰੁੱਟ ਪਾਉਣ ਵਾਲੀ ਗੱਲ ਨਹੀਂ ਕਿ ਉਸ ਦੀ ਸੰਪਾਦਨਾ ਅਧੀਨ ਇਸ ਰਸਾਲੇ ਦੇ ਜੋ ਅੰਕ ਛਪੇ ਉਨ੍ਹਾਂ ਵਿਚ ਉਸ ਵੇਲੇ ਦੇ ਬਹੁਤ ਹੀ ਸੂਝਵਾਨ ਅਰਥ ਵਿਗਿਆਨੀ ਪ੍ਰੋਫੈਸਰ ਬ੍ਰਿਜ ਨਰਾਇਣ ਦੇ ਲੇਖ ਵੀ ਛਪਦੇ ਸਨ ਜੋ ਪੰਜਾਬ ਦੀ ਕਿਸਾਨੀ ਦੀ ਗੁਰਬਤ ਨੂੰ ਪੇਸ਼ ਕਰਦੇ ਸਨ। ਨੌਜਵਾਨ ਭਗਤ ਸਿੰਘ ਨੇ ਵੀ ਉਸੇ ਸਮੇਂ ਇਸ ਰਸਾਲੇ ਵਿਚ ਛਪਣਾ ਅਰੰਭ ਕਰ ਦਿਤਾ ਸੀ। ਮਾਸਟਰ ਤਾਰਾ ਸਿੰਘ ਦੀ ਵੀ ਕਿਤੇ ਨਾ ਕਿਤੇ ਹਾਜ਼ਰੀ ਲੱਗੀ ਹੋਈ ਹੈ ਜਿਸ ਦੇ ਮਨ ਵਿਚ ਭਾਈ ਸੰਤੋਖ ਸਿੰਘ ਪ੍ਰਤੀ ਅਥਾਹ ਸ਼ਰਧਾ ਸੀ। ਇਸ ਤਰ੍ਹਾਂ ਭਾਈ ਸੰਤੋਖ ਦਾ ਇਹ ਯਤਨ ਬਸਤੀਵਾਦੀ ਰਾਜ ਵਿਰੁੱਧ ਜਾਗ੍ਰਿਤੀਕਰਨ ਦਾ ਹੀ ਨਹੀਂ ਸੀ। ਇਹ ਪ੍ਰਭੂਸੱਤਾ ਜਿੱਤਣ ਦਾ ਵੀ ਸੀ ਜਿਸਦੀ ਸੂਝ ਉਸ ਨੂੰ ਅਜੇ ਮੁਢਲੀ ਜਹੀ ਹੀ ਸੀ, ਗ੍ਰਾਮਸ਼ੀ ਵਾਂਗ ਭਰਪੂਰ ਨਹੀਂ ਜਿਸ ਨੇ ਚਿੰਤਨ ਅਤੇ ਚਿਤਵਣ ਦੇ ਉਚੇਰੇ ਮੰਡਲਾਂ ਵਿਚ ਬਰਾਬਰ ਆਪਣੀ ਥਾਂ ਬਣਾਈ ਹੋਈ ਹੈ।

? : ਕੀ ਇਹ ਸੱਚ ਹੈ ਕਿ ਇਹ ਦੋਵੇਂ ਸਮਕਾਲੀ ਸਨ ਅਤੇ ਇਕੋ ਵੇਲੇ ਰੂਸ ਗਏ ਹੋਏ ਸਨ ਜਿਥੇ ਤੀਜੀ ਕੁਮਿਨਟਰਨ ਦੀਆਂ ਸਾਲਾਨਾ ਮੀਟਿੰਗਾਂ ਹੁੰਦੀਆਂ ਸਨ? ਉਨ੍ਹਾਂ ਮੀਟਿੰਗਾਂ ਵਿਚ ਉਨ੍ਹਾਂ ਦੀ ਕਾਰਗੁਜ਼ਾਰੀ ਕਿਸ ਪ੍ਰਕਾਰ ਦੀ ਸੀ?

– ਦੋਨੋਂ ਬਿਲਕੁਲ ਤਾਂ ਨਹੀਂ ਪਰ ਲੱਗਭਗ ਸਮਕਾਲੀ ਜ਼ਰੂਰ ਸਨ। ਅਨਤੋਨੀਓ ਗ੍ਰਾਮਸ਼ੀ ਦਾ ਇਟਲੀ ਦੇ ਇਕ ਟਾਪੂ ਸਾਰਦੀਨੀਆਂ ਵਿਚ 1891 ਦੇ ਅਰੰਭ ਵਿਚ ਜਨਮ ਹੋਇਆ ਸੀ। ਭਾਈ ਸੰਤੋਖ ਸਿੰਘ ਦਾ ਜਨਮ ਦੋ ਸਾਲ ਬਾਅਦ 1893 ਵਿਚ ਸਿੰਘਾਪੁਰ ਹੋਇਆ ਜਿਥੇ ਉਸ ਦਾ ਬਾਪ ਅੰਗਰੇਜ਼ ਰਾਜ ਅਧੀਨ ਫੌਜ ਵਿਚ ਨਿੱਕੀ ਜਿਹੀ ਨੌਕਰੀ 'ਤੇ ਲੱਗਾ ਹੋਇਆ ਸੀ। ਜਿਥੇ ਗ੍ਰਾਮਸ਼ੀ ਸਕੂਲ ਦੀ ਪੜ੍ਹਾਈ ਮਗਰੋਂ ਟਿਊਰਨ ਯੂਨੀਵਰਸਿਟੀ ਵਿਚ ਸਾਹਿਤ, ਫਲਸਫਾ, ਇਤਿਹਾਸ ਅਤੇ ਭਾਸ਼ਾਵਾਂ ਦੇ ਅਧਿਐਨ ਖਾਤਰ ਦਾਖ਼ਲ ਹੋ ਗਿਆ ਉਥੇ ਭਾਈ ਸੰਤੋਖ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਂਟਰੰਸ ਦਾ ਇਮਤਿਹਾਨ ਪਾਸ ਕਰ ਕੇ, ਇੰਗਲੈਂਡ ਹੁੰਦਾ ਹੋਇਆ 1911 ਵਿਚ ਅਮਰੀਕਾ ਜਾ ਪਹੁੰਚਿਆ। 1922 ਦੌਰਾਨ ਕੁਮਿਨਟਰਨ ਦੀ ਚੌਥੀ ਸਾਲਾਨਾ ਕਾਨਫਰੰਸ ਵਿਚ ਭਾਗ ਲੈਣ ਉਹ ਸੋਵੀਅਤ ਰੂਸ ਗਿਆ। ਇਟਲੀ ਦੀ ਕਮਿਊਨਿਸਟ ਪਾਰਟੀ ਦਾ ਪ੍ਰਤੀਨਿਧ ਬਣ ਕੇ ਗ੍ਰਾਮਸ਼ੀ ਉਥੇ ਪਹਿਲਾਂ ਹੀ ਗਿਆ ਹੋਇਆ ਸੀ। ਆਪਣੀ ਪ੍ਰਤਿਭਾ ਦੇ ਜ਼ੋਰ ਤੇ ਉਹ ਇਸ ਅੰਤਰਰਾਸ਼ਟਰੀ ਸੰਸਥਾ ਦੀ ਅਧਿਕਾਰੀ ਕਮੇਟੀ ਵਿਚ ਲਿਆ ਗਿਆ।

ਅਗਲੇ ਸਾਲ ਉਹ ਵੀਆਨਾ ਆ ਗਿਆ ਜਿਥੇ ਯੂਰਪ ਦੀਆਂ ਕਮਿਊਨਿਸਟ ਪਾਰਟੀਆਂ ਵਿਚਕਾਰ ਤਾਲਮੇਲ ਬਣਾਉਣ ਦੀ ਜ਼ਿੰਮੇਵਾਰੀ ਉਸ ਨੂੰ ਸੌਂਪੀ ਗਈ। ਕੁਝ ਮਹੀਨਿਆਂ ਮਗਰੋਂ ਉਹ ਇਟਲੀ ਵਾਪਸ ਆ ਗਿਆ ਜਿਥੇ ਇਟਲੀ ਦੀ ਪਾਰਲੀਮੈਂਟ ਵਿਚ ਉਹ ਕਮਿਊਨਿਸਟ ਪਾਰਟੀ ਦਾ ਮੁਖੀ ਬਣ ਗਿਆ। ਪਾਰਟੀ ਦਾ ਜਨਰਲ ਸਕੱਤਰ ਵੀ ਉਸ ਨੂੰ ਚੁਣ ਲਿਆ ਗਿਆ ਜਿਸ ਅਧਿਕਾਰ ਅਧੀਨ ਉਸ ਨੇ ਡਿਕਡੋਲੇ ਖਾਂਦੀ ਪਾਰਟੀ ਨੂੰ ਨਿੱਗਰ ਨੀਹਾਂ 'ਤੇ ਖੜੀ ਕਰ ਦਿਤਾ। ਉਸ ਦੀ ਪ੍ਰਤਿਭਾ ਤੋਂ ਭੈਭੀਤ ਹੋ ਕੇ ਮੱਸੋਲਿਨੀ ਨੇ ਉਸ ਨੂੰ ਜੇਲ੍ਹ ਵਿਚ ਬੰਦ ਕਰ ਦਿਤਾ। ਗਿਆਰਾਂ ਸਾਲ ਜੇਲ੍ਹ ਵਿਚ ਬੰਦ ਰਹਿਮ ਮਗਰੋਂ ਕੁੱਝ ਬੰਦਿਸ਼ਾਂ ਅਧੀਨ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਪਰ ਇਸ ਦੇ ਇਕ ਹਫਤੇ ਮਗਰੋਂ ਹੀ ਉਸ ਦਾ ਦਿਹਾਂਤ ਹੋ ਗਿਆ। ਗ੍ਰਾਮਸ਼ੀ ਦੀ ਦਿਹਾਂਤ ਵੇਲੇ ਉਮਰ 46 ਸਾਲ ਸੀ। ਭਾਈ ਸੰਤੋਖ ਸਿੰਘ ਡੇਢ ਕੁ ਸਾਲ ਰੂਸ ਵਿਚ ਠਹਿਰਿਆ ਜਿਥੇ ਕਿਰਤੀਆਂ ਕਿਸਾਨਾਂ ਦੀ ਯੂਨੀਵਰਸਿਟੀ ਵਿਚ ਉਸ ਨੇ ਸਿਧਾਂਤਕ ਅਤੇ ਰਾਜਸੀ ਪ੍ਰਕਾਰ ਦੀ ਸਿਖਿਆ ਪ੍ਰਾਪਤ ਕੀਤੀ। 1924 ਵਿਚ ਉਹ ਪੰਜਾਬ ਵਾਪਸ ਆ ਗਿਆ ਪਰ ਤਪਦਿਕ ਦਾ ਮਰੀਜ਼ ਹੋ ਜਾਣ ਕਾਰਨ ਦੋ ਢਾਈ ਸਾਲ ਮਗਰੋਂ ਹੀ ਉਹ ਦਿਹਾਂਤ ਪਾ ਗਿਆ। ਉਸ ਵੇਲੇ ਉਸ ਦੀ ਉਮਰ ਕੇਵਲ ਚੌਂਤੀ ਸਾਲ ਸੀ।

? : ਇਸ ਦਾ ਮਤਲਬ ਇਹ ਹੋਇਆ ਕਿ ਅਮਰੀਕਾ ਵਿਚ ਭਾਈ ਸੰਤੋਖ ਸਿੰਘ ਦੀ ਠਹਿਰ ਕੋਈ ਤੇਰ੍ਹਾਂ ਸਾਲ ਸੀ। ਇਨ੍ਹਾਂ ਸਾਲਾਂ ਦੌਰਾਨ ਉਸ ਦੀਆਂ ਕਿਸ ਤਰ੍ਹਾਂ ਦੀਆਂ ਗਤੀਵਿਧੀਆਂ ਰਹੀਆਂ?

– ਅਮਰੀਕਾ ਵਿਚ ਉਹ ਬਾਬਾ ਵਿਸਾਖਾ ਸਿੰਘ ਅਤੇ ਬਾਬਾ ਜਵਾਲਾ ਸਿੰਘ ਦੇ ਫਾਰਮ 'ਤੇ ਆ ਟਿਕਿਆ ਜੋ ਕੈਲੇਫੋਰਨੀਆਂ ਦੇ ਸ਼ਹਿਰਾਂ ਸਟਾਕਟਨ ਅਤੇ ਸੈਕਰੇਸੈਂਟਰੋ ਦੇ ਸੰਨ੍ਹ ਵਿਚ ਸੀ। ਮੰਨਿਆ ਜਾਂਦਾ ਹੈ ਕਿ ਬਾਬਾ ਜਵਾਲਾ ਸਿੰਘ ਨੇ ਉਸ ਨੂੰ ਆਪਣਾ ਧਰਮ ਦਾ ਪੁੱਤਰ ਬਣਾ ਲਿਆ ਸੀ। ਵੈਸੇ ਤਾਂ ਭਾਈ ਸੰਤੋਖ ਸਿੰਘ ਦੇ ਬਾਪ ਦਾ ਨਾਂ ਵੀ ਜਵਾਲਾ ਸਿੰਘ ਸੀ ਪਰ ਉਹ ਧਰਦਿਉ ਪਿੰਡ ਦਾ ਸੀ ਜਦਕਿ ਬਾਬਾ ਜਵਾਲਾ ਸਿੰਘ ਦਾ ਪਿੰਡ ਠੱਠੀਆਂ ਸੀ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਵਿਦੇਸ਼ ਆਉਣ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਦੀ ਸ਼ਾਦੀ ਹੋ ਚੁੱਕੀ ਸੀ। ਲੜਕਾ ਵੀ ਉਸ ਦੇ ਵਿਦੇਸ਼ ਆਉਣ ਤੋਂ ਪਹਿਲਾਂ ਹੀ ਹੋ ਚੁੱਕਾ ਸੀ। ਕਹਿਣ ਤੋਂ ਭਾਵ ਇਥੇ ਇਹ ਹੈ ਕਿ ਉਸ ਦੇ ਅਮਰੀਕਾ ਆਉਣ ਤੋਂ ਪਹਿਲਾਂ ਉਸ ਦਾ ਆਪਣਾ ਪਰਿਵਾਰ ਬਣ ਚੁੱਕਾ ਸੀ। ਇਥੇ ਆ ਕੇ ਕਿਸੇ ਵਿਦਰੋਹ ਦਾ ਅੰਗ ਬਣਨਾ ਉਸ ਦੇ ਆਪਣੇ ਲਈ ਹੀ ਨਹੀਂ ਸਗੋਂ ਮਾਪਿਆਂ, ਉਸ ਦੀ ਬੀਵੀ ਅਤੇ ਬੱਚੇ ਲਈ ਔਕੜਾਂ ਪੈਦਾ ਕਰ ਸਕਦਾ ਸੀ। ਗ੍ਰਾਮਸ਼ੀ ਲਈ ਵੀ ਇਹ ਚੁਣੌਤੀ ਆ ਬਣੀ ਸੀ ਜੋ ਸੋਵੀਅਤ ਰੂਸ ਤੋਂ ਇਕ ਮੁਟਿਆਰ ਵਿਆਹ ਲਿਆਇਆ ਸੀ। ਉਸ ਦੇ ਦੋ ਬੇਟੇ ਹੋਏ, ਛੋਟਾ ਉਸ ਦੇ ਜੇਲ੍ਹ ਜਾਣ ਤੋਂ

ਮਗਰੋਂ ਜਿਸ ਦਾ ਉਹ ਜਿਉਂਦੇ ਜੀਅ ਮੂੰਹ ਵੀ ਨਹੀਂ ਸੀ ਦੇਖ ਸਕਿਆ।

? : ਸੁਣਿਆ ਗਦਰ ਲਹਿਰ ਦੀ ਬੁਨਿਆਦ ਬੰਨਣ ਵਿਚ ਬਾਬਿਆਂ ਦੇ ਇਸ ਫਾਰਮ ਦਾ ਬੜਾ ਨਿੱਗਰ ਹੱਥ ਸੀ। ਕਿਸ ਪ੍ਰਕਾਰ ਦਾ ਯੋਗਦਾਨ ਸੀ ਜਿਸ ਦੇ ਆਧਾਰ 'ਤੇ ਇਹ ਕਿਹਾ ਜਾਂਦਾ ਹੈ?

– ਬਾਬਾ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਦੇ ਯਤਨਾਂ ਨਾਲ 1912 ਵਿਚ ਗਦਰ ਲਹਿਰ ਦੀ ਨੀਂਹ ਰੱਖ ਦਿਤੀ ਗਈ ਸੀ। ਇਸ ਦਾ ਮੁੱਖ ਕੇਂਦਰ, ਜਿਸ ਨੂੰ ਗਦਰ ਆਸ਼ਰਮ ਦਾ ਨਾਂ ਦਿਤਾ ਗਿਆ, ਸਾਨਫਰਾਂਸਿਸਕੋ ਵਿਚ ਸੀ ਜਿੱਥੇ ਠਹਿਰਣ ਅਤੇ ਆਉਣ ਜਾਣ ਵਾਲੇ ਕਾਰਕੁਨਾਂ ਲਈ ਖੁਰਾਕ ਇਥੋਂ ਹੀ ਪਹੁੰਚਦੀ ਸੀ। ਨਿਰਸੰਦੇਹ ਨੌਜਵਾਨ ਹੋਣ ਕਾਰਨ ਭਾਈ ਸੰਤੋਖ ਸਿੰਘ ਇਸ ਕਾਰਜ ਨੂੰ ਨਿਭਾਉਣ ਦਾ ਸਿਰਤੋੜ ਯਤਨ ਕਰਦਾ ਹੋਵੇਗਾ। ਗਦਰੀਆਂ ਵਿਚ ਇਸ ਕਾਰਨ ਉਸ ਦੀ ਭੱਲ ਵੀ ਬਹੁਤ ਬਣ ਗਈ ਹੋਵੇਗੀ। ਇਸ ਦਾ ਪ੍ਰਮਾਣ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਜਦ ਡਾ. ਹਰਦਿਆਲ ਜੋ ਬਾਬਾ ਭਕਨਾ ਦੇ ਪ੍ਰਧਾਨ ਹੋਣ ਨਾਲ ਗਦਰ ਲਹਿਰ ਦਾ ਜਨਰਲ ਸਕੱਤਰ ਸੀ, ਗ੍ਰਿਫ਼ਤਾਰੀ ਤੋਂ ਡਰ ਕੇ ਜਰਮਨੀ ਚਲਾ ਗਿਆ ਤਾਂ ਖਾਲੀ ਹੋਈ ਉਪਾਧੀ ਲਈ ਭਾਈ ਸੰਤੋਖ ਸਿੰਘ ਨੂੰ ਚੁਣਿਆ ਗਿਆ। ਅਗਲੇ ਦਸ ਸਾਲ, ਰੂਸ ਨੂੰ ਚੱਲਣ ਤਕ ਉਹ ਇਹ ਜ਼ਿੰਮੇਵਾਰੀ ਬੜੀ ਯੋਗਤਾ ਨਾਲ ਨਿਭਾਉਂਦਾ ਰਿਹਾ। ਉਸ ਦੇ ਕਾਰਜ ਦੀ ਇਹ ਤੁਲਨਾ ਗਦਰ ਦੇ ਵਾਪਰਣ ਤੋਂ ਪਹਿਲਾਂ ਉਸ ਖਾਦ ਨਾਲ ਕੀਤੀ ਜਾ ਸਕਦੀ ਹੈ ਜੋ ਬਿਜਾਈ ਤੋਂ ਪਹਿਲਾਂ ਫਸਲ ਦੇ ਉੱਗਣ ਅਤੇ ਪ੍ਰਵਾਨ ਚੜ੍ਹਨ ਲਈ ਬਹੁਤ ਜ਼ਰੂਰੀ ਹੁੰਦੀ ਹੈ। ਗਦਰ ਅਸਫਲ ਰਹਿ ਜਾਣ ਤੋਂ ਮਗਰੋਂ ਇਹ ਕਾਰਵਾਈ ਉਸ ਕਿਸਾਨ ਦੀ ਬਣ ਗਈ ਜਿਸ ਨੇ ਧਾੜਵੀਆਂ ਤੋਂ ਫਸਲ ਦੀ ਰਖਵਾਲੀ ਵੀ ਕਰਨੀ ਹੁੰਦੀ ਹੈ।

? : ਹੋਰ ਕਿਹੜੀ ਸੰਸਥਾ ਸੀ ਜਿਸ ਦਾ ਯੋਗਦਾਨ ਇਸ ਫਾਰਮ ਦੇ ਤੁਲ ਜਾਂ ਇਸ ਦਾ ਪੂਰਕ ਕਿਹਾ ਜਾ ਸਕਦਾ ਹੈ?

– ਉਹ ਸੀ ਸਟਾਕਟਨ ਦਾ ਗੁਰਦੁਆਰਾ ਜਿਥੇ ਹਰ ਵਰਗ, ਜਾਤ ਅਤੇ ਧਰਮ ਦੇ ਬੰਦੇ ਆ ਜਾ ਸਕਦੇ ਸਨ। ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਗੋਰਿਆਂ ਸਮੇਤ ਹਰੇਕ ਨੂੰ ਉਥੇ ਹਾਜ਼ਰੀ ਲੁਆਣ ਲਈ ਪ੍ਰੇਰਿਆ ਜਾਂਦਾ ਸੀ। ਇਸੇ ਮੰਤਵ ਲਈ ਸੰਗਤ ਦੇ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਸੀ ਜੋ ਗੋਰਿਆਂ ਨੂੰ ਤਾਂ ਖਾਸ ਕਰ ਕੇ ਬਹੁਤ ਸੁਖਾਵਾਂ ਪ੍ਰਤੀਤ ਹੁੰਦਾ ਸੀ। ਇਸ ਤੋਂ ਇਹ ਵੀ ਸਿੱਧ ਹੋ ਜਾਂਦਾ ਸੀ ਕਿ ਗਦਰੀ ਜੋ ਵੱਡੀ ਗਿਣਤੀ ਵਿਚ ਸਿੱਖ ਸਨ, ਮੂਲ ਰੂਪ ਵਿਚ ਉਦਾਰ ਚਿੱਤ ਅਤੇ ਮਾਨਵਵਾਦੀ ਬੰਦੇ ਸਨ। ਗੁਰੂ ਗੋਬਿੰਦ ਸਿੰਘ ਤੋਂ ਚੱਲ ਕੇ ਵੱਡੇ ਘਲੂਘਾਰੇ ਤਕ ਦੇ ਸਿੱਖ ਇਤਿਹਾਸ ਦੀ ਪ੍ਰੇਰਣਾ ਉਨ੍ਹਾਂ ਦੇ ਅੰਗ ਅੰਗ ਵਿਚ ਰਲੀ ਹੋਈ ਸੀ। ਸਿੱਖ ਮੱਤ ਦੇ ਜੋ ਅਧਿਆਤਮਕ ਪੱਖ ਉਨ੍ਹਾਂ ਨੂੰ ਇਸ ਉਦਾਰ ਚਿਤ ਅਤੇ

ਮਾਨਵਵਾਦੀ ਅਨੁਭਵ ਤੋਂ ਦੂਰ ਲਿਜਾ ਸਕਦੇ ਸਨ, ਉਨ੍ਹਾਂ ਨਾਲ ਇਨ੍ਹਾਂ ਗਦਰੀਆਂ ਦਾ ਕੋਈ ਸਰੋਕਾਰ ਨਹੀਂ ਸੀ। ਪਿੰਡਾਂ ਵਿਚ ਜਨਮੇ, ਕਿਸਾਨੀ ਪਰਿਵਾਰਾਂ ਵਿਚ ਪਲੇ, ਧਰਮ ਬਾਰੇ ਸਰਲ ਜਿਹੀ ਜਾਣਕਾਰੀ ਰੱਖਣ ਵਾਲੇ, ਉਹ ਵਧੇਰੇ ਕਰਕੇ ਨੌਜਵਾਨ ਉਮਰ ਦੇ, ਆਪਣੀਆਂ ਸੀਮਾਵਾਂ ਤੋਂ ਪਾਰ ਉਠ ਗਏ ਸਨ।

? : ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਮਹੀਨਾ ਕੁ ਮਗਰੋਂ ਗਦਰੀਆਂ ਨੇ ਭਾਰਤ ਜਾ ਕੇ ਪੰਜਾਬ ਪਹੁੰਚਣਾ ਆਰੰਭ ਕਰ ਦਿਤਾ ਸੀ। ਪਹਿਲਾਂ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨਾਲ ਗਿਆ ਅਤੇ ਫਿਰ ਬਾਬਾ ਸੋਹਣ ਸਿੰਘ ਭਕਨਾ। ਜਲਦੀ ਹੀ ਇਹ ਚਾਰ ਸੌ ਤੋਂ ਵੱਧ ਦੀ ਗਿਣਤੀ ਵਿਚ ਕੈਦ ਕਰ ਲਏ ਗਏ ਅਤੇ ਫਾਂਸੀ, ਕਾਲਾਪਾਣੀ, ਉਮਰ ਕੈਦ, ਜਾਇਦਾਦ ਦੀ ਕੁਰਕੀ ਅਤੇ ਹਰ ਤਰ੍ਹਾਂ ਦੇ ਕਲੇਸ਼ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੁਝ ਨਾ ਮਿਲਿਆ। ਇਨ੍ਹਾਂ ਵਿਚ ਭਾਈ ਸੰਤੋਖ ਸਿੰਘ ਦਾ ਨਾਮ ਕਿੱਧਰੇ ਨਹੀਂ ਆਉਂਦਾ ? ਉਸ ਦਾ ਇਸ ਕੁਲ ਸਮਾਚਾਰ ਵਿਚ ਕੀ ਯੋਗਦਾਨ ਸੀ?

– ਭਾਈ ਸੰਤੋਖ ਸਿੰਘ ਦੇ ਜ਼ਿੰਮੇ ਸਿੰਘਾਪੁਰ ਜਾ ਕੇ ਉਥੇ ਫੌਜ ਅਤੇ ਪੁਲੀਸ ਆਦਿ ਵਿਚ ਨੌਕਰੀ ਕਰਦੇ ਪੰਜਾਬੀਆਂ ਨੂੰ ਗਦਰ ਵਿਚ ਭਾਗ ਲੈਣ ਲਈ ਪ੍ਰੇਰਨਾ ਸੀ। ਉਹ ਉਥੇ ਦਾ ਜੰਮਪਲ ਸੀ ਅਤੇ ਬਚਪਨ ਵੀ ਉਸ ਦਾ ਉਥੇ ਗੁਜ਼ਰਿਆ ਸੀ। ਉਥੇ ਉਸ ਨੂੰ ਆਪਣੇ ਕਾਰਜ ਵਿਚ ਕਾਫੀ ਸਫਲਤਾ ਵੀ ਮਿਲੀ। ਇਕ ਵਾਰ ਤਾਂ ਇਉਂ ਲੱਗਣ ਲੱਗਾ ਕਿ ਸਿੰਘਾਪੁਰ ਦਾ ਰਾਜ ਪਾਟ ਬਦਲ ਜਾਵੇਗਾ। ਪਰ ਹਫਤੇ ਵਿਚ ਹੀ ਹਿਲਚੁਲ ’ਤੇ ਕਾਬੂ ਪਾ ਲਿਆ ਗਿਆ। ਭਾਈ ਸੰਤੋਖ ਸਿੰਘ ਉਥੋਂ ਬਚ ਜਾਣ ਵਿਚ ਸਫਲ ਰਿਹਾ ਅਤੇ ਪੂਰਬੀ ਏਸ਼ੀਆ ਦੇ ਹੋਰ ਦੇਸ਼ਾਂ, ਮਲਾਇਆ, ਥਾਈਲੈਂਡ ਆਦਿ ਤੋਂ ਹੁੰਦਾ ਹੋਇਆ ਅਮਰੀਕਾ ਪਹੁੰਚ ਗਿਆ। ਪੂਰਬੀ ਏਸੀਆ ਦੇ ਇਨ੍ਹਾਂ ਦੇਸ਼ਾਂ ਵਿਚ ਵੀ ਉਹ ਰਾਜਸੀ ਗਤੀਵਿਧੀ ਵਿਚ ਜੁਟਿਆ ਰਿਹਾ। ਇਹ ਵੱਡੀ ਗੱਲ ਸੀ ਕਿ ਉਹ ਪਕੜੇ ਜਾਣ ਤੋਂ ਬਚਿਆ ਰਿਹਾ।

? : ਫਿਰ ਜਿਹੜੇ ਬਸਤੀਵਾਦੀ ਰਾਜ ਵਿਰੁੱਧ ਵਿਦਰੋਹ ਕਰਨ ਦੀ ਸਾਜ਼ਸ਼ ਦੇ ਮੁਕੱਦਮੇ ਚਲੇ ਉਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਆਦਿ 42 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਮਿਲੀ। ਬਾਬਾ ਭਕਨਾ ਸਮੇਤ 114 ਨੂੰ ਕਾਲਾਪਾਣੀ ਦੀ ਤੇ ਉਮਰ ਕੈਦ, 93 ਜਣਿਆ ਨੂੰ ਕੁਝ ਵਰ੍ਹਿਆਂ ਦੀ ਕੈਦ। ਕੀ ਭਾਈ ਸੰਤੋਖ ਸਿੰਘ ਦਾ ਨਾਮ ਵੀ ਕਿਸੇ ਮੁਕੱਦਮੇ ਵਿਚ ਆਇਆ? ਉਸ ਨੂੰ ਵੀ ਕੋਈ ਸਜ਼ਾ ਹੋਈ?

– ਬਸਤੀਵਾਦੀ ਰਾਜ ਵਿਰੁੱਧ ਸਾਜ਼ਿਸ਼ ਦੇ ਮੁਕੱਦਮੇ ਕਈ ਸ਼ਹਿਰਾਂ ਵਿਚ ਚਲੇ। ਉਨ੍ਹਾਂ ਵਿਚੋਂ ਸਭ ਤੋਂ ਹੌਲਨਾਕ ਤਾਂ, ਲਾਹੌਰ ਸਾਜ਼ਸ਼ ਮੁਕੱਦਮਾ ਸੀ ਜੋ ਨਾ ਵਕੀਲ, ਨਾ ਦਲੀਲ ਨਾ ਅਪੀਲ’ ਕਿਸੇ ਗੱਲ ਨੂੰ ਪਾਬੰਦ ਨਹੀਂ ਸੀ,

ਸਿਵਾਏ ਕਠੋਰ ਸਜ਼ਾਵਾਂ ਦੇਣ ਦੇ, ਜਿਸ ਵਿਚ ਸਭ ਤੋਂ ਕਠੋਰ ਸੀ ਫਾਂਸੀ ਦੀ ਸਜ਼ਾ ਜਿਸ ਨੂੰ ਕਰਤਾਰ ਸਿੰਘ ਸਰਾਭਾ ਆਦਿ ਨੇ ਵੰਗਾਰ ਵਜੋਂ ਕਬੂਲ ਕੀਤਾ। ਇਸੇ ਤਰ੍ਹਾਂ ਸਿੰਘਾਪੁਰ ਸਾਜ਼ਸ਼ ਮੁਕੱਦਮਾ ਸੀ ਅਤੇ ਅਮਰੀਕਾ ਵਿਚ ਸਾਨਫਰਾਂਸਿਸਕੋ ਸਾਜ਼ਸ਼ ਮੁਕੱਦਮਾ ਜਿਸ ਵਿਚ ਭਾਈ ਸੰਤੋਖ ਸਿੰਘ ਨੂੰ ਦੋਸ਼ੀ ਪਾਇਆ ਗਿਆ। ਅਪ੍ਰੈਲ 1918 ਵਿਚ ਸੁਣਾਏ ਗਏ ਫੈਸਲੇ ਅਨੁਸਾਰ ਉਸ ਨੂੰ ਪੌਣੇ ਦੋ ਸਾਲ ਦੀ ਸਜ਼ਾ ਹੋਈ।

? : ਗਦਰ ਰਾਹੀਂ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਇਸ ਹੀਲੇ ਦੇ ਫੇਲ ਹੋ ਜਾਣ ਕਾਰਨ ਇਸ ਖਾਤਰ ਅਮਰੀਕਾ ਵਿਚ ਬਣਾਈ ਸੰਸਥਾ ਦਾ ਕੀ ਬਣਿਆ? ਕੀ ਇਹ ਪਹਿਲਾਂ ਮਿੱਥੇ ਉਦੇਸ਼ ਨਾਲ ਜੁੜੀ ਰਹੀ?

– ਬਾਬਾ ਭਕਨਾ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਵਰਗੇ ਸਮਰੱਥ ਨੇਤਾਵਾਂ ਦੇ ਅਮਰੀਕਾ ਤੋਂ ਚਲੇ ਜਾਣ ਮਗਰੋਂ ਇਸ ਸੰਸਥਾ ’ਤੇ ਗਲਤ ਅਨਸਰਾਂ ਦਾ ਕਬਜ਼ਾ ਹੋ ਗਿਆ। ਰਾਮ ਚੰਦਰ ਨਾਮ ਦਾ ਬੰਦਾ ਇਸ ਦਾ ਪ੍ਰਧਾਨ ਬਣ ਬੈਠਾ ਜਿਸ ਨੇ ਮਾਇਕ ਤੌਰ ’ਤੇ ਕਈ ਘਪਲੇ ਕੀਤੇ। ਸੰਸਥਾ ਨੂੰ ਇਸ ਦੇ ਉਦੇਸ਼ ਤੋਂ ਉਖਾੜ ਦੇਣ ਦਾ ਵੀ ਉਪਰਾਲਾ ਕੀਤਾ। ਇਸ ਪ੍ਰਸਥਿਤੀ ਵਿਚ ਭਾਈ ਸੰਤੋਖ ਸਿੰਘ ਨੇ ਬੜੀ ਸੂਝ ਅਤੇ ਦਲੇਰੀ ਤੋਂ ਕੰਮ ਲਿਆ। ਨਿਰਾਸ਼ ਹੋ ਗਏ ਗਦਰੀਆਂ ਨੂੰ ਸੁਚੇਤ ਕਰ ਕੇ ਰਾਮ ਚੰਦਰ ਦੇ ਘਪਲਿਆਂ ਨੂੰ ਬੇਪਰਦ ਕੀਤਾ। ਉਸ ਨੂੰ ਪ੍ਰਧਾਨਗੀ ਦੇ ਪਦ ਤੋਂ ਲਾਹ ਕੇ ਭਾਈ ਭਗਵਾਨ ਸਿੰਘ ਨੂੰ ਇਹ ਜ਼ਿੰਮੇਵਾਰੀ ਲੈਣ ਲਈ ਕਾਇਲ ਕੀਤਾ। ਨਵੀਂ ਪ੍ਰਸਥਿਤੀ ਵਿਚ ਸੰਸਥਾ ਨੂੰ ਪਹਿਲੇ ਉਦੇਸ਼ ਨਾਲ ਜੋੜੇ ਰੱਖਣ ਵਿਚ ਵੱਡਾ ਯੋਗਦਾਨ ਪਾਇਆ। ਇਸ ਵਿਚ ਉਸ ਦਾ ਕੋਈ ਜਾਤੀ ਹਿੱਤ ਨਹੀਂ ਸੀ। ਇਸ ਦਾ ਸਭ ਨੂੰ ਨਿਸਚਾ ਹੋ ਗਿਆ। ਧੜੇਬੰਦੀ ਕੁੱਝ ਦੇਰ ਤਾਂ ਚਲਦੀ ਰਹੀ ਪਰ ਫੇਰ ਖ਼ਤਮ ਹੋ ਗਈ। ਪਹਿਲਾਂ ਵਾਲਾ ਜੋਸ਼ ਤਾਂ ਨਾ ਰਿਹਾ ਪਰ ਨਵੀਂ ਹੋਸ਼ ਲਈ ਪ੍ਰਸਥਿਤੀ ਵੱਤਰ ਹੋਣ ਲੱਗ ਪਈ।

? : ਹੋਰ ਵੀ ਕੋਈ ਗਲਤ ਰੁਝਾਣ ਸੀ ਜਿਸ ਤੋਂ ਇਸ ਸੰਸਥਾ ਨਾਲ ਜੁੜੇ ਬੰਦਿਆਂ ਨੂੰ ਸੁਚੇਤ ਰਹਿਣ ਲਈ ਪ੍ਰੇਰਿਆ ਗਿਆ?

– ਇਸ ਤਰ੍ਹਾਂ ਦਾ ਰੁਝਾਣ ਵੀ ਸੀ, ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਭਾਰਤ ਵਾਸੀ ਦੀ ਹੱਤਿਆ ਜਿਸ ਨੇ ਗਦਰ ਪ੍ਰਤੀ ਵਿਰੋਧ ਦਰਸਾਇਆ ਹੋਵੇ। ਉਸ ਦੇ ਨਿਰਲੇਪ ਰਹਿਣ ਨੂੰ ਵੀ ਇਸੇ ਕੋਟੀ ਵਿਚ ਰੱਖਿਆ ਜਾ ਸਕਦਾ ਸੀ, ਜਿਸ ਦਾ ਵੇਰਵਾ ਕੁਝ ਸਾਲ ਪਹਿਲਾਂ ਆਕਸਫੋਰਡ ਪ੍ਰੈੱਸ ਲੰਡਨ ਤੋਂ ਛਪੀ ਕਿਤਾਬ ਵਿਚ ਦਰਜ ਹੈ। ਇਹ ਰਬਿੰਦਰਨਾਥ ਟੈਗੋਰ ਦੇ ਖਤਾਂ ਦਾ ਸੰਗ੍ਰਹਿ ਹੈ ਜਿਸ ਦੀ ਭੂਮਿਕਾ ਨੋਬਲ ਇਨਾਮ ਜੇਤੂ ਡਾ. ਅਮਰਤਿਯਾ ਸੇਨ ਦੀ ਲਿਖੀ ਹੋਈ ਹੈ। ਇਸ ਵੇਰਵੇ ਅਨੁਸਾਰ ਨੋਬਲ ਇਨਾਮ ਪ੍ਰਾਪਤ ਕਰਨ ਤੋਂ ਉਪਰੰਤ ਰਬਿੰਦਰ ਨਾਥ ਟੈਗੋਰ ਅਮਰੀਕਾ ਦੀ ਯਾਤਰਾ ’ਤੇ ਆਇਆ ਹੋਇਆ ਸੀ। 1916 ਦਾ ਇਹ ਸਾਲ ਸੀ ਅਤੇ ਉਹ ਸਾਨਫਰਾਂਸਿਸਕੋ ਦੇ

ਕਿਸੇ ਹੋਟਲ ਵਿਚ ਠਹਿਰਿਆ ਹੋਇਆ ਸੀ। ਇਕ ਦਿਨ ਜਦੋਂ ਉਹ ਅਜੇ ਆਪਣੇ ਕਮਰੇ ਤੋਂ ਬਾਹਰ ਨਹੀਂ ਸੀ ਆਇਆ ਤਾਂ ਉਸ ਨੂੰ ਸਾਵਧਾਨ ਕੀਤਾ ਗਿਆ ਕਿ ਹੇਠਾ ਮੁੱਖ ਦੁਆਰ 'ਤੇ ਤਿੰਨ ਪੰਜਾਬੀ ਬੰਦੇ ਉਸ ਨੂੰ ਮਿਲਣ ਆਏ ਹੋਏ ਸਨ। ਉਨ੍ਹਾਂ ਵਿਚੋਂ ਇਕ ਟੈਗੋਰ ਦੀ ਹੱਤਿਆ ਕਰਨ ਦੀ ਧਮਕੀ ਦੇ ਰਿਹਾ ਸੀ, ਜਦਕਿ ਦੂਜੇ ਦੋ ਉਸ ਨੂੰ ਸ਼ਾਂਤ ਕਰਨ ਵਿਚ ਲੱਗੇ ਹੋਏ ਸਨ। ਇਸ ਸਾਵਧਾਨੀ ਦੇ ਬਾਵਜੂਦ ਕਿ ਉਹ ਹੇਠਾਂ ਨਾ ਆਵੇ ਟੈਗੋਰ ਨੇ ਹੇਠਾਂ ਆਉਣ ਦਾ ਸਾਹਸ ਕੀਤਾ। ਉਸ ਦਾ ਕਹਿਣਾ ਸੀ ਕਿ ਜੇ ਕੋਈ ਭਾਰਤ ਵਾਸੀ ਉਸ ਦੀ ਹੱਤਿਆ ਕਰਨਾ ਚਾਹੁੰਦਾ ਸੀ ਤਾਂ ਭਾਵੇਂ ਕਰ ਲਵੇ। ਜਦ ਉਹ ਹੇਠਾਂ ਆਇਆ, ਮੁੱਖ ਦੁਆਰ 'ਤੇ ਗਿਆ ਤਾਂ ਉਸ ਨੂੰ ਦਸਿਆ ਗਿਆ ਕਿ ਤੈਸ਼ ਵਿਚ ਆਏ ਪੰਜਾਬੀ ਨੂੰ ਉਸ ਦੇ ਦੋਨੋਂ ਸਾਥੀ ਖਿੱਚ ਕੇ ਲੈ ਗਏ ਸਨ। ਮੇਰਾ ਅਨੁਮਾਨ ਬਣਦਾ ਹੈ ਕਿ ਇਹ ਦੋਨੋ ਪੰਜਾਬੀ ਜ਼ਰੂਰ ਭਾਈ ਸੰਤੋਖ ਸਿੰਘ ਦੇ ਸਹਿਯੋਗੀ ਸਨ, ਜਿਨ੍ਹਾਂ ਤੀਜੇ ਪੰਜਾਬੀ ਨੂੰ ਜੋ ਗਦਰ ਦੇ ਉਦੇਸ਼ ਤੋਂ ਭਟਕ ਗਿਆ ਸੀ, ਉਹ ਕਾਰਾ ਨਾ ਕਰਨ ਦਿਤਾ ਜਿਸ ਦਾ ਦਾਗ ਸਦਾ ਲਈ ਗਦਰੀਆਂ ਦੇ ਸਿਰ ਲੱਗ ਜਾਣਾ ਸੀ। ਰਬਿੰਦਰ ਨਾਥ ਟੈਗੋਰ ਭਾਰਤ ਦਾ ਨਹੀਂ ਏਸ਼ੀਆ ਦਾ ਪਹਿਲਾ ਲੇਖਕ ਸੀ ਜਿਸ ਨੂੰ ਸਾਹਿਤ ਦਾ ਨੋਬਲ ਇਨਾਮ ਮਿਲਿਆ। ਗਦਰੀਆਂ ਪ੍ਰਤੀ ਤਾਂ ਉਹ ਨਿਰਲੇਪ ਰਿਹਾ ਸੀ ਪਰ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਉਪਰੰਤ ਉਸ ਨੇ ਅੰਗਰੇਜ਼ ਸਰਕਾਰ ਵਲੋਂ ਦਿਤਾ ਗਿਆ ਸਰ' ਦਾ ਖਿਤਾਬ ਮੋੜ ਦਿਤਾ ਸੀ। ਭਾਰਤ ਦੇ ਹਰ ਖੇਤਰ ਲਈ ਉਹ ਜਾਗ੍ਰਿਤੀ ਦਾ ਚਾਨਣ ਮੁਨਾਰਾ ਸੀ।

? : ਭਾਈ ਸੰਤੋਖ ਸਿੰਘ ਦੇ ਰੂਸ ਜਾਣ ਦਾ ਸਬੱਬ ਕਿਵੇਂ ਬਣਿਆ? ਕਿਹਾ ਜਾਂਦਾ ਹੈ ਕਿ ਜਦੋਂ ਉਹ ਜੇਲ੍ਹ ਵਿਚ ਬੰਦ ਸੀ ਤਾਂ ਉਸ ਦਾ ਸੰਪਰਕ ਕਿਸੇ ਮਾਰਕਸੀ ਵਿਚਾਰਾਂ ਵਾਲੇ ਬੰਦੇ ਨਾਲ ਹੋ ਗਿਆ ਜਿਸ ਨੇ ਉਸ ਨੂੰ ਗਦਰ ਦੀ ਅਸਫਲਤਾ ਦੇ ਕਾਰਨਾਂ ਨੂੰ ਘੋਖ ਕੇ ਬਦਲਵੀਂ ਰਾਜਸੀ ਨੀਤੀ ਦੀ ਭਾਲ ਵਿਚ ਸੋਵੀਅਤ ਰੂਸ ਜਾਣ ਲਈ ਸਹਿਮਤ ਕਰ ਦਿਤਾ। ਇਸ ਪ੍ਰਸੰਗ ਬਾਰੇ ਵਿਸਥਾਰ ਨਾਲ ਦੱਸੋ।

– ਮੇਰੇ ਵਿਚਾਰ ਵਿਚ ਗਦਰ ਦੇ ਅਸਫਲ ਰਹਿ ਜਾਣ ਉਪਰੰਤ ਬਦਲਵੀਂ ਰਾਜਸੀ ਨੀਤੀ ਦੀ ਭਾਲ ਕਰਨ ਦੀ ਤਾਂਘ ਉਸ ਦੇ ਅਡੋਲ ਮਨ ਦੇ ਧੁਰ ਅੰਦਰੋਂ ਹੀ ਉਠੀ ਹੋਵੇਗੀ। ਉਸ ਨੇ ਅਨੁਭਵ ਕਰ ਲਿਆ ਹੋਵੇਗਾ ਕਿ ਜਿਸ ਪ੍ਰਕਾਰ, ਜੋਸ਼ ਨਾਲ ਓਤਪੋਤ ਹੋ ਕੇ ਅਤੇ ਹੋਸ਼ ਨੂੰ ਲੋੜੀਂਦਾ ਮਹੱਤਵ ਨਾ ਦੇ ਕੇ ਉਨ੍ਹਾਂ ਗਦਰ ਫੈਲਾਉਣ ਦਾ ਉਪਰਾਲਾ ਕੀਤਾ ਉਸ ਦੇ ਨਾ ਸਮਾਂ ਨਾ ਸਥਾਨ ਅਨੁਕੂਲ ਸੀ। ਹਜ਼ਾਰਾਂ ਮੀਲ ਦੂਰ ਤੋਂ ਹਥਿਆਰ ਲਿਜਾ ਕੇ ਅਜਿਹਾ ਕਰਨ ਦੇ ਸਾਹਸ ਦੀ ਕਦਰ ਕਰਨੀ ਤਾਂ ਬਣਦੀ ਸੀ, ਪਰ ਇਸ ਦੇ ਤਰਕ ਨੂੰ ਯੋਗ ਨਹੀਂ ਸੀ ਸਮਝਿਆ ਜਾ ਸਕਦਾ, ਜਿਸ ਜਰਮਨ ਸਰਕਾਰ ਤੋਂ ਹਥਿਆਰ ਲੈ ਕੇ ਗਦਰ ਕਰਨ ਦਾ ਜੁਗਾੜ ਕੀਤਾ ਗਿਆ ਉਹ ਆਪ

ਬਸਤੀਵਾਦ ਦੀ ਨੀਤੀ 'ਤੇ ਚਲਦੀ ਸੀ। ਅੰਗਰੇਜ਼ ਸਰਕਾਰ ਲਈ ਉਹ ਔਕੜਾਂ ਪੈਦਾ ਕਰਨ 'ਤੇ ਤਾਂ ਤੁਲੀ ਹੋਈ ਸੀ ਪਰ ਭਾਰਤ ਦੇ ਸੁਤੰਤਰ ਹੋਣ ਦੀ ਹਾਮੀ ਨਹੀਂ ਸੀ ਭਰ ਸਕਦੀ। ਉਸ ਸਮੇਂ ਭਾਰਤਵਾਸੀ, ਪੰਜਾਬੀਆਂ ਸਮੇਤ, ਗਫਲਤ ਦੀ ਨੀਂਦ ਸੁੱਤੇ ਹੋਏ ਸਨ। ਟਾਵੇਂ ਟਾਵੇਂ ਹੀ ਸਨ ਜਿਨ੍ਹਾਂ ਨੂੰ ਦੇਸ਼ ਦੇ ਸੁਤੰਤਰ ਹੋ ਜਾਣ ਦੀ ਉਮੰਗ ਨੇ ਗ੍ਰਸਿਆ ਹੋਇਆ ਸੀ। ਉਨ੍ਹਾਂ ਵਿਚ ਪ੍ਰਥਮ ਸਥਾਨ ਗਦਰੀਆਂ ਦਾ ਬਣਦਾ ਸੀ ਪਰ ਉਹ ਸਮੂਹ ਭਾਰਤਵਾਸੀਆਂ ਅਤੇ ਪੰਜਾਬੀਆਂ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਦੇ ਸਨ। ਭਵਿੱਖ ਵਿਚ ਇਸ ਸਫਲਤਾ ਨੂੰ ਯਕੀਨੀ ਬਣਾਉਣ ਲਈ ਜਨਤਾ ਨੂੰ ਜਾਗ੍ਰਿਤ ਕਰਨ ਦੀ ਲੋੜ ਸੀ ਜੋ ਬਦਲਵੀਂ ਰਾਜਸੀ ਨੀਤੀ ਅਪਣਾਉਣ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਣਾ।

? : ਫੇਰ ਵੀ ਜੋ ਇਹ ਧਾਰਨਾ ਬਣੀ ਹੋਈ ਹੈ ਕਿ ਉਸ ਦਾ ਸੰਪਰਕ ਕਿਸੇ ਮਾਰਕਸੀ ਸੋਚ ਵਾਲੇ, ਸੋਵੀਅਤ ਰੂਸ ਦੇ ਹਿਤੈਸ਼ੀ ਨਾਲ ਹੋਇਆ, ਉਸ ਵਿਚ ਕੁਝ ਸੱਚ ਤਾਂ ਜ਼ਰੂਰ ਹੋਵੇਗਾ। ਤੁਹਾਡਾ ਕੀ ਵਿਚਾਰ ਹੈ?

– ਉਸ ਪ੍ਰਸਥਿਤੀ ਵਿਚ, ਜਦ ਇਤਿਹਾਸਕ ਆਕਾਰ ਦੀ ਘੋਰ ਅਸਫਲਤਾ ਨੇ ਕਿਸੇ ਵਿਅਕਤੀ ਨੂੰ ਨਕਾਰਾ ਕਰ ਦਿਤਾ ਹੋਵੇ, ਜਾਤੀ ਦੁੱਖ ਕਲੇਸ਼ ਤੋਂ ਉਪਰ ਉਠ ਕੇ ਵੀ ਉਸ ਨੂੰ ਕੋਈ ਰਾਹ ਨਾ ਮਿਲਦਾ ਹੋਵੇ ਤਾਂ ਕਿਸੇ ਹਿਤੈਸ਼ੀ ਦੇ ਸੰਪਰਕ ਨਾਲੋਂ ਕੋਈ ਲਿਖਤ ਉਸ ਲਈ ਵਧੇਰੇ ਪਥ ਪ੍ਰਦਰਸ਼ਕ ਸਿੱਧ ਹੋ ਸਕਦੀ ਹੈ। ਹੁੰਦੀ ਤਾਂ ਉਹ ਵੀ ਕਿਸੇ ਲੇਖਕ ਦੀ ਕਿਰਤ ਹੈ ਪਰ ਉਸ ਵਿਚ ਰੰਗ ਉਸ ਦੀ ਕਲਪਨਾ, ਸੂਝ, ਸੋਝੀ ਅਤੇ ਸ਼ੈਲੀ ਨੇ ਬੰਨ੍ਹਿਆ ਹੁੰਦਾ ਹੈ, ਉਹ ਇਕ ਪ੍ਰਕਾਰ ਦੀ ਤਲਿਸਮੀ ਲਿਖਤ ਬਣ ਜਾਂਦੀ ਹੈ। ਰੂਸੀ ਕ੍ਰਾਂਤੀ ਬਾਰੇ ਅਜਿਹੀ ਹੀ ਲਿਖਤ ਸੀ ਜੋ 1917 ਵਿਚ ਛਪ ਕੇ ਲੱਖਾਂ ਬੰਦਿਆਂ ਲਈ ਆਵੇਸ ਅਤੇ ਵੰਗਾਰ ਦਾ ਕਾਰਨ ਬਣੀ ਹੋਈ ਸੀ। ਇਹ ਜੌਨ ਰੀਡ ਨਾਮੀ ਪੱਤਰਕਾਰ ਦੀ ਦਸਤਾਵੇਜ਼ ਲਿਖਤ ਸੀ, ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ।' ਜਿਸ ਵਿਚ ਲੈਨਿਨ ਦੀ ਅਗਵਾਈ ਅਧੀਨ ਰੂਸੀ ਜਨਤਾ ਨੇ ਜੋ ਕ੍ਰਾਂਤੀ ਲਿਆਂਦੀ ਉਸ ਦਾ ਬਹੁਤ ਹੀ ਨਿਕਟਵਰਤੀ ਵਰਨਣ ਸੀ। ਇਹ 1917 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਇਸ ਦੀ ਭੂਮਿਕਾ ਲੈਨਿਨ ਨੇ ਖੁਦ ਲਿਖੀ ਸੀ। ਭੂਮਿਕਾ ਵਿਚ ਲੈਨਿਨ ਨੇ ਇਸ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ ਸੀ ਅਤੇ ਰੂਸੀ ਕ੍ਰਾਂਤੀ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਇਸ ਦੇ ਪੜ੍ਹਨ ਦੀ ਪੁਰਜ਼ੋਰ ਸਿਫਾਰਸ਼ ਕੀਤੀ ਸੀ। ਲੱਖਾਂ ਦੀ ਗਿਣਤੀ ਵਿਚ ਛਪ ਕੇ ਇਹ ਕਿਤਾਬ ਧੜਾ ਧੜ ਵਿਕੀ ਸੀ। ਅਮਰੀਕਾ ਵਿਚ ਵੀ ਆਮ ਜਨਤਾ ਨੇ ਇਸ ਨੂੰ ਬਹੁਤ ਸਲਾਹਿਆ ਸੀ। ਆਪਣੇ ਦੇਸ਼ ਵਿਚ ਤਾਂ ਇਸ ਦੇ ਲੇਖਕ ਦੀ ਬਹੁਤੀ ਮਾਣਤਾ ਨਹੀਂ ਸੀ ਕਿਉਂ ਜੋ ਉਸ ਨੂੰ ਅਰਾਜਕਤਾ ਅਤੇ ਅਵਾਰਗੀ ਦਾ ਦੀਵਾਨਾ ਮੰਨਿਆ ਜਾਂਦਾ ਸੀ। ਉਹ ਕਈ ਵਾਰ ਜੇਲ ਵੀ ਗਿਆ ਸੀ ਪਰ ਇਹ ਭਾਈ ਸੰਤੋਖ

ਸਿੰਘ ਦੇ ਸਜ਼ਾ ਪਾਉਣ ਤੋਂ ਪਹਿਲਾਂ ਦੀ ਗੱਲ ਸੀ। ਵਿਸ਼ਵ ਦੇ ਸਮਾਜਵਾਦੀ ਹਲਕਿਆਂ ਵਿਚ ਉਸ ਨੂੰ ਬਹੁਤ ਸਲਾਹਿਆ ਜਾਂਦਾ ਸੀ। ਸੋਵੀਅਤ ਰੂਸ ਵਿਚ ਉਸ ਦੀ ਸਲਾਹੁਣਾ ਸਿਖਰਾਂ ਛੂੰਹਦੀ ਸੀ ਅਤੇ 1920 ਵਿਚ 37 ਸਾਲ ਦੀ ਉਮਰ 'ਚ ਜਦ ਉਸ ਦਾ ਦਿਹਾਂਤ ਹੋਇਆ ਤਾਂ ਉਸ ਨੂੰ ਕਰੈਮਲਿਨ ਦੇ ਬਾਹਰ ਉਸ ਥਾਂ ਦਫਨਾਇਆ ਗਿਆ ਜਿਥੇ ਬਾਅਦ ਵਿਚ ਲੈਨਿਨ ਤੋਂ ਬਿਨਾਂ, ਸੋਵੀਅਤ ਰੂਸ ਦੇ ਸਭ ਉਚਤਮ ਨੇਤਾ ਦਫਨਾਏ ਗਏ। ਭਾਈ ਸੰਤੋਖ ਸਿੰਘ ਨੇ ਇਹ ਲਿਖਤ ਜ਼ਰੂਰ ਪੜ੍ਹੀ ਹੋਵੇਗੀ ਜਿਸ ਤੋਂ ਉਸ ਨੂੰ ਭਾਈ ਰਤਨ ਸਿੰਘ ਅਤੇ ਇਕ ਹੋਰ ਸਹਿਯੋਗੀ ਨਾਲ ਸੋਵੀਅਤ ਰੂਸ ਪਹੁੰਚਣ ਦਾ ਉਤਸ਼ਾਹ ਮਿਲਿਆ ਹੋਵੇਗਾ। ਅਨੇਕ ਕਸ਼ਟ ਝੱਲ ਕੇ ਆਪਣੀ ਮੰਜ਼ਿਲ 'ਤੇ ਪਹੁੰਚਣ ਵਿਚ ਇਸ ਕਿਤਾਬ ਦੇ ਪਾਠ ਨੇ ਉਨ੍ਹਾਂ ਨੂੰ ਬਹੁਤ ਉਤਸ਼ਾਹ ਦਿਤਾ ਹੋਵੇਗਾ।

? ਕੋਈ ਹੋਰ ਨਿਰਾਸ਼ਾ ਦੇ ਘੋਰ ਹਨੇਰੇ ਵਿਚੋਂ ਕੱਢ ਕੇ ਆਸ ਦੀ ਮੰਜ਼ਲ ਵਲ ਲਿਜਾਣ ਵਾਲਾ ਵਿਅਕਤੀ ਜੋ ਤੁਹਾਡੇ ਦਿਮਾਗ ਵਿਚ ਆਉਂਦਾ ਹੋਵੇ?

– ਇਸ ਪ੍ਰਸੰਗ ਵਿਚ ਮੇਰਾ ਧਿਆਨ ਐਗਨਸ ਸਮੈਡਲਿ ਵਲ ਵੀ ਜਾਂਦਾ ਹੈ। ਮਾਰਕਸੀ ਵਿਚਾਰਾਂ ਨੂੰ ਪਾਬੰਦ ਉਹ ਬਹੁਤ ਚੇਤੰਨ ਅਤੇ ਦਬੰਗ ਔਰਤ ਸੀ। ਬਹੁਤ ਹੀ ਨਿਡਰ ਅਤੇ ਹਰੇਕ ਖਤਰੇ ਨੂੰ ਆਪਣੇ ਸਿਰ ਲੈਣ ਦੀ ਉਸ ਵਿਚ ਹਿੰਮਤ ਸੀ। ਲੈਨਿਨ ਨਾਲ ਉਸ ਦੀ ਨਿੱਘੀ ਨੇੜਤਾ ਸੀ। ਅਮਰੀਕਾ ਵਿਚ ਗ਼ਦਰੀਆਂ ਨਾਲ ਉਸ ਦਾ ਨੇੜਲਾ ਸਬੰਧ ਭਾਰਤ ਦੀ ਆਜ਼ਾਦੀ ਖ਼ਾਤਰ ਬਣੀ ਮਿੱਤਰਤਾ ਵੀ ਸੰਸਥਾ ਕਾਰਨ ਸੀ। ਐਮ.ਐਨ. ਰੌਏ ਦੀ ਉਹ ਕੱਟੜ ਵਿਰੋਧੀ ਸੀ ਜਿਸ ਨੇ ਅਮਰੀਕਾ ਤੋਂ ਜੁਟਾਈ ਮਾਇਆ ਨਾਲ ਮੈਕਸੀਕੋ ਵਿਚ ਉਥੋਂ ਦੀ ਕਮਿਊਨਿਸਟ ਪਾਰਟੀ ਬਣਾ ਲਈ ਸੀ। ਵਰਿੰਦਰ ਨਾਥ ਚਟੋਪਾਧੀਆ ਨਾਲ ਆਪਣੇ ਸਰੀਰਕ ਸਬੰਧਾਂ ਦੀ ਉਹ ਖੁਲ੍ਹੱਮ ਖੁਲ੍ਹਾ ਗੱਲ ਕਰਦੀ ਸੀ। ਉਹ ਸਰੋਜਿਨੀ ਨਾਇਡੋ ਦਾ ਭਰਾ ਸੀ ਅਤੇ ਭਾਰਤ ਤੋਂ ਜਲਾਵਤਨ ਹੋਣ ਕਾਰਨ ਬਰਲਿਨ ਵਿਚ ਰਹਿੰਦਾ ਸੀ। ਭਾਸ਼ਾਵਾਂ ਵਿਚ ਉਸ ਦੀ ਬਹੁਤ ਦਿਲਚਸਪੀ ਸੀ ਅਤੇ ਇਸੇ ਆਧਾਰ 'ਤੇ ਬਾਅਦ ਵਿਚ ਉਹ ਸੋਵੀਅਤ ਰੂਸ ਜਾ ਵਸਿਆ ਸੀ। ਸ਼ੱਕੀ ਹਾਲਾਤ ਵਿਚ ਉਥੇ ਉਸ ਦੀ ਮੌਤ ਹੋ ਗਈ ਸੀ। ਐਗਨਸ ਸਮੈਡਲਿ ਵਧੇਰੇ ਬਰਲਿਨ ਧੜੇ ਦਾ ਪੱਖ ਪੂਰਦੀ ਸੀ, ਰੌਏ ਦੇ ਟਾਕਰੇ ਵਿਚ ਚਟੋਪਾਧੀਆ ਨੂੰ ਦਰੁਸਤ ਦਰਸਾਂਦੀ ਸੀ। ਗਦਰੀਆਂ ਦੀ ਕੀਰਤੀ ਵਲ ਓਨਾ ਧਿਆਨ ਨਹੀਂ ਦਿੰਦੀ ਸੀ। ਇਸ ਦਾ ਸਬੂਤ ਉਸ ਦੇ ਨਾਵਲ ਤੋਂ ਵੀ ਮਿਲ ਜਾਂਦਾ ਹੈ ਜੋ ਉਸ ਦੀ ਜਾਤੀ ਜ਼ਿੰਦਗੀ ਤੇ ਆਧਾਰਤ ਹੈ। ਪੰਜਾਬੀ ਵਿਚ ਇਸ ਦਾ ਨਾਂ ਬਣਦਾ ਹੈ 'ਧਰਤੀ ਦੀ ਜਾਈ' ਜਿਸ ਵਿਚ ਜੋ ਦੋ ਸਿੱਖ ਪਾਤਰ ਹਨ, ਉਨ੍ਹਾਂ ਦੀ ਪਛਾਣ ਗ਼ਦਰੀਆਂ ਵਿਚੋਂ ਕਿਸੇ ਨਾਲ ਨਹੀਂ ਮਿਲਦੀ। ਆਨੰਦ ਨਾਂ ਦਾ ਪਾਤਰ ਤਾਂ ਇਕ ਦਮ ਵਰਿੰਦਰ ਨਾਥ ਚਟੋਪਾਧੀਆ ਦਿਸ ਪੈਂਦਾ ਹੈ।

? ਇਕ ਤਰ੍ਹਾਂ ਨਾਲ ਭਾਈ ਸੰਤੋਖ ਸਿੰਘ, ਰਤਨ ਸਿੰਘ ਅਤੇ ਉਨ੍ਹਾਂ ਦੇ ਤੀਜੇ ਸਹਿਯੋਗੀ ਦਾ ਪੰਜਾਬ ਗਰੁੱਪ ਸੀ। ਤੁਹਾਡੀ ਗੱਲ ਤੋਂ ਲੱਗਦਾ ਹੈ ਕਿ ਰੌਏ ਦੀ ਇਨ੍ਹਾਂ ਵੱਲ ਕੋਈ ਸਵੱਲੀ ਨਜ਼ਰ ਨਹੀਂ ਸੀ। ਬਰਲਿਨ ਗਰੁੱਪ ਤੋਂ ਦੂਰੀ ਬਣੀ ਹੋਈ ਸੀ। ਕਿਸ ਤਰ੍ਹਾਂ ਦਾ ਵਿਹਾਰ ਸੀ, ਉਨ੍ਹਾਂ ਦਾ ਇਸ ਮੋੜ ਤੇ ਜਦ ਲੈਨਿਨ ਦਾ ਦਿਹਾਂਤ ਹੋ ਚੁੱਕਾ ਸੀ ਅਤੇ ਰੂਸ ਦੀ ਕਮਿਊਨਿਸਟ ਪਾਰਟੀ ਅਤੇ ਕੁਮਿਨਟਰਨ ਵੀ ਦੋ ਧੜਿਆਂ ਵਿਚ ਵੱਟ ਚੁੱਕੇ ਸਨ?

– ਲੈਨਿਨ ਦਾ ਇਹ ਵੱਡਾ ਗੁਣ ਸੀ ਕਿ ਵਿਚਾਰਾਂ ਦੇ ਟਕਰਾਅ ਨੂੰ ਉਹ ਅਮੋੜ ਟੱਕਰ ਵਿਚ ਨਹੀਂ ਸੀ ਬਦਲਣ ਦਿੰਦਾ। ਆਪਣੀ ਅਲੌਕਿਕ ਪ੍ਰਤਿਭਾ ਅਤੇ ਵਿਸ਼ਾਲ ਅਨੁਭਵ ਦੇ ਸਹਾਰੇ ਉਹ ਨਵਾਂ ਰਾਹ ਲੱਭ ਲੈਂਦਾ ਸੀ, ਮੌਲਿਕ ਨੀਤੀ ਘੜ ਲੈਂਦਾ ਸੀ। ਉਸ ਦੇ ਦਿਹਾਂਤ ਮਗਰੋਂ ਟਰਾਟਸਕੀ ਦੀ ਹਉਮੈ ਅਤੇ ਸਟਾਲਿਨ ਦੇ ਹੱਠ ਵਿਚਕਾਰ ਅਮੋੜ ਟੱਕਰ ਬਣੀ ਜਿਸ ਦੇ ਮਾਰੂ ਨਤੀਜਿਆਂ ਤੋਂ ਜਾਣੂ ਕਰਵਾਉਣ ਦਾ ਕੇਵਲ ਅਨਤੋਨੀਓ ਗ੍ਰਾਮਸ਼ੀ ਨੇ ਹੀ ਸਾਹਸ ਕੀਤਾ। ਬਾਕੀ ਸਭ, ਰੂਸੀ ਅਤੇ ਵਿਦੇਸ਼ੀ ਨੇਤਾ, ਇਕ ਜਾਂ ਦੂਜੇ ਧੜੇ ਵਿਚ ਸ਼ਾਮਲ ਹੋ ਗਏ। ਐਮ ਐਨ ਰੌਏ ਮਿਸਾਲ ਦੇ ਤੌਰ 'ਤੇ ਟਰਾਟਸਕੀ ਵੱਲ ਝੁਕ ਗਿਆ ਅਤੇ ਅਲੱਗ ਥਲੱਗ ਹੋ ਕੇ ਰਹਿ ਗਿਆ। ਸਟਾਲਿਨ ਦੇ ਧੜੇ ਦਾ ਪਾਰਟੀ ਦੇ 'ਤੇ ਕਬਜ਼ਾ ਸੀ ਅਤੇ ਬਹੁਤ ਨੇਤਾ ਇਸ ਦੇ ਪੱਖ ਵਿਚ ਹੋ ਗਏ। ਪੰਜਾਬ ਗਰੁੱਪ ਨੇ, ਬਿਨਾਂ ਕਿਸੇ ਧੜੇ ਵਿਚ ਰਲਣ ਦੇ, ਆਪਣੇ ਦੇਸ਼ ਖਾਸ ਕਰ ਕੇ ਪੰਜਾਬ ਵਿਚ ਜੋ ਨੀਤੀ ਪ੍ਰਬਲ ਹੋ ਸਕਦੀ ਸੀ, ਉਸ ਦੀ ਰੂਪ ਰੇਖਾ ਉਘਾੜਣ ਵਲ ਹੀ ਬਹੁਤਾ ਧਿਆਨ ਦਿੱਤਾ। ਇਕ ਪ੍ਰਕਾਰ ਦੀ ਨਿਰਲੇਪਤਾ ਸੀ ਜੋ ਉਨ੍ਹਾਂ ਬਣਾਈ ਰੱਖੀ। ਇਹ ਸ਼ਾਇਦ ਗੁਰਬਾਣੀ ਪ੍ਰਭਾਵ ਅਧੀਨ ਉਹ ਅਜਿਹਾ ਕਰ ਸਕੇ। ਗ੍ਰਾਮਸ਼ੀ ਵਲੋਂ ਦਿਤੀ ਚੇਤਾਵਨੀ ਵਾਂਗ ਉਤਮ ਤਾਂ ਨਹੀਂ ਸੀ ਪਰ ਉਨ੍ਹਾਂ ਦੇ ਹਿੱਤ ਲਈ ਯੋਗ ਸੀ।

? : ਇਸ ਨੀਤੀ ਦੀ ਰੂਪ ਰੇਖਾ ਕਿਹੋ ਜਿਹੀ ਸੀ? ਸੰਤੋਖ ਸਿੰਘ ਅਤੇ ਰਤਨ ਸਿੰਘ ਨੇ ਫਿਰ ਇਸ 'ਤੇ ਕਿਸ ਤਰ੍ਹਾਂ ਪਹਿਰਾ ਦਿਤਾ?

– ਇਸ ਨੀਤੀ ਅਨੁਸਾਰ ਭਾਈ ਸੰਤੋਖ ਸਿੰਘ ਪੰਜਾਬ ਮੁੜ ਆਇਆ, ਜਿਥੇ ਪਹੁੰਚ ਕੇ ਪਹਿਲਾਂ ਤਾਂ ਉਸ ਨੇ ਸਹਿਯੋਗੀਆਂ ਨਾਲ ਸੰਪਰਕ ਬਣਾਉਣਾ ਸੀ। ਫਿਰ ਕਿਰਤੀ ਪਾਰਟੀ ਦੀ ਨੀਂਹ ਰੱਖਣੀ ਅਤੇ 'ਕਿਰਤੀ' ਰਸਾਲਾ ਛਾਪਣਾ ਆਰੰਭ ਕਰਨਾ ਸੀ। ਪਰ ਪੰਜਾਬ ਪਹੁੰਚਣਾ ਕੋਈ ਸਹਿਜ ਅਤੇ ਸਰਲ ਗੱਲ ਨਹੀਂ ਸੀ। ਚੱਪੇ ਚੱਪੇ 'ਤੇ ਸੂਹੀਏ ਉਸ ਵਰਗੇ ਗਦਰ ਨਾਲ ਸਬੰਧਤ ਰਹਿ ਚੁੱਕੇ ਬੰਦਿਆਂ ਦੀ ਭਾਲ ਵਿਚ ਸਨ, ਖਾਸ ਕਰ ਕੇ ਉਨ੍ਹਾਂ ਦੀ ਭਾਲ ਵਿਚ ਜੋ ਸੋਵੀਅਤ ਰੂਸ ਤੋਂ ਅਫਗਾਨਿਸਤਾਨ ਦੀ ਸਰਹੱਦ ਰਾਹੀਂ ਦਾਖਲ ਹੁੰਦੇ ਸਨ। ਇਸ ਯਤਨ ਵਿਚ ਉਹ ਵੀ ਉਨ੍ਹਾਂ ਦੇ ਹੱਥ ਲੱਗ ਗਿਆ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੇ ਆਪਣੇ ਪਿੰਡ ਦਾ ਨਾਂ ਤਾਂ

ਠੀਕ ਦੱਸਿਆ ਪਰ ਆਪ ਦਾ ਨਾਂ ਕੁਝ ਹੋਰ ਦੱਸ ਦਿਤਾ। ਜਦੋਂ ਉਸ ਨੂੰ ਪਿੰਡ ਲਿਆਂਦਾ ਗਿਆ ਤਾਂ ਉਸ ਦਾ ਅਸਲੀ ਨਾਂ ਪ੍ਰਗਟ ਹੋ ਗਿਆ। ਇਸ ’ਤੇ ਪੁਲਸੀਆਂ ਨੇ ਉਸ ਦਾ ਕੁਟਾਪਾ ਅਰੰਭ ਕਰ ਦਿਤਾ ਅਤੇ ਉਸ ਦੀ ਨਾਜ਼ੁਕ ਸਿਹਤ ਲਈ ਪੁਲੀਸ ਦੀ ਕੁੱਟ ਅਸਲੋਂ ਹੀ ਖਤਰਨਾਕ ਸਿੱਧ ਹੋਈ। ਕੁਝ ਮਹੀਨੇ ਤਾਂ ਉਸ ਨੂੰ ਜੇਲ੍ਹ ਵਿਚ ਬੰਦ ਰੱਖਿਆ ਗਿਆ ਅਤੇ ਫਿਰ ਪਿੰਡ ਵਿਚ ਨਜ਼ਰਬੰਦ ਕਰ ਦਿਤਾ ਗਿਆ। ਨਤੀਜੇ ਵਜੋਂ ਤਪਦਿਕ ਜੋ ਉਸ ਸਮੇਂ ਅਸਾਧ ਰੋਗ ਮੰਨੀ ਜਾਂਦੀ ਸੀ, ਉਸ ਦੇ ਪੱਲੇ ਆ ਪਈ। ਦੋ ਪੁੱਤਾਂ ਦੇ ਜਨਮ ਸਮੇਂ ਹੀ ਮਰ ਜਾਣ ਕਾਰਨ ਉਸ ਨੂੰ ਬਹੁਤ ਮਾਨਸਿਕ ਦੁੱਖ ਪਹੁੰਚਾ ਜਿਸ ਨੇ ਉਸ ਦੀ ਆਪਣੀ ਬੀਮਾਰੀ ਨੂੰ ਲਾ-ਇਲਾਜ ਕਰ ਕੇ ਰੱਖ ਦਿਤਾ।

? : ਫਿਰ ਕਿਰਤੀ’ ਰਸਾਲੇ ਦਾ ਛਪਣਾ ਅਤੇ ਕਿਰਤੀ ਕਿਸਾਨ ਪਾਰਟੀ ਦੀ ਨੀਂਹ ਰੱਖੇ ਜਾਣ ਦਾ ਕਾਰਜ ਕਿਵੇਂ ਸਿਰੇ ਲੱਗਾ?

– ਜਦ ਪਿੰਡ ਵਿਚ ਨਜ਼ਰਬੰਦ ਰਹਿਣ ਦੀ ਮਿਆਦ ਪੂਰੀ ਹੋ ਗਈ ਤਾਂ ਭਾਈ ਸੰਤੋਖ ਸਿੰਘ ਨੇ ਅੰਮ੍ਰਿਤਸਰ ਆਪਣਾ ਟਿਕਾਣਾ ਕਰ ਲਿਆ। ਮਾਸਟਰ ਤਾਰਾ ਸਿੰਘ ਨੇ ਮਿਸ਼ਨਰੀ ਸਕੂਲ ਵਿਚ ਉਸ ਦੀ ਰਹਾਇਸ਼ ਦਾ ਪ੍ਰਬੰਧ ਕਰ ਦਿਤਾ। ਇਥੋਂ ਆਪਣੇ ਕਾਰਜ ਨੂੰ ਸੰਪੰਨ ਕਰਨਾ ਉਸ ਲਈ ਸੰਭਵ ਹੋ ਗਿਆ। ਉਸ ਦੇ ਸਿਰੜ ਦਾ ਇਹ ਪ੍ਰਮਾਣ ਹੀ ਸੀ ਕਿ ਭਾਰਤ ਵਿਚ ਜਿਥੇ ਕਿਤੇ ਵੀ ਕੋਈ ਇਤਿਹਾਸਕ ਮਹੱਤਵ ਵਾਲਾ ਇਕੱਠ ਹੁੰਦਾ, ਉਹਨੇ ਉਸ ਦੀ ਨਿਰਖ ਪਰਖ ਲਈ ਜਾਣਾ ਆਰੰਭ ਕਰ ਦਿਤਾ। ਨਾਗਪੁਰ ਹੋਏ ਕਾਂਗਰਸ ਦੇ ਸਾਲਾਨਾ ਸਮਾਗਮ ’ਤੇ ਵੀ ਪਹੁੰਚਾ ਜਿਸ ਦਾ ਬੜੀ ਸੂਝ ਨਾਲ ਨਿਰਣਾ ਕਰ ਕੇ ਉਸ ਨੇ ਆਪਣੇ ਰਸਾਲੇ ਵਿਚ ਛਾਪਿਆ। ਅੰਤਰ ਰਾਸ਼ਟਰੀ ਸਥਿਤੀ ’ਤੇ ਵੀ ਨਜ਼ਰ ਰੱਖੀ ਅਤੇ ਇਸ ਦਾ ਸਰਲ ਜਿਹਾ ਵਿਸ਼ਲੇਸ਼ਣ ਪੇਸ਼ ਕੀਤਾ। ਪਰ ਉਸ ਦਾ ਸਭ ਤੋਂ ਹਿਰਦੇਵੇਦਕ ਲੇਖ ਸੀ ਪਰ ਉਪਕਾਰ’ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਬੰਧਤ ਸੀ। ਧਾਰਮਿਕ ਤੋਂ ਵਿਚਾਰਧਾਰਕ ਅਤੇ ਰਸੀਲੀ ਤੋਂ ਸੰਜੀਦਾ ਬਣ ਰਹੀ ਪੰਜਾਬੀ ਗਦ ਦਾ ਇਹ ਲੇਖ ਵਧੀਆ ਨਮੂਨਾ ਸੀ। ਕਿਰਤੀ’ ਲਈ ਉਸ ਦੀ ਸੰਪਾਦਨਾ ਦੇ ਕੁਝ ਮਹੀਨੇ ਹੀ ਰਾਖਵੇਂ ਸਨ। ਜਦ ਉਸ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਤਦ ਵੀ ਕੁਝ ਨਾ ਕੁਝ ਉਸ ਦਾ ਇਸ ਵਿਚ ਛਪਦਾ ਰਿਹਾ, 1927 ਦੇ ਪਹਿਲੇ ਅੱਧ ਵਿਚ ਉਸ ਦੇ ਦਿਹਾਂਤ ਤਕ ਜਦੋਂ ਉਸ ਦੀ ਉਮਰ ਅਜੇ ਚੌਂਤੀ ਸਾਲ ਸੀ।

? : ਇਸ ਨੀਤੀ ਅਨੁਸਾਰ ਭਾਈ ਰਤਨ ਸਿੰਘ ਦੇ ਜ਼ਿੰਮੇ ਕਿਸ ਤਰ੍ਹਾਂ ਦਾ ਕਾਰਜ ਲੱਗਾ? ਉਸ ਦਾ ਦਿਹਾਂਤ ਕਿਵੇਂ ਹੋਇਆ?

– ਜਿਹੜੇ ਬੰਦੇ ਕੁਝ ਸਾਲ ਪਹਿਲਾਂ ਗਦਰ ਦੇ ਹਮਦਰਦ ਸਨ ਪਰ ਇਸ ਦੇ ਅਸਫਲ ਹੋ ਜਾਣ ਕਾਰਨ ਘਰੀਂ ਬੈਠ ਗਏ ਸਨ, ਉਨ੍ਹਾਂ ਨੂੰ ਬਦਲਵੀਂ ਰਾਜਸੀ ਨੀਤੀ ਵੱਲ ਰੁਚਿਤ ਕਰਨ ਦਾ ਕੰਮ ਭਾਈ ਰਤਨ ਸਿੰਘ ਦੇ ਜ਼ਿੰਮੇ

ਲੱਗਾ। ਕੁਝ ਉਨ੍ਹਾਂ ਵਿਚੋਂ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਜਾ ਵੱਸੇ ਸਨ ਅਤੇ ਸ਼ਾਦੀਆਂ ਕਰਵਾ ਕੇ ਘਰੇਲੂ ਜ਼ਿੰਮੇਵਾਰੀਆਂ ਤਕ ਸੀਮਤ ਹੋ ਗਏ ਸਨ। ਰਾਜਸੀ ਖੇਤਰ ਵਿਚ ਉਨ੍ਹਾਂ ਨੂੰ ਅਕਰਮਕ ਤੋਂ ਸਕਰਮਕ ਬਣਾਉਣ ਦਾ ਇਹ ਅਣਥੱਕ ਯਤਨ ਸੀ। ਭਾਈ ਰਤਨ ਸਿੰਘ ਨੇ ਬੜੀ ਸਿਰੜ ਨਾਲ ਇਸ ਨੂੰ ਨੇਪਰੇ ਚਾੜ੍ਹਣ ਦਾ ਉਪਰਾਲਾ ਕੀਤਾ ਅਤੇ ਜੋ ਸੱਚਮੁਚ ਹੀ ਸਰਗਰਮ ਹੋਣ ਦੇ ਇਛੁੱਕ ਸਨ, ਉਨ੍ਹਾਂ ਨੂੰ ਸਿਖਲਾਈ ਖਾਤਰ ਸੋਵੀਅਤ ਰੂਸ ਪਹੁੰਚਾਣ ਵਿਚ ਵਿਚੋਲੇ ਦਾ ਕਰਤੱਵ ਨਿਭਾਇਆ। ਇਸ ਸਦਕਾ ਉਸ ਦੀ ਰਾਜਸੀ ਹਲਕਿਆਂ ਵਿਚ ਕਾਫੀ ਪਛਾਣ ਵੀ ਬਣੀ। ਸਾਮਰਾਜ ਵਿਰੋਧੀ ਲੀਗ ਵਿਚ ਉਸ ਨੂੰ ਭਾਰਤੀ ਪ੍ਰਤੀਨਿੱਧ ਵਜੋਂ ਲਿਆ ਗਿਆ। ਸਾਲ ਦੋ ਸਾਲ ਪਹਿਲਾਂ ਜਵਾਹਰ ਲਾਲ ਨਹਿਰੂ ਨੂੰ ਇਹ ਪਦ ਪਰਾਪਤ ਹੋਇਆ ਸੀ ਪਰ ਰਾਜਸੀ ਮਤਭੇਦ ਕਾਰਨ ਉਹ ਇਸ ਦੋਂ ਵੱਖ ਹੋ ਗਿਆ ਸੀ। ਭਟਕਣ ਸਮੇਤ ਭਾਈ ਰਤਨ ਸਿੰਘ ਦਾ ਕਾਰਜ ਬਹੁਤ ਦੁਸ਼ਵਾਰੀ ਵਾਲਾ ਸੀ, ਖਾਸ ਕਰ ਕੇ ਜਦ ਜਰਮਨੀ ਵਿਚ ਕਮਿਊਨਿਸਟਾਂ ਦੀ ਵੱਡੇ ਪੱਧਰ ’ਤੇ ਹੱਤਿਆ ਹੋ ਚੁੱਕੀ ਸੀ ਅਤੇ ਇਟਲੀ ਵਿਚ ਫਾਸ਼ੀਵਾਦ ਦੀ ਚੜ੍ਹ ਮੱਚ ਗਈ ਸੀ। ਇਸ ਦੁਸ਼ਵਾਰੀ ਦਾ ਨਤੀਜਾ ਇਹ ਨਿਕਲਿਆ ਕਿ ਰੋਮ ਵਿਚ ਅਗਿਆਤ ਵਿਚਰਦੇ ਦਾ ਉਸ ਦਾ ਦੇਹਾਂਤ ਹੋ ਗਿਆ।

? ਦੋਵਾਂ ਦੀ ਤੁਲਨਾ ਆਪੇਖਿਆ ਵਜੋਂ ਤੁਸੀਂ ਕੀ ਕਹਿਣਾ ਚਾਹੋਗੇ?

– ਮੇਰੇ ਖਿਆਲ ਵਿਚ ਦੋਨਾਂ ਦੇ ਯਤਨ ਮਹਾਂ ਬਿਰਤਾਂਤ ਦਾ ਪਰਿਪੇਖ ਧਾਰਨ ਕਰਨਾ ਲੋੜਦੇ ਸਨ। ਭਾਈ ਸੰਤੋਖ ਸਿੰਘ ਦਾ ਉਸ ਵਾਹੀਕਾਰ ਵਜੋਂ ਜੋ ਸੰਸਾਰ ਭਰ ਵਿਚ ਰਾਹੀਗੀਰ ਰਹਿ ਕੇ ਆਪਣੇ ਟਿਕਾਣੇ ’ਤੇ ਮੁੜ ਆਉਂਦਾ ਹੈ। ਖੇਤਰੀ ਆਕਾਰ ਵਾਲੇ ਆਪਣੇ ਕਾਰਜ ਨੂੰ ਵਿਸ਼ਵ ਵਿਆਪੀ ਪਾਸਾਰ ਵਿਚ ਢਾਲਣ ਦਾ ਤਾਂਘਵਾਨ ਹੈ। ਭਾਈ ਰਤਨ ਸਿੰਘ ਦਾ ਕਾਰਜ ਉਸ ਰਾਹੀਗੀਰ ਵਾਲਾ ਬਣ ਜਾਂਦਾ ਹੈ ਜੋ ਵਣਜਕਾਰ ਬਣ ਕੇ ਖੇਤਰੀ ਆਕਾਰ ਵਾਲੇ ਆਪਣੇ ਸਹਿਯੋਗੀ ਦੇ ਕਾਰਜ ਨੂੰ ਵਿਸ਼ਵ ਵਿਆਪੀ ਪਾਸਾਰ ਦੇਣ ਲਈ ਹਰ ਸੰਭਵ ਯੋਗਦਾਨ ਪਾਉਂਦਾ ਹੈ। ਉਨ੍ਹਾਂ ਦੇ ਇਸ ਯਤਨ ਨੂੰ ਸਿਖਰ ਤਕ ਜਾਣਾ ਨਸੀਬ ਨਹੀਂ ਹੁੰਦਾ। ਕਿੰਨੀਆਂ ਰਾਜਸੀ, ਸਮਾਜਕ, ਸਭਿਆਚਾਰਕ ਅਤੇ ਧਾਰਮਕ ਔਕੜਾਂ ਹਨ ਜੋ ਇਤਿਹਾਸ ਦੀ ਚਾਲ ਇਸ ਦੇ ਸਨਮੁਖ ਖੜੀਆਂ ਕਰ ਦਿੰਦੀ ਹੈ। ਲੋਕ ਮਨ ਵਿਚ ਉਨ੍ਹਾਂ ਦੀ ਮਾਣਤਾ ਉਜਵਲ ਕੀ ਹੋਣੀ ਸੀ, ਪਛਾਣ ਵੀ ਧੁੰਦਲੀ ਜਹੀ ਬਣਦੀ ਹੈ ਜਿਸ ਦਾ ਦੋਸ਼ ਉਨ੍ਹਾਂ ਦੇ ਸਿਰ ਧਰਨਾ ਮੂਲੋਂ ਹੀ ਆਯੋਗ ਹੈ।

? ਭਾਈ ਸੰਤੋਖ ਸਿੰਘ ਦੇ ਯਤਨਨ ਦੀ ਤੁਲਨਾ ਵਿਚ ਸਰਦਾਰ ਭਗਤ ਸਿੰਘ ਦੀ ਸ਼ਹਾਦਤ ਤੁਹਾਨੂੰ ਕਿਸ ਤਰ੍ਹਾਂ ਲੱਗਦੀ ਹੈ?

– ਸਰਦਾਰ ਭਗਤ ਸਿੰਘ ਦੀ ਸ਼ਹਾਦਤ ਅਜਿਹੀ ਮਹਾਂ ਘਟਨਾ ਸੀ ਜਿਸ ਨੇ ਦੇਸ਼ ਵਿਚ ਹਰ ਤਬਕੇ, ਖਾਸ ਕਰ ਕੇ ਨੌਜਵਾਨਾਂ ਨੂੰ ਚੁੰਧਿਆ ਕੇ ਰੱਖ

ਦਿਤਾ। ਉਹ ਸੁਹਣਾ ਸੁਨੱਖਾ, ਲੰਮਾ ਲੰਝਾ ਨੌਜਵਾਨ ਸੀ, ਜਿਸ ਵਰਗੇ ਨੂੰ ਲੋਕ ਮਨ ਵਿਚ ਪ੍ਰੇਮ ਨਾਲ ਓਤਪੋਤ ਜੀਵਨ ਜਿਉਣ ਦਾ ਅਧਿਕਾਰੀ ਮੰਨਿਆ ਜਾਂਦਾ ਹੈ। ਉਸ ਦੇ ਪਰਿਵਾਰਕ ਪਿਛੋਕੜ, ਦਾਦੇ ਅਤੇ ਬਾਪ ਦੇ ਬਸਤੀਵਾਦ ਵਿਰੋਧ, ਇਕ ਚਾਚੇ ਦੀ ਜਲਾਵਤਨੀ ਅਤੇ ਦੂਜੇ ਦੀ ਜੇਲ੍ਹ ਵਿਚ ਮੌਤ, ਚਾਚੀਆਂ ਦੀਆਂ ਖੌਫਨਾਕ ਸਰਗੋਸ਼ੀਆਂ ਨੇ ਅਜਿਹੀ ਘਟਨਾ ਘਟਾਉਣ ਲਈ ਉਤਸਾਹਿਤ ਕਰ ਦਿਤਾ ਜਿਸ ਦੇ ਨਾਲ ਹੀ ਉਸ ਦਾ ਗੁਣ ਗਾਇਣ ਵੀ ਆਰੰਭ ਹੋ ਗਿਆ। ਇਸ ਘਟਨਾ ਨਾਲ ਕਿਸੇ ਮਹਾਂ ਬਿਰਤਾਂਤ ਦਾ ਜੁੜਨਾ ਲੋਕ ਮਨ ਨੂੰ ਬੇਲੋੜਾ ਜਾਪਿਆ। ਭਗਤ ਸਿੰਘ ਦੀ ਵਿਰਾਸਤ ਲਈ ਇਸ ਦਾ ਮਾਰੂ ਪਰਿਣਾਮ ਇਹ ਹੋਇਆ ਹੈ ਕਿ ਹਰੇਕ ਧਿਰ, ਫਿਰਕੂ, ਗੈਰ ਫਿਰਕੂ, ਅਗਾਂਹਵਧੂ, ਪਿਛਾਂਹ ਖਿਚੂ, ਉਸ ਵਲੋਂ ਘਟਾਈ ਮਹਾਂ ਘਟਨਾ ਨੂੰ ਆਪਣੇ ਹਿੱਤ ਲਈ ਵਰਤ ਲੈਂਦੀ ਹੈ। ਇਹ ਉਸ ਦੀ ਸ਼ਹਾਦਤ ਦੀ ਦੁਰਵਰਤੋਂ ਹੈ ਜਿਸ ਤੋਂ ਇਸ ਨੂੰ ਮੁਕਤ ਕਰਨਾ ਹੈ ਤਾਂ ਬਹੁਤ ਮੁਹਾਲ ਪਰ ਜ਼ਰੂਰੀ ਵੀ ਘੱਟ ਨਹੀਂ। ਤਸੱਲੀ ਵਾਲੀ ਗੱਲ ਇਹ ਹੈ ਕਿ ਭਾਈ ਸੰਤੋਖ ਸਿੰਘ ਦਾ ਯਤਨ, ਇਸ ਪ੍ਰਕਾਰ ਦੀ ਦੁਰਵਰਤੋਂ ਦੇ ਵਸ ਨਹੀਂ ਪੈਂਦਾ। ਇਸ ਨੇ ਉਸ ਦੀ ਮੱਧਮ ਜਹੀ ਪਛਾਣ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ ਜਦਕਿ ਭਗਤ ਸਿੰਘ ਦੀ ਅਸੀਮ ਮਹਿਮਾ ਨੇ ਉਸ ਦੀ ਪਛਾਣ ਨੂੰ ਅਸੁਰੱਖਿਅਤ ਕਰ ਛੱਡਿਆ ਹੈ।

? ਹੁਣ ਤੱਕ ਇਸ ਮੱਧਮ ਪਛਾਣ ਨੂੰ ਰੌਸ਼ਨ ਬਣਾਉਣ ਦਾ ਕੋਈ ਯਤਨ ਨਹੀਂ ਹੋਇਆ?

–ਹੁਣ ਆ ਕੇ ਬੜਾ ਭਰਪੂਰ ਯਤਨ ਹੋਇਆ ਹੈ। ਡਾ. ਤਜਿੰਦਰ ਵਿਰਲੀ ਨੇ ਅਜਿਹਾ ਆਪਣੀ ਕਿਤਾਬ ਭਾਈ ਸੰਤੋਖ ਸਿੰਘ ਕਿਰਤੀ ਵਿਚ ਕਰ ਦਿਖਾਇਆ ਹੈ। ਕੁੱਝ ਸਾਲ ਪਹਿਲਾਂ ਭਾਈ ਸੰਤੋਖ ਸਿੰਘ ਬਾਰੇ ਇਕ ਕਿਤਾਬਚਾ ਛਪਿਆ ਸੀ। ਉਸ ਦੇ ਜੀਵਨ ਬਾਰੇ ਸਰਲ ਜਹੀ ਜਾਣਕਾਰੀ ਦੇ ਕੇ ਕਿਰਤੀ ਵਿਚ ਛਪੇ ਉਸ ਦੇ ਲੇਖਾਂ ਨੂੰ ਇਕੱਠਾ ਕਰ ਦਿੱਤਾ ਗਿਆ ਸੀ ਜੋ ਚੰਗੀ ਗੱਲ ਸੀ। ਪਰ ਜੋ ਡਾ. ਵਿਰਲੀ ਨੇ ਕੀਤਾ ਹੈ, ਉਹ ਤਾਂ ਅਸਲੋਂ ਹੀ ਉੱਚ ਪਾਏ ਦਾ ਕੰਮ ਹੈ। ਬੜੀ ਮਿਹਨਤ ਅਤੇ ਸਿਰੜ ਨਾਲ ਉਸ ਨੇ ਉਹ ਸਾਰੇ ਸਰੋਤ ਵਰਤੋਂ ਵਿਚ ਲਿਆਂਦੇ ਹਨ, ਜਿਨ੍ਹਾਂ ਦਾ ਭਾਈ ਸੰਤੋਖ ਸਿੰਘ ਦੀ ਕੀਰਤੀ ਨਾਲ ਸਬੰਧ ਜੁੜਦਾ ਹੈ। ਉਨ੍ਹਾਂ ਦੀ ਵਿਆਖਿਆ ਵੀ ਦਰੁਸਤ ਦਿਸ਼ਾ ਵਿਚ ਕੀਤੀ ਗਈ ਹੈ। ਇਸ ਵਿਚੋਂ ਦਗ ਦਗ ਕਰਦੀ ਭਾਈ ਸਾਹਿਬ ਦੀ ਜਾਤੀ ਜ਼ਿੰਦਗੀ ਤਾਂ ਨਹੀਂ ਉਭਰਦੀ। ਬਾਅਦ ਵਿਚ ਪਰ ਜੋ ਉਸ ਦੇ ਪਰਿਵਾਰਕ ਜੀਆਂ ਨਾਲ ਗੱਲਬਾਤ ਹੁੰਦੀ ਹੈ, ਉਹ ਇਸ ਘਾਟ ਨੂੰ ਪੂਰਾ ਕਰ ਦਿੰਦੀ ਹੈ। ਉਸ ਦੀ ਨੂੰਹ ਦੀ ਗੱਲ ਤਾਂ ਇਕ ਵਾਰ ਹਲੂਣ ਕੇ ਰੱਖ ਦਿੰਦੀ ਹੈ।

? ਆਪਣੇ ਇਕ ਲੇਖ ਨਾਟਕਾਂ ਅਤੇ ਫਿਲਮਾਂ ਵਿਚ ਭਗਤ ਸਿੰਘ' ਵਿਚ

ਤੁਸੀਂ ਕਿਹਾ ਸੀ ਕਿ ਭਾਈ ਸੰਤੋਖ ਸਿੰਘ ਤੇ ਸ਼ਹੀਦ ਭਗਤ ਸਿੰਘ ਵਿਚਕਾਰ ਇਕ ਦੂਰੀ ਬਣੀ ਰਹੀ ਜੋ ਤੁਹਾਨੂੰ ਭੇਤਭਰੀ ਲੱਗੀ ਸੀ। ਕੀ ਇਸ ਦਾ ਹੁਣ ਭੇਤ ਖੁੱਲ੍ਹਦਾ ਹੈ?

–ਇਸ ਲੇਖ ਵਿਚ ਸੰਕੇਤ ਕਰਨ ਤੋਂ ਪਹਿਲਾਂ ਮੈਂ ਇਹ ਗੱਲ ਸ਼ਹੀਦ ਭਗਤ ਸਿੰਘ ਬਾਰੇ ਹੋਏ ਸ਼ਤਾਬਦੀ ਸੈਮੀਨਾਰ ਵਿਚ ਕਹੀ ਸੀ। ਕਿਸੇ ਕੋਲੋਂ, ਸਮੇਤ ਭਗਤ ਸਿੰਘ ਦੇ ਭਾਣਜੇ ਡਾ. ਜਗਮੋਹਨ ਸਿੰਘ ਦੇ, ਮੈਨੂੰ ਤਸੱਲੀਬਖ਼ਸ਼ ਜਾਣਕਾਰੀ ਨਹੀਂ ਸੀ ਮਿਲੀ। ਡਾ. ਵਿਰਲੀ ਦੀ ਕਿਤਾਬ ਵਿਚ ਲਿਖਤੀ ਦੇ ਨਾਲ ਮੌਖਿਕ ਸਰੋਤ ਵਰਤੇ ਗਏ ਹਨ। ਇਸ ਮੌਖਿਕ ਸਰੋਤ, ਅੰਸ਼ਿਕ ਰੂਪ ਵਿਚ ਸਹੀ, ਇਸ ਘੁੰਡੀ ਨੂੰ ਖੋਲ੍ਹਦਾ ਜਾਪਦਾ ਹੈ। ਇਸ ਅਨੁਸਾਰ ਜਦ ਭਾਈ ਸੰਤੋਖ ਸਿੰਘ ਅਸ਼ਾਧ ਰੋਗ ਤੋਂ ਬੁਰੀ ਤਰ੍ਹਾਂ ਪੀੜਤ ਸੀ, ਉਸ ਨੂੰ ਖ਼ੂਨ ਦੀਆਂ ਉਲਟੀਆਂ ਆਉਂਦੀਆਂ ਸਨ, ਤਾਂ ਉਸ ਨੂੰ ਭਗਤ ਸਿੰਘ ਵਲੋਂ ਲਿਖਿਆ ਖ਼ਤ ਆਇਆ ਜੋ ਉਸ ਨੂੰ ਬਹੁਤ ਅਣਉਚਿਤ ਲੱਗਿਆ। ਉਸ ਨੇ ਇਸ ਨੂੰ ਸਾਂਭਣਯੋਗ ਨਾ ਪਾਇਆ।

? ਕੀ ਸੀ ਉਸ ਖ਼ਤ ਵਿਚ ਜੋ ਭਾਈ ਸੰਤੋਖ ਸਿੰਘ ਨੂੰ ਅਣਉਚਿੱਤ ਲੱਗਾ?

–ਜਿਸ ਸੱਜਣ ਨੇ ਇਹ ਖ਼ਤ ਪੜ੍ਹ ਕੇ ਸੁਣਾਇਆ, ਉਸ ਅਨੁਸਾਰ ਭਗਤ ਸਿੰਘ ਨੇ ਭਾਈ ਸੰਤੋਖ ਸਿੰਘ ਦੀ ਰਾਜਸੀ ਨੀਤੀ ਨੂੰ ਬਿਦੇਸ਼ੀ ਪ੍ਰੇਰਣਾ ਵਾਲੀ ਕਿਹਾ ਸੀ ਅਤੇ ਚਮਤਕਾਰੀ ਘਟਨਾ ਕਰ ਦੇਣ ਵਾਲੀ ਆਪਣੀ ਨੀਤੀ ਨੂੰ ਯੋਗ ਠਹਿਰਾਇਆ ਸੀ। ਉਸ ਨੂੰ ਇਹ ਭੁੱਲ ਗਿਆ ਸੀ ਕਿ ਚਮਤਕਾਰੀ ਘਟਨਾ ਘਟਾ ਦੇਣ ਵਾਲੀ ਉਸ ਦੀ ਆਪਣੀ ਨੀਤੀ ਵੀ ਅਰਾਜਕਤਾ ਤੋਂ ਪ੍ਰੇਰਿਤ ਸੀ। ਜ਼ਾਹਰਾ ਤੌਰ 'ਤੇ ਇਸ ਨੂੰ ਲੋਕਧਾਰਾ ਦੇ ਨਾਇਕਾਂ ਨਾਲ ਜੋੜਿਆ ਜਾ ਸਕਦਾ ਸੀ ਪਰ ਬਾਤਨੀ ਤੌਰ 'ਤੇ ਯੂਰਪ ਦਾ ਅਰਾਜਕਤਾਵਾਦੀ ਸਿਧਾਂਤ ਸੀ ਜਿਸ ਤੋਂ ਇਸ ਨੂੰ ਪ੍ਰੇਰਣਾ ਮਿਲਦੀ ਸੀ। ਜੇ ਫਾਂਸੀ ਲੱਗਣ ਤੋਂ ਪਹਿਲਾਂ ਉਹ ਆਪ ਲੈਨਿਨ ਦੀ ਕੋਈ ਲਿਖਤ ਪੜ੍ਹਨ ਵਿਚ ਲੱਗਾ ਹੋਇਆ ਸੀ ਤਾਂ ਉਹ ਵੀ ਬਿਦੇਸੀ ਸੀ ਜੋ ਉਸ ਨੂੰ ਭਾਰਤ ਵਿਚ ਵਿੱਢੇ ਸੰਘਰਸ਼ ਲਈ ਬਹੁਤ ਪ੍ਰਸੰਗਕ ਲੱਗੀ ਸੀ।

? ਇਸ ਤਰ੍ਹਾਂ ਸੋਚ ਕੇ ਭਗਤ ਸਿੰਘ ਦੇ ਇਤਰਾਜ਼ ਨੂੰ ਕਿਥੋਂ ਤਕ ਉਚਿਤ ਮੰਨਿਆ ਜਾ ਸਕਦਾ ਹੈ? ਭਾਈ ਸੰਤੋਖ ਸਿੰਘ ਦੀ ਰਾਜਸੀ ਨੀਤੀ ਬਾਰੇ ਕੀ ਨਿਰਣਾ ਬਣਾਇਆ ਜਾਵੇ?

–ਤੱਥ ਦੇ ਪੱਧਰ 'ਤੇ ਹੀ ਭਗਤ ਸਿੰਘ ਦੀ ਧਾਰਨਾ ਨੂੰ ਉਚਿਤ ਮੰਨਿਆ ਜਾ ਸਕਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗ਼ਦਰ ਦੇ ਅਸਫਲ ਰਹਿ ਜਾਣ ਮਗਰੋਂ ਭਾਈ ਸਾਹਿਬ ਨੇ ਨਵੇਂ ਢੰਗ ਨਾਲ ਸੰਘਰਸ਼ ਵਿੱਢਣ ਦਾ ਸੋਚਿਆ ਹੋਵੇਗਾ। ਉਸ ਸਮੇਂ ਉਹ ਅਮਰੀਕਾ ਦੀ ਧਰਤੀ 'ਤੇ ਵਿਚਰ ਰਿਹਾ ਸੀ। ਨਵੀਂ ਰਾਜਸੀ ਨੀਤੀ ਦੀ ਰੂਪ ਰੇਖਾ ਵੀ ਉਸ ਨੇ ਅਤੇ ਭਾਈ ਰਤਨ ਸਿੰਘ ਨੇ ਸੋਵੀਅਤ ਰੂਸ ਵਿਚ ਠਹਿਰਾਵ ਦੌਰਾਨ ਬਣਾਈ। ਇਸ ਵਿਚ

ਲੈਨਿਨ ਦੀ ਵਿਚਾਰਧਾਰਾ ਤੋਂ ਸੇਧ ਵੀ ਮਿਲੀ ਹੋਵੇਗੀ। ਲੈਨਿਨ ਦੇ ਪ੍ਰਭਾਵ ਅਧੀਨ, ਉਸ ਵੇਲੇ ਕੁਮਿਨਟਰਨ ਦੀ ਨੀਤੀ ਸੰਸਾਰ ਦੇ ਕੁੱਲ ਦੇਸ਼ਾਂ ਨੂੰ ਤਾਰਾਮੰਡਲ ਵਾਂਗ ਸਮਝਣ ਦੀ ਸੀ। ਹਰੇਕ ਦੇਸ਼ ਵਿਚ ਉਸ ਦੇ ਇਤਿਹਾਸ, ਸਭਿਆਚਾਰ, ਸਮਾਜ ਤੇ ਅਰਥ ਵਿਵਸਥਾ ਦੀ ਲੋਅ ਵਿਚ ਕ੍ਰਾਂਤੀਕਾਰੀ ਸੰਘਰਸ਼ ਵਿੱਢਣ ਦੀ ਸੀ। ਸੋਵੀਅਤ ਰੂਸ ਨੂੰ ਸੰਸਾਰ ਭਰ ਵਿਚ ਆਉਣ ਵਾਲੀ ਕ੍ਰਾਂਤੀ ਦਾ ਕੇਂਦਰ ਜਾਣ ਕੇ, ਬਾਹਰਲੇ ਦੇਸ਼ਾਂ ਵਿਚ ਚਲਾਏ ਜਾਣ ਵਾਲੇ ਸੰਘਰਸ਼ਾਂ ਦਾ ਉਦੇਸ਼ ਉਸਦੀ ਸੁਰੱਖਿਆ ਨੂੰ ਨਿਰਪੇਖ ਮੰਨਣਾ ਨਹੀਂ ਸੀ। ਇਸ ਕਾਰਨ ਉਸ ਵਲੋਂ ਮਿਲੀ ਪ੍ਰੇਰਣਾ ਦੇ ਅੰਤਰ-ਪ੍ਰੇਰਣਾ ਵਿਚ ਵਿਕਸਤ ਹੋ ਜਾਣ ਦਾ ਇਕਰਾਰ ਬਰਾਬਰ ਬਣਿਆ ਰਹਿੰਦਾ ਸੀ। ਇਹ ਉਸ ਅਮਲ ਦਾ ਸੱਚ ਸੀ ਜਿਸ ’ਤੇ ਵਿਚਰ ਕੇ ਇਹ ਭਗਤ ਸਿੰਘ ਵਲੋਂ ਉਠਾਏ ਇਤਰਾਜ਼ ਦਾ ਅਧਿਕਾਰੀ ਨਹੀਂ ਸੀ ਰਹਿੰਦਾ।

ਜਿਵੇਂ ਪਰਉਪਾਰ’ ਨਾਮੀਂ ਉਸ ਦੇ ਲੇਖ ਤੋਂ ਪਰਤੱਖ ਹੋ ਜਾਂਦਾ ਹੈ, ਗੁਰੂ ਅਰਜਨ ਦੇਵ ਦੀ ਸ਼ਹਾਦਤ ਉਸ ਲਈ ਬਹੁਤ ਮਹੱਤਵ ਅਤੇ ਮੁੱਲ ਰੱਖਦੀ ਸੀ। ਉਸਦੀ ਨਜ਼ਰ ਵਿਚ ਇਹ ਚਮਤਕਾਰੀ ਘਟਨਾ ਨਹੀਂ ਸੀ ਸਗੋਂ ਗੁਰੂ ਨਾਨਕ ਦੀ ਦ੍ਰਿਸ਼ਟੀ ਦੀ ਇਤਿਹਾਸਕ ਪੱਧਰ ’ਤੇ ਚਰਮ ਸੀਮਾਂ ਸੀ। ਪਾਪ ਕੀ ਜੰਞ’ ਲਿਆ ਕੇ ਬਾਬਰ ਨੇ ਜੋ ਸਲਤਨਤ ਕਾਇਮ ਕੀਤੀ ਸੀ, ਗੁਰੂ ਸਾਹਿਬ ਦੀ ਸ਼ਹਾਦਤਤ ਨੇ ਉਸ ਨੂੰ ਡੋਲਣ ਲਗਾ ਦਿੱਤਾ ਸੀ। ਇਸ ਆਧਾਰ ’ਤੇ ਮੇਰਾ ਤਾਂ ਇਹ ਅਨੁਮਾਨ ਬਣਦਾ ਹੈ ਕਿ ਜੇ ਭਾਈ ਸਾਹਿਬ ਨੂੰ ਸੋਵੀਅਤ ਰੂਸ ਜਾਣਾ ਨਾ ਵੀ ਨਸੀਬ ਹੁੰਦਾ, ਲੈਨਿਨ ਤੋਂ ਪ੍ਰੇਰਣਾ ਲੈਣ ਦਾ ਮੌਕਾ ਨਾ ਵੀ ਮਿਲਦਾ, ਤਦ ਵੀ ਉਸ ਨੇ ਪੰਜਾਬ ਅਤੇ ਭਾਰਤ ਦੀ ਸਮਾਜਕ, ਸਭਿਆਚਾਰਕ ਤੇ ਭਾਈਚਾਰਕ ਪ੍ਰਸਥਿਤੀ ਦੇ ਅਨੁਕੂਲ ਕੋਈ ਉਚਿਤ ਨੀਤੀ ਘੜ ਲੈਣੀ ਸੀ। ਸੋਵੀਅਤ ਰੂਸ ਵਿਚ ਵਿਚਰਣ, ਕਾਰਲ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹਨ ਅਤੇ ਲੈਨਿਨ ਦੀ ਪ੍ਰੇਰਣਾ ਤੋਂ ਬਿਨਾਂ ਭਾਵੇਂ ਉਹ ਪੂਰੀ ਤਰ੍ਹਾਂ ਸਪਸ਼ੱਟ ਨਾ ਹੁੰਦੀ।

ਸੱਤਰ ਦੇ ਦਹਾਕੇ ਵਿੱਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਘਰ ਰਹਿੰਦਿਆਂ ਮੇਰਾ ਕੰਮ ਉਹਨਾਂ ਦੇ ਬੇਟੇ ‘ਕਾਕੂ’ ਨੂੰ ਪੜ੍ਹਾਉਣਾ ਸੀ, ਪਰ ਸੇਖੋਂ ਸਾਹਿਬ ਨੇ ਮੈਨੂੰ ਕੁੱਝ ਨਾਟਕ ‘ਸਾਰ’ ਲਿਖਣ ਲਈ ਵੀ ਦੇ ਦਿੱਤੇ ਸਨ। ਨਾਟਕ ਪੜ੍ਹ ਕੇ ਮੈਂ ਉਨ੍ਹਾਂ ਦੇ ਸਾਰ ਤਾਂ ਲਿਖਦਾ ਹੀ ਸਾਂ, ਨਾਲ ਹੀ ਉਨ੍ਹਾਂ ਨਾਟਕਾਂ ਉੱਪਰ ਕੁੱਝ ਟਿੱਪਣੀਆਂ ਵੀ ਲਿਖ ਦਿੰਦਾ ਸਾਂ। ਸੇਖੋਂ ਸਾਹਿਬ ਨੂੰ ਉਨ੍ਹਾਂ ਦੇ ਭਾਣਜੇ ਡਾ. ਤੇਜਵੰਤ ਗਿੱਲ ਅਕਸਰ ਮਿਲਣ ਆਉਂਦੇ ਸਨ। ਉਨ੍ਹਾਂ ਇਹ ਟਿੱਪਣੀਆਂ ਪੜ੍ਹੀਆਂ, ਇਹਨਾਂ ਟਿੱਪਣੀਆਂ ਰਾਹੀਂ ਸਾਡੀ ਆਪਸੀ ਜਾਣ-ਪਹਿਚਾਣ ਦਾ ਸਬੱਬ ਬਣਿਆ। ਇਸ ਤੋਂ ਪਹਿਲਾਂ ਮੈਂ ਡਾ. ਤੇਜਵੰਤ ਗਿੱਲ ਦੀਆਂ ਕੁੱਝ ਲਿਖਤਾਂ ਵੀ ਪੜ੍ਹੀਆਂ ਹੋਈਆਂ ਸਨ ਤੇ ਉਨ੍ਹਾਂ ਦੀ ਵਿਦਵਤਾ ਦਾ ਕਾਇਲ ਸਾਂ। ਇਸ ਤੋਂ ਮਗਰੋਂ ਉਨ੍ਹਾਂ ਨਾਲ ਸਾਹਿਤ ਦੇ ਕਈ ਮਹੱਤਵਪੂਰਨ ਮਾਮਲਿਆਂ ਤੇ ਗੰਭੀਰ ਗੱਲਬਾਤ ਹੁੰਦੀ ਰਹੀ। ਮੇਰੀ ਕੋਸ਼ਿਸ਼ ਰਹੀ ਕਿ ਗੱਲਬਾਤ ਦਾ ਲਿਖਤੀ ਰੂਪ ਤਿਆਰ ਕਰ ਲਿਆ ਜਾਵੇ। ਗੱਲ-ਬਾਤਾਂ ਦੇ ਇਸੇ ਸਿਲਸਿਲੇ ਵਿੱਚੋਂ ਹੀ ਇਹ ਪੁਸਤਕ ਨਿੱਕਲੀ ਹੈ, ਜਿਹੜੀ ਸਾਹਿਤ ਸਿਰਜਣਾ ਅਤੇ ਸਾਹਿਤ ਚਿੰਤਨ ਨੂੰ ਨਿਰੰਤਰਤਾ ਵਿੱਚ ਸਮਝਣ ਪੱਖੋਂ ਵੀ ਅਹਿਮ ਹੈ ਅਤੇ ਇਸ ਪੱਖੋਂ ਵੀ ਅਹਿਮ ਹੈ ਕਿ ਇਸ ਵਿੱਚ ਸਾਹਿਤ ਦੇ ਅਨੇਕਾਂ ਅਣਛੋਹੇ ਪੱਖਾਂ ਨੂੰ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

—ਰਮਨ